Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post

TOP 4% TREB REALTOR 2018
Buy With $0 Down Program
"Believe In The Best" ROYAL CANADIAN
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
MLS MULTIPLE LISTING SERVICE
Hardeep Sivia BROKER
647-970-7374
www.HardeepSivia.com

Vol 18 *Issue 234 Friday, December 06, 2019 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper THE ONLY DAILY PUNJABI NEWS ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ


# ਰਾਜ ਭਾਸ਼ਣ ਵਿੱਚ ਘੱਟ ਗਿਣਤੀ ਲਿਬਰਲ ਸਰਕਾਰ ਵੱਲੋਂ ਸਾਂਝਾ ਆਧਾਰ ਲੱਭ ਕੇ ਕੰਮ ਕਰਨ ਦਾ ਵਾਅਦਾ

ਓਟਵਾ, 5 ਦਸੰਬਰ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ 43ਵੇਂ ਪਾਰਲੀਆਮੈਂਟ ਸੈਸ਼ਨ ਦੀ ਸ਼ੁਰੂਆਤ ਉਸ ਰਾਜ ਭਾਸ਼ਣ ਨਾਲ ਕੀਤੀ ਜਾ ਰਹੀ ਹੈ ਜਿਸ ਵਿੱਚ ਉਨ੍ਹਾਂ ਨੀਤੀਆਂ ਦਾ ਜ਼ਿਕਰ ਹੈ ਜਿਨ੍ਹਾਂ ਰਾਹੀਂ ਘੱਟਗਿਣਤੀ ਲਿਬਰਲ ਸਰਕਾਰ ਹੋਰਨਾਂ ਪਾਰਟੀਆਂ ਨਾਲ ਰਲ ਕੇ ਸਾਂਝਾ ਆਧਾਰ ਲੱਭ ਸਕਦੀ ਹੈ।



ਨਵੇਂ ਸੈਸ਼ਨ ਦੀ ਸ਼ੁਰੂਆਤ ਵਿੱਚ ਸਰਕਾਰ ਵੱਲੋਂ ਇਹ ਵਾਅਦਾ ਕੀਤਾ ਗਿਆ ਹੈ ਕਿ ਉਹ ਹੋਰਨਾਂ ਪਾਰਟੀਆਂ ਨਾਲ ਰਲ ਕੇ ਚੋਣ ਕੈਂਪੇਨ ਦੌਰਾਨ ਆਪਣੇ ਵੱਲੋਂ ਕੀਤੇ ਵਾਅਦਿਆਂ ਨੂੰ ਪੂਰਾ ਕਰਨਗੇ। ਟਰੂਡੋ ਤੇ ਉਨ੍ਹਾਂ ਦੀ ਟੀਮ ਵੱਲੋਂ ਤਿਆਰ ਕੀਤਾ ਗਿਆ ਰਾਜ ਭਾਸ਼ਣ ਸੈਨੇਟ ਵਿੱਚ ਮਹਾਰਾਣੀ ਦੀ ਨੁਮਾਇੰਦਗੀ ਕਰਨ ਵਾਲੀ ਗਵਰਨਰ ਜਨਰਲ ਜੂਲੀ ਪੇਯੇਟੇ ਵੱਲੋਂ ਪੜ੍ਹਿਆ ਗਿਆ। ਇਸ ਰਾਜ ਭਾਸ਼ਣ ਵਿੱਚ ਕਲਾਈਮੇਟ ਚੇਂਜ ਤੇ ਮੱਧ ਵਰਗ ਲਈ ਟੈਕਸਾਂ ਵਿੱਚ ਕਟੌਤੀਆਂ ਤੋਂ ਲੈ ਕੇ ਫਾਰਮਾਕੇਅਰ ਤੇ ਗੰਨ ਕੰਟਰੋਲ ਬਾਰੇ ਸਰਕਾਰ ਵੱਲੋਂ ਚੁੱਕੇ ਜਾਣ ਵਾਲੇ ਕਦਮਾਂ ਦਾ ਜ਼ਿਕਰ ਕੀਤਾ ਗਿਆ ਸੀ। ਮੁੱਖ ਤੌਰ ਉੱਤੇ ਇਸ ਰਾਜ ਭਾਸ਼ਣ ਵਿੱਚ ਲਿਬਰਲਾਂ ਦਾ ਵਿਧਾਨਕ ਏਜੰਡਾ ਹੀ ਲੁਕਿਆ ਹੋਇਆ ਸੀ। ਭਾਵੇਂ ਕਲਾਈਮੇਟ ਚੇਂਜ, ਮੱਧ ਵਰਗ ਦੇ ਹੱਥ ਮਜਬੂਤ ਕਰਨਾ, ਮੂਲਵਾਸੀਆਂ ਨਾਲ ਸੁਲ੍ਹਾ ਦੇ ਰਾਹ ਉੱਤੇ ਤੁਰਨਾ, ਕੈਨੇਡੀਅਨਾਂ ਨੂੰ ਸੇਫ ਤੇ ਸਿਹਤਮੰਦ ਰੱਖਣਾ ਤੇ ਦੁਨੀਆ ਵਿੱਚ ਕੈਨੇਡਾ ਦਾ ਵੱਖਰਾ ਮੁਕਾਮ ਬਣਾਉਣਾ ਆਦਿ ਪਹਿਲਾਂ ਵਾਲੇ ਹੀ ਮੁੱਦੇ ਹਨ ਪਰ ਇਸ ਵਾਰੀ ਘੱਟ ਗਿਣਤੀ ਸਰਕਾਰ ਹੋਣ ਕਰਕੇ ਲਿਬਰਲਾਂ ਦੀ ਸੁਰ ਵਿੱਚ ਨਰਮੀ ਦਾ ਝਲਕਾਰਾ ਮਿਲਿਆ। 2017 ਵਿੱਚ ਗਵਰਨਰ ਜਨਰਲ ਦਾ ਅਹੁਦਾ ਸਾਂਭਣ ਵਾਲੀ ਸਾਬਕਾ ਐਸਟ੍ਰੋਨੌਟ ਪੇਯੇਟੇ ਨੇ ਪਹਿਲੀ ਵਾਰੀ ਰਾਜ ਭਾਸ਼ਣ ਪੜ੍ਹਦਿਆਂ ਆਖਿਆ ਕਿ ਇਸ ਗੱਲ ਦਾ ਉਨ੍ਹਾਂ ਨੂੰ ਪੂਰਾ ਵਿਸ਼ਵਾਸ ਹੈ ਕਿ ਜੇ ਕੋਈ ਦੂਜਿਆਂ ਨਾਲ ਰਲ ਕੇ ਕੰਮ ਕਰਨ ਲਈ, ਉੱਚੇ ਟੀਚਿਆਂ ...ਬਾਕੀ ਪੰਨਾ 6 'ਤੇ

## ਗੁਰਦੁਆਰਾ ਰੋੜੀ ਸਾਹਿਬ, ਐਮਨਾਆਬਾਦ, ਗੁਜਰਾਂਵਾਲਾ



ਕੈਨੇਡੀਅਨ ਪੰਜਾਬੀ ਪੋਸਟ ਵੱਲੋਂ ਪਾਕਿਸਤਾਨੀ ਸਕਾਲਰ ਅਤੇ ਖੋਜੀ ਮੁਹੰਮਦ ਇਕਬਾਲ ਕੈਸਰ ਦੀ ਪੁਸਤਕ 'ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ' ਲੜੀਵਾਰ ਛਾਪੀ ਜਾ ਰਹੀ ਹੈ। ਲੜੀ ਨੂੰ ਜੋੜਨ ਲਈ ਪਿਛਲੇ ਅੰਕ ਦੇਖੇ ਜਾ ਸਕਦੇ ਹਨ। ਪਾਠਕ ਇਸ ਲੜੀ ਨੂੰ ਸਾਡੀ ਵੈੱਬਸਾਈਟ punjabipost.ca 'ਤੇ ਦੇਸ਼ ਤੇ ਦੁਨੀਆਂ ਵਾਲੇ ਕੌਲਮ 'ਚ ਪੜ੍ਹ ਸਕਦੇ ਹਨ। ਅੱਜ ਦੀ ਇਤਿਹਾਸਿਕ ਤਸਵੀਰ ਗੁਰਦੁਆਰਾ ਰੋੜੀ ਸਾਹਿਬ, ਐਮਨਾਆਬਾਦ ਦੀ ਹੈ। ..... ਪੂਰੀ ਜਾਣਕਾਰੀ ਪੰਨਾ 8 'ਤੇ ਪੜ੍ਹੋ।

## ਰੀਗਨ ਦੀ ਥਾਂ ਰੋਟਾ ਬਣੇ ਹਾਊਸ ਆਫ ਕਾਮਨਜ਼ ਦੇ ਸਪੀਕਰ

ਓਟਵਾ, 5 ਦਸੰਬਰ (ਪੋਸਟ ਬਿਊਰੋ) : ਲਿਬਰਲ ਐਮਪੀ ਐਂਥਨੀ ਰੋਟਾ ਨੂੰ ਹਾਊਸ ਆਫ ਕਾਮਨਜ਼ ਦਾ ਨਵਾਂ ਸਪੀਕਰ ਚੁਣ ਲਿਆ ਗਿਆ ਹੈ। ਉਨ੍ਹਾਂ ਆਪਣੇ ਸਾਥੀ ਲਿਬਰਲ ਦਾਅਵੇਦਾਰ ਜੈੱਫ ਰੀਗਨ, ਜੋ ਕਿ ਪਿਛਲੇ ਪਾਰਲੀਆਮੈਂਟ ਸੈਸ਼ਨ ਦੌਰਾਨ ਸਪੀਕਰ ਸਨ ਤੇ ਅੱਗੇ ਵੀ ਬਣਨਾ ਚਾਹੁੰਦੇ ਸਨ, ਨੂੰ ਹਰਾ ਕੇ ਇਹ ਅਹੁਦਾ ਹਾਸਲ ਕੀਤਾ। ਉੱਤਰੀ ਓਨਟਾਰੀਓ ਦੇ ਨਿਪੀਸਿੰਗ-ਟਿਮਿਸਕੇਮਿੰਗ ਹਲਕੇ ਦੇ ਨੁਮਾਇੰਦੇ 58 ਸਾਲਾ ਰੋਟਾ ਪਿਛਲੀ ਪਾਰਲੀਆਮੈਂਟ ਵਿੱਚ ਡਿਪਟੀ ਸਪੀਕਰ ਸਨ। ਇਸ ਵਾਰੀ ਰੋਟਾ ਦੀ ਚੋਣ ਇਹ ਦਰਸਾਉਂਦੀ



ਹੈ ਕਿ ਲਿਬਰਲਾਂ ਦੇ ਘੱਟ ਗਿਣਤੀ ਰਹਿ ਜਾਣ ਉਪਰੰਤ ਮੁੱਖ ਵਿਰੋਧੀ ਧਿਰ ਕਿਸ ਤਰ੍ਹਾਂ ਆਪਣੇ ਪਾਸੇ ਸੁੱਟਦੀ ਹੈ। 121 ਸੀਟਾਂ ਜਿੱਤਣ ਵਾਲੇ ਕੰਜ਼ਰਵੇਟਿਵਾਂ ਕੋਲ ਐਣੀ ਸਟਰੈਂਥ ਨਹੀਂ ਸੀ ਕਿ ਉਹ ਇਸ ਅਹੁਦੇ ਉੱਤੇ ਕਿਸੇ ਆਪਣੇ ਨੂੰ ਚੁਣ ਸਕਦੇ। ...ਬਾਕੀ ਪੰਨਾ 6 'ਤੇ

## ਹੁਣ ਓਨਟਾਰੀਓ ਦੇ ਕੈਥੋਲਿਕ ਅਧਿਆਪਕ ਹੜਤਾਲ ਦੇ ਰਾਹ ਪਏ!

ਟੋਰਾਂਟੋ, 5 ਦਸੰਬਰ (ਪੋਸਟ ਬਿਊਰੋ) : ਵਿੰਟਰ ਬ੍ਰੇਕ ਨੂੰ ਲੈ ਕੇ ਓਨਟਾਰੀਓ ਦੇ ਕੈਥੋਲਿਕ ਟੀਚਰਜ਼ ਕਾਨੂੰਨੀ ਤੌਰ ਉੱਤੇ ਹੜਤਾਲ ਦੀ ਸਥਿਤੀ ਵਿੱਚ ਹਨ। ਉਨ੍ਹਾਂ ਕੋਲ ਹਾਲ ਦੀ ਘੜੀ ਕੋਈ ਜੌਬ ਐਕਸ਼ਨ ਪਲੈਨ ਨਹੀਂ ਹੈ ਇਸ ਲਈ ਉਨ੍ਹਾਂ ਦੀ ਯੂਨੀਅਨ ਦਾ ਕਹਿਣਾ ਹੈ ਕਿ ਇਹ ਸਰਕਾਰ ਦੀਆਂ ਅੱਖਾਂ ਖੋਲ੍ਹਣ ਲਈ ਵੱਡਾ ਸਬਕ ਹੋਣਾ ਚਾਹੀਦਾ ਹੈ। ਓਨਟਾਰੀਓ ਇੰਗਲਿਸ਼ ਕੈਥੋਲਿਕ ਟੀਚਰਜ਼ ਐਸੋਸਿਏਸ਼ਨ ਨੇ ਦੱਸਿਆ ਕਿ ਉਨ੍ਹਾਂ ਨੂੰ ਨੋ ਬੋਰਡ ਸਬੰਧੀ ਰਿਪੋਰਟ ਹਾਸਲ ਹੋਈ ਹੈ, ਜਿਸ ਕਾਰਨ ਉਹ




21 ਦਸੰਬਰ ਨੂੰ ਕਾਨੂੰਨੀ ਤੌਰ ਉੱਤੇ ਹੜਤਾਲ ਦੀ ਸਥਿਤੀ ਵਿੱਚ ਪਹੁੰਚ ਜਾਣਗੇ। ਯੂਨੀਅਨ ਨੇ ਸ਼ੁੱਕਰਵਾਰ ਨੂੰ ਇਸ ਰਿਪੋਰਟ ਸਬੰਧੀ ਦਰਖ਼ਾਸਤ ਕੀਤੀ ਸੀ। ਉਨ੍ਹਾਂ ਇਹ ਵੀ ਦੱਸਿਆ ਕਿ ਵਿਚੋਲੇ ਦੀ ਮਦਦ ਨਾਲ ਸਰਕਾਰ ਨਾਲ ਕਾਂਟਰੈਕਟ ...ਬਾਕੀ ਪੰਨਾ 6 'ਤੇ

Best Insurance Rates
Auto Home Business
Dir: 647-400-2949
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance, Critical Illness Ins, Travel & Visitor Ins, RESP & TFSA & RRSP, Super Visa Insurance, Mortgage Insurance, Disability Insurance, Funeral Insurance
SIMRAN SAINI 416.994.7272
www.allkindinsurance.com

INSURANCE
Home, Auto, Business, Trucking, Life Insurance, Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance, Life & Disability, Critical illness, RESP, Visitor & Travel insurance
(416-845-1352) Manwinder Mangat
Aaxel Insurancebrokers Ltd.

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration, Real Estate / Commercial Law, Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

ਰੈਨੋਵੇਸ਼ਨ, ਡਿਜ਼ਾਇਨ ਜਾਂ ਕੰਸਟ੍ਰੱਕਸ਼ਨ ਲਈ
ANGLECON CONSTRUCTION
Fully Insured | Team of licensed trades | Quality work & on-time insured
RESIDENTIAL: ਕਸਟਮ ਮੇਡ ਘਰ, ਘਰਾਂ ਦੀ ਪੂਰੀ ਤਸਲੀਬਖ਼ਸ਼ ਰੈਨੋਵੇਸ਼ਨ, ਲੀਗਲ ਬੈਸਮੈਂਟ
COMMERCIAL: New store design & build, Lease hold Improvements, Medical, offices, retail, restaurants & salon
FAST TRACK PERMIT & CONSTRUCTION 437.219.5009 info@anglecon.ca
BRAMPTON • MISSISSAUGA • ETOBICOKE • OAKVILLE
ਬਰੈਂਪਟਨ • ਮਿਸੀਸਾਗਾ • ਇਟੋਬੀਕੋਕ • ਓਕਵਿਲ

INSURANCE
Auto | Home | Business | Trucking | Life
ਇੰਸ਼ੋਰੈਂਸ ਦੇ ਵਧੀਆ ਰੇਟ
Best rates & Best Coverage
RAJESH SOOD (RAJ) CAIB (hons.), MBA (finance), RIBO
ਸੰਪਰਕ ਕਰੋ: 416-908-6237
Unit 1, 30 Topflight dr., Mississauga

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ 905.796.7500
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
Custom Kitchen Cabinets, Completly Furnished, Legal Basement, Painting & Flooring
Jaswant Sehmbi: 647.524.0885

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | Avon Financial Inc. Brokerage Lic. 12538
Cell: 416-841-4218 Tel: 905-216-5563
Harpreet Singh Goraya
831 Bovaird Dr. West, Unit 25, Brampton, ON L6X 0T9 Fax : 905-216-0392

SNOW PLOWING & SALTING SERVICES
WE SERVICE ALL KINDS OF PROPERTIES
Truck & Trailer parking yards, Plazas & Industrial buildings, Banquet halls & restaurants, Gas stations & repair shops, Offices & Clinics
We are Professional, Reliable & Experienced
AAA LANDSCAPING 647-784-1213

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Super Visa Insurance, Visitor Visa Insurance, Travel Insurance, Student Insurance, New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

CN Forklift Training Center
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

KELLEY LAW OFFICE
Immigration, Family Law, Corporate, Real Estate, Business Closing, Wills & Estate, Power of Attorney/Affidavit /Attestations
www.kelleylaw.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

Royal Pest Control
Residential Commercial Industrial
Specialist in Bedbugs Service
All Pest Control : Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call : PARESH PATEL 416 938 4598

MANN LAW FIRM
Real Estate Law, Business Law, Wills & Estates, Family Law, Power of Attorney, Civil Litigation, Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
KSG Pest Control Inc. 647.990.3205
www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator


NOW
HIRING
U.S. CROSS BORDER
SINGLES & TEAMS
AND CANADIAN TEAMS
| US Singles $0.64/mile
| US Teams $0.66/mile
| Canadian teams $0.62/mile
LIGHT SPEED Logistics Inc.
OUR FAMILY WELCOMES YOU
| U.S. Singles – Dedicated Truck
| Desirable Lanes to the U.S.
| U.S. Teams – New Dedicated Truck
| Canadian Teams – New Dedicated Truck
| Comprehensive Company Benefits
| Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


Data everywhere.
No surprise charges
anywhere.
NEW
NATION-WIDE. NO ZONES.
TALK, TEXT & DATA PLANS
$35/MO.
chatr
AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

AMAN TRAVEL
SPECIAL FARES TO DELHI & AMRITSAR | LAST MINUTE DEALS AVAILABLE
ਅਮਨ ਟਰੈਵਲ
Gaurav Gupta
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr.,
Brampton,
ON L6Y 4X4

## ਅੱਜ ਨਾਮਾ

ਚਰਚਾ ਛਿੜੀ ਪਈ ਆ ਪੂਰੇ ਦੇਸ਼ ਅੰਦਰ,
ਦਿੱਸਦਾ ਨਹੀਂਓਂ ਕਿਸਾਨਾਂ ਨੂੰ ਰਾਹ ਬੇਲੀ।
ਅਫਸਰ ਆਉਂਦਾ ਜਾਂ ਮੰਤਰੀ ਕੋਈ ਆਵੇ,
ਹਰ ਕੋਈ ਦਿੰਦਾ ਈ ਮੁਫਤ ਸਲਾਹ ਬੇਲੀ।
ਅਕਲ ਵੱਲੋਂ ਨਹੀਂ ਘਾਟ ਸਿਆਣਿਆਂ ਦੀ,
ਲਹਿੰਦਾ ਗਲ਼ੋਂ ਨਹੀਂ ਫੇਰ ਆ ਫਾਹ ਬੇਲੀ।
ਮੁਸ਼ਕਲ ਜਿਨ੍ਹਾਂ ਨੂੰ ਬਣੀ ਆ ਰੋਣ-ਪਿੱਟਣ,
ਹੋ ਜਾਏ ਅੰਤ ਵਿੱਚ ਜਾਂਦੀਏ-ਜਾਹ ਬੇਲੀ।
ਜੜ੍ਹੀਂ ਬਹਿ ਗਏ ਨੇ ਝੋਨਾ ਤੇ ਕਣਕ ਦੋਵੇਂ,
ਕਰਜ਼ਾ ਕਿਸ਼ਤ ਜਾਂ ਸੂਦ ਨਹੀਂ ਲਹੇ ਬੇਲੀ।
ਫੜਦਾ ਬਾਂਹ ਕਿਸਾਨ ਦੀ ਕੋਈ ਨਹੀਂ ਤਾਂ,
ਦਰਦ ਅੰਦਰਲਾ ਕੀਹਨੂੰ ਉਹ ਕਹੇ ਬੇਲੀ।

**ਤੀਸ ਮਾਰ ਖਾਂ**

# ਇੰਵੈਸਟਰ ਸੰਮੇਲਨ ਦੌਰਾਨ ਨੌਜਵਾਨ ਨੇ ਮੁੱਖ ਮੰਤਰੀ ਦੇ ਠੀਕ ਸਾਹਮਣੇ ਕੀਤਾ ਹੰਗਾਮਾ

## -ਕਿਹਾ, ਉਸਦੀ ਦੁਕਾਨ 'ਤੇ ਕਬਜ਼ਾ ਕਰ ਲਿਆ ਗਿਐ, ਨਹੀ ਹੋ ਰਹੀ ਸੁਣਵਾਈ

ਚੰਡੀਗੜ੍ਹ, 5 ਦਸੰਬਰ (ਪੋਸਟ ਬਿਊਰੋ)- ਮੰਚ 'ਤੇ ਮੁੱਖ ਮੰਤਰੀ ਅਮਰਿੰਦਰ ਸਿੰਘ ਉਦਮੀਆਂ ਨੂੰ ਸੁਰੱਖਿਆ ਦਾ ਭਰੋਸੇ ਦੇ ਰਹੇ ਸਨ, ਉਦੋਂ ਖੁਦ ਮੁੱਖ ਮੰਤਰੀ ਦੀ ਸੁਰੱਖਿਆ 'ਚ ਸੰਨ੍ਹ ਲੱਗ ਗਿਆ। ਮੋਹਾਲੀ 'ਚ ਇੰਵੈਸਟ ਪੰਜਾਬ ਸੰਮੇਲਨ ਦੌਰਾਨ ਇਕ ਨੌਜਵਾਨ ਨੇ ਭਰੇ ਆਡੀਟੋਰੀਅਮ 'ਚ ਮੁੱਖ ਮੰਤਰੀ ਦੇ ਠੀਕ ਸਾਹਮਣੇ ਆ ਕੇ ਹੰਗਾਮਾ ਮਚਾ ਦਿੱਤਾ। ਨੌਜਵਾਨ ਨੇ ਦੋਸ਼ ਲਗਾਇਆ ਕਿ ਡੇਰਾਬਸੀ 'ਚ ਉਸ ਦੀ ਇਕ ਦੁਕਾਨ 'ਤੇ ਕਬਜ਼ਾ ਕਰ ਲਿਆ ਗਿਆ ਹੈ। ਕੋਈ ਵੀ ਪ੍ਰਸ਼ਾਸਨਿਕ ਅਧਿਕਾਰੀ ਸੁਣਵਾਈ ਨਹੀਂ ਕਰ ਰਿਹਾ ਹੈ। ਇਸ ਲਈ ਮੁੱਖ ਮੰਤਰੀ ਖੁਦ ਇਸ ਮਾਮਲੇ 'ਚ ਦਖਲ ਦੇ ਕੇ ਉਸ ਦੀ ਮਦਦ ਕਰਨ। ਨੌਜਵਾਨ ਨੇ ਮੁੱਖ ਮੰਤਰੀ ਨੂੰ ਆਪਣੀ ਸ਼ਿਕਾਇਤ ਨਾਲ ਸਬੰਧਤ ਕੁੱਝ ਕਾਗਜ ਵੀ ਦਿੱਤੇ। ਉਧਰ, ਇਸ ਹੰਗਾਮੇ ਤੋਂ ਜਾਂਚ ਏਜੰਸੀਆਂ ਦੇ ਹੱਥ-ਪੈਰ ਫੁੱਲ ਗਏ। ਜਲਦਬਾਜ਼ੀ 'ਚ ਸੁਰੱਖਿਆ ਕਰਮੀਆਂ ਨੇ ਜਵਾਨ ਨੂੰ ਫੜ੍ਹ ਕੇ ਬਾਹਰ ਲਿਜਾਣ ਦੀ ਕੋਸ਼ਿਸ਼ ਕੀਤੀ। ਬਾਵਜੂਦ ਇਸ ਦੇ ਨੌਜਵਾਨ ਰੌਲਾ ਮਚਾਉਂਦਿਆਂ ਮੁੱਖ ਮੰਤਰੀ ਨੂੰ ਪੂਰੀ ਸੁਣਾਉਣ 'ਤੇ ਅੜਿਆ ਰਿਹਾ। ਤਦ ਮੁੱਖ ਮੰਤਰੀ ਦੇ ਚੀਫ਼ ਪ੍ਰਿੰਸੀਪਲ ਸੈਕਟਰੀ ਸੁਰੇਸ਼ ਕੁਮਾਰ ਮੌਕੇ 'ਤੇ ਪੁੱਜੇ ਅਤੇ ਨੌਜਵਾਨ ਨੂੰ ਸਮਝਾਉਂਦੇ ਹੋਏ ਬਾਹਰ ਲੈ ਕੇ ਗਏ। ਹੰਗਾਮਾ ਕਰਨ



ਵਾਲੇ ਨੌਜਵਾਨ ਦੀ ਪਹਿਚਾਣ ਡੇਰਾਬਸੀ ਦੇ ਮੁਬਾਰਕਪੁਰ ਨਿਵਾਸੀ ਸੰਦੀਪ ਕੁਮਾਰ ਦੇ ਤੌਰ 'ਤੇ ਹੋਈ ਹੈ। 40 ਸਾਲ ਦੇ ਸੰਦੀਪ ਕੁਮਾਰ ਦੀ ਡੇਰਾਬੱਸੀ 'ਚ ਇਕ ਦੁਕਾਨ ਨੂੰ ਲੈ ਕੇ ਕੁੱਝ ਸਥਾਨਕ ਨਿਵਾਸੀਆਂ ਨਾਲ ਵਿਵਾਦ ਚੱਲ ਰਿਹਾ ਹੈ। ਮੋਹਾਲੀ ਦੇ ਐਸ.ਐਸ.ਪੀ. ਕੁਲਦੀਪ ਸਿੰਘ ਚਹਿਲ ਨੇ ਕਿਹਾ ਕਿ ਹੰਗਾਮਾ ਕਰਨ ਵਾਲੇ ਸੰਦੀਪ ਕੁਮਾਰ ਨਾਮ ਦੇ ਇਸ ਨੌਜਵਾਨ ਦਾ ਡੇਰਾਬਸੀ 'ਚ ਇਕ ਦੁਕਾਨ ਨੂੰ ਲੈ ਕੇ ਵਿਵਾਦ ਚੱਲ ਰਿਹਾ ਹੈ।ਅਜੀਤ ਸਿੰਘ ਨਾਮ ਦੇ ਇਕ ਵਿਅਕਤੀ ਨੇ ਸੰਦੀਪ ਦੀ ਦੁਕਾਨ 'ਤੇ ਤਾਲਾ ਲਗਾ ਦਿੱਤਾ ਹੈ। ਇਹ ਸਿਵਲ ਮਾਮਲਾ ਹੈ, ਜਿਸ 'ਚ ਕੋਰਟ ਦੇ ਹੁਕਮਾਂ ਤੋਂ ਬਾਅਦ ਹੀ ਤਾਲਾ ਖੁਲ੍ਹਵਾਇਆ ਜਾ ਸਕਦਾ ਹੈ। ਪੁਲਸ ਨੇ ਇਸ ਵਿਅਕਤੀ ਨੂੰ ਕਈ ਵਾਰ ਸਮਝਾਇਆ ਹੈ ਅਤੇ ਕਾਨੂੰਨੀ ਕਾਰਜਪ੍ਰਣਾਲੀ ਦੀ ਜਾਣਕਾਰੀ ਦਿੱਤੀ ਹੈ, ਪਰ ਸੰਦੀਪ ਲਗਾਤਾਰ ਪੁਲਸ ਅਤੇ ਪ੍ਰਸ਼ਾਸਨ 'ਤੇ ਦੋਸ਼ ਲਗਾ ਰਿਹਾ ਹੈ।

ਮੋਹਾਲੀ ਦੇ ਡਿਪਟੀ ਕਮਿਸ਼ਨਰ ਗਿਰੀਸ਼ ਦਯਾਲਨ ਨੇ ਕਿਹਾ ਕਿ ਅਸੀ ਕੋਰਟ ਨਾਲ ਜੁੜੇ ਕਿਸੇ ਮਾਮਲੇ 'ਚ ਸਿੱਧੇ ਦਖਲ ਨਹੀਂ ਦੇ ਸਕਦੇ। ਬੇਸ਼ੱਕ ਕੋਰਟ ਨੇ ਕਾਨੂੰਨੀ ਨੁਕਤੇ ਮੁਤਾਬਿਕ ਫਿਲਹਾਲ ਸੰਦੀਪ ਦਾ ਪੱਖ ਭਾਰੀ ਦੱਸਿਆ ਹੈ, ਪਰ ਜ਼ਿਲਾ ਪ੍ਰਸ਼ਾਸਨ ਇਨ੍ਹਾਂ ਆਦੇਸ਼ 'ਤੇ ਕਿਸੇ ਦੁਕਾਨ ਦਾ ਤਾਲਾ ਨਹੀਂ ਤੋੜ ਸਕਦਾ ਹੈ। ਤਾਲਾ ਖੁਲ੍ਹਵਾਉਣ ਲਈ ਵੀ ਕੋਰਟ ਨੂੰ ਹੀ ਆਦੇਸ਼ ਜਾਰੀ ਕਰਨਾ ਹੋਵੇਗਾ। ਇਹ ਨੌਜਵਾਨ ਮੈਨੂੰ ਮਿਲਿਆ ਸੀ, ਪਰ ਅਸੀਂ ਸਪੱਸ਼ਟ ਕਰ ਦਿੱਤਾ ਸੀ ਕਿ ਕੋਰਟ ਦੇ ਹੁਕਮ ਤੋਂ ਬਿਨਾਂ ਦੋ ਆਦਮੀਆਂ ਦੇ ਝਗੜੇ 'ਚ ਪ੍ਰਸ਼ਾਸਨ ਕਾਰਵਾਈ ਨਹੀਂ ਕਰ ਸਕਦਾ ਹੈ। ਸੰਦੀਪ ਦਾ ਕਹਿਣਾ ਹੈ ਕਿ ਪੁਲਸ ਵਾਲੇ ਭੇਜ ਕੇ ਦੁਕਾਨ ਦਾ ਤਾਲਾ ਤੁੜਵਾ ਦਿੱਤਾ ਜਾਵੇ, ਪਰ ਅਜਿਹਾ ਸੰਭਵ ਨਹੀਂ ਹੈ। ਕੋਰਟ ਆਰਡਰ ਕਰੇਗੀ ਤਾਂ ਤਾਲਾ ਤੋੜ ਦਿੱਤਾ ਜਾਵੇਗਾ।

## ਐਫੀਡੇਵਿਟ ਕੇਸ ਵਿਚ ਫੜਨਵੀਸ ਨੂੰ ਸੁਣਵਾਈ ਲਈ ਪੇਸ਼ ਹੋਣ ਤੋਂ ਛੋਟ ਮਿਲੀ

ਨਾਗਪੁਰ, 5 ਦਸੰਬਰ (ਪੋਸਟ ਬਿਊਰੋ)- ਆਪਣੇ ਚੋਣ ਐਫੀਡੇਵਿਟ ਵਿੱਚ ਅਪਰਾਧਕ ਕੇਸਾਂ ਦੀ ਜਾਣਕਾਰੀ ਲੁਕਾਉਣ ਦੇ ਕੇਸ ਵਿੱਚ ਨਾਗਪੁਰ ਦੀ ਅਦਾਲਤ ਨੇ ਮਹਾਰਾਸ਼ਟਰ ਦੇ ਸਾਬਕਾ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੂੰ ਇਸ ਦਿਨ ਲਈ ਨਿੱਜੀ ਤੌਰ 'ਤੇ ਪੇਸ਼ ਹੋਣ ਤੋਂ ਛੋਟ ਦੇ ਦਿੱਤੀ ਸੀ। ਅਗਲੀ ਸੁਣਵਾਈ ਚਾਰ ਜਨਵਰੀ ਨੂੰ ਹੋਵੇਗੀ। ਫੜਨਵੀਸ ਦੇ ਵਕੀਲ ਨੇ ਅਦਾਲਤ ਤੋਂ ਇਸ ਛੋਟ ਦੀ ਮੰਗ ਕੀਤੀ ਸੀ।

ਵਰਨਣ ਯੋਗ ਹੈ ਕਿ ਇਸ ਸ਼ਹਿਰ ਦੇ ਇੱਕ ਵਕੀਲ ਸਤੀਸ਼ ਉਕੇ, ਜਿਨ੍ਹਾਂ ਮੈਜਿਸਟਰੇਟ ਅਦਾਲਤ ਵਿੱਚ ਇਸ ਤੋਂ ਪਹਿਲਾਂ ਅਰਜ਼ੀ ਦਾਇਰ ਕਰਕੇ ਫੜਨਵੀਸ ਵਿਰੁੱਧ ਅਪਰਾਧਕ ਕਾਰਵਾਈ ਦੀ ਮੰਗ ਕੀਤੀ ਸੀ, ਨੇ ਇਸ ਕੇਸ ਦੀ ਜਲਦੀ ਸੁਣਵਾਈ ਦੀ ਅਪੀਲ ਕੀਤੀ ਹੈ। ਸਾਬਕਾ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਦੇ ਵਕੀਲ ਨੇ ਕਿਹਾ ਕਿ ਫੜਨਵੀਸ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਹੋਣ ਕਾਰਨ 16 ਦਸੰਬਰ ਤੋਂ ਅਸੈਂਬਲੀ ਸੈਸ਼ਨ ਵਿੱਚ ਰੁੱਝ ਜਾਣਗੇ। ਵਕੀਲ ਦੀ ਮੰਗ ਸੀ ਕਿ ਸੁਣਵਾਈ ਦੀ ਤਰੀਕ ਸੈਸ਼ਨ ਖਤਮ ਹੋਣ ਤੋਂ ਬਾਅਦ ਰੱਖੀ ਜਾਵੇ। ਸੂਬਾਈ ਵਿਧਾਨ ਸਭਾ ਦਾ ਸਰਦ ਰੁੱਤ ਸੈਸ਼ਨ ਨਾਗਪੁਰ ਵਿੱਚ 16 ਤੋਂ 21 ਦਸੰਬਰ ਤੱਕ ਹੋਵੇਗਾ। ਇਸ ਤੋਂ ਪਹਿਲਾਂ ਵਕੀਲ ਨੇ ਅਦਾਲਤ ਨੂੰ ਦੱਸਿਆ ਸੀ ਕਿ ਫੜਨਵੀਸ ਕਿਸੇ 'ਬੇਹੱਦ ਜ਼ਰੂਰੀ ਕੰਮ' ਕਾਰਨ ਖੁਦ ਹਾਜ਼ਰ ਨਹੀਂ ਹੋ ਸਕਣਗੇ। ਵਕੀਲ ਸਤੀਸ਼ ਉਕੇ ਨੇ ਫੜਨਵੀਸ ਖਿਲਾਫ ਗੈਰ-ਜ਼ਮਾਨਤੀ ਵਾਰੰਟ ਜਾਰੀ ਕਰਨ ਦੀ ਮੰਗ ਕੀਤੀ। ਫੜਨਵੀਸ ਨਾਗਪੁਰ ਤੋਂ ਵਿਧਾਇਕ ਹਨ। ਸੁਪਰੀਮ ਕੋਰਟ ਨੇ ਇਸ ਕੇਸ ਵਿੱਚ ਮੈਜਿਸਟਰੇਟ ਅਦਾਲਤ ਨੂੰ ਅਕਤੂਬਰ ਵਿੱਚ ਕਾਰਵਾਈ ਜਾਰੀ ਰੱਖਣ ਦੇ ਹੁਕਮ ਦਿੱਤੇ ਸਨ।

## ਪੁਲਸ ਦੀ ਕਾਰ ਵਿੱਚ ਵਿਦਿਆਰਥਣ ਨੂੰ ਅਗਵਾ ਕਰਕੇ ਗੈਂਗ ਰੇਪ

ਮਿਰਜ਼ਾਪੁਰ, 5 ਦਸੰਬਰ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਦੇ ਹਲੀਆ ਪਿੰਡ ਵਿੱਚੋਂ ਇੱਕ 10ਵੀਂ ਦੀ ਵਿਦਿਆਰਥਣ ਨੂੰ ਅਗਵਾ ਕਰਕੇ ਉਸ ਨਾਲ ਬਲਾਤਕਾਰ ਕਰਨ ਦੇ ਦੋਸ਼ ਹੇਠ ਸੀ ਆਰ ਪੀ ਐਫ ਦੇ ਜਵਾਨ ਤੇ ਸੇਵਾਮੁਕਤ ਜੇਲ੍ਹਰ ਦੇ ਪੁੱਤ ਸਮੇਤ ਚਾਰ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਲੜਕੀ ਨੂੰ ਜਿਸ ਕਰ ਵਿੱਚ ਅਗਵਾ ਕੀਤਾ ਗਿਆ, ਉਸ ਉਤੇ ਪੁਲਸ ਵਿਭਾਗ ਦਾ ਇੱਕ ਲੋਗੋ ਲੱਗਾ ਹੋਇਆ ਸੀ। ਥਾਣਾ ਹਲੀਆ ਦੇ ਇੰਸਪੈਕਟਰ ਦੇਵੀਵਰ ਸ਼ੁਕਲਾ ਨੇ ਕਿਹਾ ਕਿ ਮੁਲਜ਼ਮਾਂ ਦੇ ਖਿਲਾਫ ਪੋਕਸੋ ਐਕਟ ਹੇਠ ਅਗਵਾ ਅਤੇ ਬਲਾਤਕਾਰ ਦਾ ਕੇਸ ਦਰਜ ਕੀਤਾ ਗਿਆ ਹੈ। 15 ਸਾਲਾ ਵਿਦਿਆਰਥਣ ਨਾਲ ਕੱਲ੍ਹ ਹਲੀਆ ਵਿੱਚ ਸੁੰਨਸਾਨ ਥਾਂ ਉਤੇ ਬਲਾਤਕਾਰ ਕੀਤਾ ਗਿਆ ਸੀ। ਅਧਿਕਾਰੀਆਂ ਨੇ ਦੱਸਿਆ ਕਿ ਦੋਸ਼ੀ ਜੈ ਪ੍ਰਕਾਸ਼ ਮੌਰਿਆ ਸੇਵਾ ਮੁਕਤ ਜੇਲ੍ਹਰ ਬ੍ਰਿਜਲਾਲ ਮੌਰਿਆ ਦਾ ਪੁੱਤਰ ਹੈ। ਹਲੀਆ ਪਿੰਡ ਵਿੱਚ ਜੈ ਪ੍ਰਕਾਸ਼ ਦੀ ਭੈਣ ਦਾ ਵਿਆਹ ਹੋਇਆ ਸੀ, ਜਿਸ ਕਾਰਨ ਉਸ ਦਾ ਇੱਥੇ ਆਉਣ-ਜਾਣ ਹੋਣ ਕਰ ਕੇ ਸਬੰਧਤ ਲੜਕੀ ਨਾਲ ਉਸ ਦੀ ਦੋਸਤੀ ਹੋ ਗਈ ਸੀ।

## ਸਟਾਰਟ ਅੱਪ ਸੈਸ਼ਨ ਦੌਰਾਨ ਪੈਨਲ ਮੈਂਬਰਾਂ ਨੇ ਮੋਹਾਲੀ ਨੂੰ ਸਟਾਰਟ ਅੱਪ ਕੇਂਦਰ ਬਣਾਉਣ ਦੀ ਵਕਾਲਤ ਕੀਤੀ

ਮੋਹਾਲੀ, 5 ਦਸੰਬਰ (ਪੋਸਟ ਬਿਊਰੋ)- ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ-2019 ਦੇ ਪਹਿਲੇ ਦਿਨ 'ਪੰਜਾਬ ਨੂੰ ਅਗਲਾ ਸਟਾਰਟਸ ਅੱਪਸ ਕੇਂਦਰ ਕਿਵੇਂ ਬਣਾਇਆ ਜਾਵੇ' ਸੈਸ਼ਨ ਦੌਰਾਨ ਹੋਈ ਪੈਨਲ ਚਰਚਾ ਦੌਰਾਨ ਪੈਨਲ ਦੇ ਮੈਂਬਰਾਂ ਨੇ ਮੋਹਾਲੀ ਨੂੰ ਵਿਸ਼ਵ ਦੀ ਪਹਿਲੀ ਸਟਾਰਟ ਅੱਪ ਵੈਲੀ ਬਣਾਉਣ ਦੀ ਵਕਾਲਤ ਕਰਦਿਆਂ ਸੰਸਾਰ ਭਰ ਤੋਂ ਹੁਨਰ ਅਤੇ ਨਿਵੇਸ਼ ਨੂੰ ਸੱਦਾ ਦਿੱਤਾ।

ਪੈਨਲ ਮੈਂਬਰਾਂ ਨੇ ਕਿਹਾ ਕਿ ਸਟਾਰਟ ਅੱਪ ਈਕੋਸਿਸਟਮ ਸਬੰਧੀ 90 ਮਿੰਟ ਦੇ ਸੈਸ਼ਨ ਦੌਰਾਨ ਮੋਹਾਲੀ ਨੂੰ ਇਸ ਖੇਤਰ ਵਿੱਚ ਮੌਜੂਦ ਵਿਰਾਸਤੀ ਵਿਲੱਖਣਤਾਵਾਂ ਨੂੰ ਦੇਖਦਿਆਂ ਸਟਾਰਟ ਅੱਪ ਦੀ ਸ਼ਿਵਾਲਿਕ ਵੈਲੀ ਬਣਾਉਣ ਦਾ ਸੁਝਾਅ ਦਿੱਤਾ।

ਇਸ ਸੈਸ਼ਨ ਦੇ ਪੈਨਲ ਵਿੱਚ ਇੰਡੀਅਨ ਏਂਜਲ ਨੈੱਟਵਰਕ ਦੀ ਸਹਿ ਸੰਸਥਾਪਕ ਅਤੇ ਆਈ. ਏ. ਐਨ. ਫੰਡ ਦੇ ਫਾਊਂਡਿੰਗ ਪਾਰਟਨਰ ਸ਼੍ਰੀਮਤੀ ਪਦਮਜਾ ਰੂਪਰੇਲ, ਆਈ. ਐਸ. ਬੀ. ਦੇ ਪ੍ਰੋਫੈਸਰ ਅਤੇ ਮੁਖੀ ਏਸ਼ੀਆ, ਅਫਰੀਕਾ, ਓਸ਼ੀਨੀਆ, ਨੈਸਲੇ ਐਸ. ਏ., ਸਵਿਜ਼ਰਲੈਂਡ ਅਤੇ ਸਾਬਕਾ ਈ. ਵੀ. ਪੀ. ਪ੍ਰੋ. ਨੰਦੂ ਨੰਦ ਕਿਸ਼ੋਰ, ਸੋਨ-ਾਲਿਕਾ ਇੰਡਸਟਰੀ ਦੇ ਕਾਰਜਕਾਰੀ ਡਾਇਰੈਕਟਰ ਸ਼੍ਰੀ ਅਕਸ਼ੈ ਸਾਂਗਵਾਨ, ਸਹਿ ਸੰਸਥਾਪਕ ਅਤੇ ਪ੍ਰਬੰਧਕੀ ਭਾਈਵਾਲ ਭਾਰਤ ਫੰਡ ਕੁਨਾਲ ਉਪਾਧਿਆਏ, ਏਜੀਨੈਕਸਟ ਟੈਕਨਾਲੋਜੀਸ ਦੇ ਸੰਸਥਾਪਕ ਸ਼੍ਰੀ ਤਰਨਜੀਤ ਭਾਮਰਾ ਨੇ ਭਾਗ ਲਿਆ।

ਪੰਜਾਬ ਨੂੰ ਬੌਧਿਕ ਤੌਰ 'ਤੇ ਮਜ਼ਬੂਤ ਕਰਨ ਲਈ ਵੱਖ ਵੱਖ ਨਾਮੀ ਸੰਸਥਾਵਾਂ ਨੂੰ ਸਾਂਝੇ ਤੌਰ 'ਤੇ ਅੰਤਰ ਅਨੁਸ਼ਾਸਨੀ ਖੋਜ ਲਈ ਅੱਗੇ ਆਉਣ ਦੀ ਲੋੜ 'ਤੇ ਜ਼ੋਰ ਦਿੱਤਾ। ਪੈਨਲ ਨੇ ਸਾਂਝੇ ਨਵੀਨਤਮ ਪ੍ਰੋਜੈਕਟਾਂ ਦੀ ਲੋੜ 'ਤੇ ਜ਼ੋਰ ਦਿੰਦੇ ਹੋਏ ਕਿਹਾ ਕਿ ਸਰਕਾਰ ਵੱਲੋਂ ਅਜਿਹੇ ਪ੍ਰੋਜੈਕਟਾਂ ਨੂੰ ਵੱਧ ਤੋਂ ਵੱਧ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸੂਬੇ ਦੇ ਵਿਕਾਸ ਅਤੇ ਅਰਥਚਾਰੇ ਲਈ ਖੋਜ ਅਤੇ ਉਦਮ ਬਹੁਤ ਅਹਿਮ ਹਨ ਅਤੇ ਪੰਜਾਬ ਨੂੰ ਦੇਸ਼ ਦਾ ਸਟਾਰਟ ਅੱਪ ਹੱਬ ਬਣਾਉਣ ਅਤੇ ਇਸਨੂੰ ਦੁਨੀਆ ਭਰ ਦੇ ਵੱਖ ਵੱਖ ਖੇਤਰਾਂ ਤੱਕ ਲਿਜਾਣ ਲਈ ਸੂਬੇ ਕੋਲ ਅਥਾਹ ਸ਼ਕਤੀ ਅਤੇ ਸਰੋਤ ਮੌਜੂਦ ਹਨ।

ਇਸ ਮੌਕੇ ਚਰਚਾ ਵਿੱਚ ਹਿੱਸਾ ਲੈਂਦਿਆਂ ਸ਼੍ਰੀਮਤੀ ਪਦਮਜਾ ਰੂਪਰੇਲ ਨੇ ਕਿਹਾ ਕਿ ਇਹ ਸੰਮੇਲਨ ਸਾਰੇ ਉਦਮੀਆਂ, ਨਿਵੇਸ਼ਕਾਂ, ਨੀਤੀ ਘਾੜਿਆਂ ਅਤੇ ਹੋਰ ਸਬੰਧਤ ਲੋਕਾਂ ਨੂੰ ਇਕ ਮੰਚ 'ਤੇ ਲਿਆਉਣ ਦਾ ਸ਼ਲਾਘਾਯੋਗ ਉਪਰਾਲਾ ਹੈ, ਜਿਸ ਨਾਲ ਮੇਕ ਇਨ ਇੰਡੀਆ ਮੁਹਿੰਮ ਨੂੰ ਹੋਰ ਉਤਸ਼ਾਹ ਮਿਲੇਗਾ।

GNR ਹਰਬਲ ਤੇਲ | 647-853-5800
globalnaturalremedies@yahoo.com
ਦਰਦਾਂ ਵਾਸਤੇ | ਮਰਦਾਂ ਲਈ | ਔਰਤਾਂ ਲਈ
Pain-Care | He-Oil | Stress-Care | Chest Massage Oil
Ext. Use Only | Joint Support | For Men Only | Feel Relaxed
Herbal Products
$9.99 | $19.99 | $9.99 | $14.99
GLOBAL NATURAL REMEDIES

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

# ਕੈਪਟਨ ਵੱਲੋਂ ਚੇਤਾਵਨੀ, ਗੈਂਗਸਟਰ ਸੁਧਰ ਜਾਣ ਜਾਂ ਨਤੀਜੇ ਭੁਗਤਣ ਨੂੰ ਤਿਆਰ ਰਹਿਣ

ਮੋਹਾਲੀ, 5 ਦਸੰਬਰ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਾਕਿਸਤਾਨ ਦੇ ਨਾਲ ਹੀ ਸਮਾਜ ਵਿਰੋਧੀ ਅਨਸਰਾਂ ਨੂੰ ਵੀ ਇਸ ਰਾਜ ਨੂੰ ਅਸਥਿਰ ਕਰਨ ਦੀਆਂ ਕੋਸ਼ਿਸ਼ਾਂ ਵਿਰੁੱਧ ਤਾੜਨਾ ਕੀਤੀ ਹੈ। ਉਦਯੋਗ ਦੇ ਵਿਕਾਸ ਲਈ ਸੁਖਾਵੇਂ ਮਾਹੌਲ ਦਾ ਵਾਅਦਾ ਕਰਦੇ ਹੋਏ ਮੁੱਖ ਮੰਤਰੀ ਨੇ ਪੰਜਾਬ ਦੇ ਸ਼ਾਂਤ ਹਾਲਾਤ ਨੂੰ ਖਰਾਬ ਕਰਨ ਦੀਆਂ ਕੋਸ਼ਿਸ਼ਾਂ ਕਰਦੇ ਪਏ ਗੁਆਂਢੀ ਦੇਸ਼ਦੇ ਨਾਲ ਗੈਂਗਸਟਰ ਜਾਂ ਗੁੰਡਿਆਂ ਨੂੰ ਸਖ਼ਤ ਚਿਤਾਵਨੀ ਦਿੰਦਿਆਂ ਕਿਹਾ, 'ਸੁਧਰ ਜਾਓ ਜਾਂ ਫਿਰ ਨਤੀਜੇ ਭੁਗਤਣ ਲਈ ਤਿਆਰ ਰਹੋ।'

ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਿਹਾ ਕਿ ਗੈਂਗਸਟਰਵਾਦ ਮੁਕਾਉਣਾ ਉਨ੍ਹਾਂ ਦੀ ਸਰਕਾਰ ਦੀ ਇੱਕ ਵੱਡੀ ਪਹਿਲ ਹੈ। ਉਨ੍ਹਾਂ ਨੇ ਤਾੜਨਾ ਕੀਤੀ ਕਿ ਗੈਂਗਸਟਰ ਤੇ ਗੁੰਡੇ ਹਥਿਆਰ ਸੁੱਟ ਦੇਣ, ਜਾਂ ਨਤੀਜੇ ਭੁਗਤਣੇ ਪੈਣਗੇ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਅਜਿਹੇ ਅਨਸਰਾਂ ਨਾਲ ਕਰੜੇ ਹੱਥੀਂ ਨਿਪਟਣ ਦੇ ਨਾਲ ਟਰੱਕ ਯੂਨੀਅਨਾਂ ਦਾ ਵੀ ਖਾਤਮਾ ਕੀਤਾ ਹੈ ਤਾਂ ਕਿ ਉਦਯੋਗਿਕ ਸਰਗਰਮੀਆਂਨੂੰ ਸੁਰੱਖਿਅਤ ਵਾਤਾਵਰਣ ਮਿਲ ਸਕੇ। ਅਮਰਿੰਦਰ ਸਿੰਘ ਨੇ ਕਿਹਾ ਕਿ ਔਰਤਾਂ ਦੀ ਸੁਰੱਖਿਆ ਯਕੀਨੀ ਕਰਨਦੇਲੋੜੀਂਦੇ ਕਦਮ ਚੁੱਕੇ ਜਾ ਰਹੇ ਹਨ ਤਾਂ ਕਿ ਉਹ ਉਦਯੋਗਾਂ ਵਿੱਚ ਨੌਕਰੀਆਂ,



ਖਾਸਤੌਰ ਉੱਤੇ ਰਾਤ ਦੀਆਂ ਸ਼ਿਫਟਾਂ ਵੇਲੇ ਵੀ ਕੰਮ ਕਰ ਸਕਣ। ਮੁੱਖ ਮੰਤਰੀ ਨੇ ਉਦਯੋਗ ਦੀ ਲਗਾਤਾਰਤਾ ਦੀ ਲੋੜ ਉੱਤੇ ਜ਼ੋਰ ਦਿੱਤਾ ਤਾਂ ਕਿ ਪੰਜਾਬ ਵਿੱਚ ਨਿਵੇਸ਼ ਕਰਨ ਜਾਂ ਪਹਿਲੇ ਪ੍ਰੋਜੈਕਟਾਂ ਦੇ ਵਾਧੇ ਲਈ ਉਤਸ਼ਾਹਤ ਕੀਤਾ ਜਾ ਸਕੇ। ਉਨ੍ਹਾਂ ਨੇ ਕਿਹਾ ਕਿ ਇਸ ਲਈ ਜ਼ਰੂਰੀ ਹੈ ਕਿ ਵਿਰੋਧੀਆਂ ਨਾਲ ਸਿਆਸੀ ਬਦਲੇਖੋਰੀ ਨਾ ਕੀਤੀ ਜਾਵੇ ਤੇ ਇਹ ਯਕੀਨੀ ਬਣਾਇਆ ਜਾਵੇ ਕਿ ਕੋਈ ਵੀ ਪਾਰਟੀ ਸੱਤਾ ਵਿੱਚ ਆਵੇ ਤਾਂ ਉਦਯੋਗ ਲਈ ਉਹੀ ਨੀਤੀ ਅਮਲ ਵਿੱਚ ਰਹੇਗੀ।

ਇਸ ਦੌਰਾਨ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਿਹਾ ਕਿ ਪਾਕਿਸਤਾਨ ਦੀਆਂ ਆਪਣੀਆਂ ਸਮੱਸਿਆਵਾਂ ਹਨ, ਪਰ ਇਨ੍ਹਾਂ ਨੂੰ ਮੈਂ ਸਾਡੀਆਂ ਸਮੱਸਿਆਵਾਂ ਨਹੀਂ ਬਣਨ ਦੇਵਾਂਗਾ। ਉਨ੍ਹਾ ਕਿਹਾ ਕਿ ਬੀਤੇ ਦੋ ਸਾਲਾਂ ਵਿੱਚ ਪੰਜਾਬ ਪੁਲਿਸ ਨੇ 28 ਖਾੜਕੂ ਗਰੋਹਾਂ ਦਾ ਪਰਦਾ ਫਾਸ਼ ਕੀਤਾ ਅਤੇ ਆਈ ਐੱਸ ਆਈ ਦੀ ਸ਼ਹਿ ਵਾਲੇ 100 ਤੋਂ ਵੱਧ ਖਾੜਕੂ ਫੜੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਰਾਏ ਹੈ ਕਿ ਇਮਰਾਨ ਖਾਨ ਸ਼ਾਂਤੀ ਚਾਹੁੰਦੇ ਹਨ, ਪਰ ਉਨ੍ਹਾਂ ਵੱਲੋਂ ਸ਼ਾਂਤੀ ਲਈ ਚੁੱਕੇ ਜਾਂਦੇ ਹਰ ਕਦਮ ਅੱਗੇ ਪਾਕਿਸਤਾਨੀ ਫੌਜ ਰੋੜੇ ਅਟਕਾ ਦਿੰਦੀ ਹੈ, ਕਿਉਂਕਿ ਫੌਜ ਆਪਣੀ ਚੌਧਰ ਕਾਇਮ ਰੱਖਣਾ ਚਾਹੁੰਦੀ ਹੈ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

ukttc
UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
○1:1 Training
Forklift Training
Reach Truck
Counterbalance
Air Brake Classes
Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ShërGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

# ਐੱਮ.ਪੀ. ਸੋਨੀਆ ਸਿੱਧੂ ਨੇ ਡਾਇਬਟੀਜ਼ ਕਨੇਡਾ ਅਤੇ ਵਾਈ-ਐਮ-ਸੀ-ਏ ਨਾਲ ਮਿਲ ਕੇ ਡਾਇਬਟੀਜ਼ ਜਾਗਰੂਕਤਾ ਸਬੰਧੀ ਕਮਿਊਨਿਟੀ ਪ੍ਰੋਗਰਾਮ ਕੀਤਾ ਆਯੋਜਿਤ





ਬਰੈਂਪਟਨ 5 ਦਸੰਬਰ (ਪੋਸਟ ਬਿਊਰੋ)-ਲੰਘੇ ਸ਼ਨੀਵਾਰ ਨੂੰ ਬਰੈਂਪਟਨ ਵਾਈਐਮਸੀਏ ਵਿਖੇ 'ਡਾਇਬਟੀਜ਼ ਕਨੇਡਾ' ਦੇ ਨਾਲ ਮਿਲ ਕੇ ਐੱਮ.ਪੀ. ਸੋਨੀਆ ਸਿੱਧੂ ਦੁਆਰਾ ਡਾਇਬਟੀਜ਼ ਜਾਗਰੂਕਤਾ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਇਸ ਦੌਰਾਨ ਬਰੈਂਪਟਨ ਵਾਸੀਆਂ ਨੂੰ ਸ਼ੂਗਰ ਰੋਗ ਦੇ ਕਮਿਊਨਟੀ ਉੱਤੇ ਪੈ ਰਹੇ ਮਾੜੇ ਪ੍ਰਭਾਵਾਂ ਬਾਰੇ ਵਧੇਰੇ ਜਾਣਨ ਦਾ ਮੌਕਾ ਮਿਲਿਆ।

ਦਰਅਸਲ, ਇਸ ਸਾਲ ਦੇ ਸ਼ੁਰੂ ਵਿੱਚ ਸੋਨੀਆ ਸਿੱਧੂ ਨੇ ਸੰਸਦ ਵਿੱਚ (ਐਮ -173) ਮਤਾ ਪੇਸ਼ ਕੀਤਾ ਸੀ, ਜਿਸਨੂੰ ਸਾਰੀਆਂ ਰਾਜਨੀਤਿਕ ਪਾਰਟੀਆਂ ਦੇ ਮੈਂਬਰਾਂ ਨੇ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਸੀ, ਜਿਸ ਤੋਂ ਬਾਅਦ ਪਹਿਲੀ ਵਾਰ ਕਨੇਡਾ ਵਿੱਚ ਨਵੰਬਰ ਨੂੰ ਸ਼ੂਗਰ ਜਾਗਰੂਕਤਾ ਮਹੀਨੇ ਵਜੋਂ ਮਨਾਇਆ ਗਿਆ। ਪ੍ਰੋਗਰਾਮ 'ਚ ਸ਼ਮੂਲੀਅਤ ਕਰਨ ਵਾਲੇ ਲੋਕਾਂ ਨੂੰ 26 ਭਾਸ਼ਾਵਾਂ 'ਚ ਤਰਜਮਾ ਕੀਤੀ ਗਈ 'ਫੂਡ ਗਾਈਡ' ਅਤੇ ਸਿਹਤਮੰਦ ਭੋਜਨ ਦੀ ਮਹੱਤਤਾ ਬਾਰੇ ਵੀ ਜਾਣਕਾਰੀ ਦਿੱਤੀ ਗਈ। ਇਸ ਦੌਰਾਨ ਡਾਇਬਟੀਜ਼ ਜਾਗਰੂਕਤਾ ਅਤੇ ਦੇਸ਼ ਭਰ ਵਿਚ ਸ਼ੂਗਰ ਤੋਂ ਪੀੜਤ ਲੋਕਾਂ ਨੂੰ ਸਹਾਇਤਾ ਪ੍ਰਦਾਨ ਕਰਨ ਲਈ ਡਾਇਬਟੀਜ਼ ਕੈਨੇਡਾ ਦੇ ਚੱਲ ਰਹੇ ਪ੍ਰੋਗਰਾਮ ਦੇ ਹਿੱਸੇ ਵਜੋਂ ਕਈਆਂ ਨੇ ਪੁਰਾਣੇ ਕੱਪੜੇ ਅਤੇ ਹੋਰ ਜ਼ਰੂਰਤ ਦੀਆਂ ਘਰੇਲੂ ਚੀਜ਼ਾਂ ਵੀ ਦਾਨ ਕੀਤੀਆਂ।

ਦੱਸਣਯੋਗ ਹੈ ਕਿ ਇਸ ਮਹਾਂਮਾਰੀ ਨਾਲ 11 ਮਿਲੀਅਨ ਤੋਂ ਵੱਧ ਕੈਨੇਡੀਅਨ ਪ੍ਰਭਾਵਿਤ ਹੋਏ ਹਨ। ਹਰ ਤਿੰਨ ਮਿੰਟਾਂ ਵਿੱਚ, ਇਕ ਨਵੇਂ ਕੈਨੇਡੀਅਨ ਨੂੰ ਇਸ ਭਿਆਨਕ ਬਿਮਾਰੀ ਨਾਲ ਪੀੜਤ ਪਾਇਆ ਜਾਂਦਾ ਹੈ ਜੋ ਕਿ ਸਟਰੋਕ, ਦਿਲ ਦੇ ਦੌਰੇ, ਗੁਰਦੇ ਫੇਲ੍ਹ ਹੋਣਾ ਅਤੇ ਹੋਰ ਗੰਭੀਰ ਬਿਮਾਰੀਆਂ ਦਾ ਇੱਕ ਵੱਡਾ ਕਾਰਨ ਹੈ।

ਇਸ ਮੌਕੇ ਬੋਲਦਿਆਂ ਸੰਸਦ ਮੈਂਬਰ ਸਿੱਧੂ ਨੇ ਕਿਹਾ,"ਜਦੋਂ ਸ਼ੂਗਰ ਦੇ ਲੱਛਣ ਜਲਦੀ ਫੜ੍ਹ ਲਏ ਜਾਂਦੇ ਹਨ, ਤਾਂ ਭਵਿੱਖ 'ਚ ਨੁਕਸਾਨ ਦਾ ਜੋਖ਼ਮ ਘੱਟ ਜਾਂਦਾ ਹੈ। ਜਾਗਰੂਕਤਾ ਅਤੇ ਸਿੱਖਿਆ ਲੋਕਾਂ ਨੂੰ ਸਿਹਤਮੰਦ ਰਹਿਣ, ਸ਼ੂਗਰ ਦੇ ਸ਼ੁਰੂਆਤੀ ਸੰਕੇਤਾਂ ਦੀ ਪਛਾਣ ਕਰਨ ਅਤੇ ਲੱਖਾਂ ਕੈਨੇਡੀਅਨਾਂ ਲਈ ਡਾਇਬਟੀਜ਼ ਨੂੰ ਸ਼ੁਰੂਆਤ 'ਚ ਰੋਕਣ ਵਿੱਚ ਸਹਾਇਤਾ ਕਰ ਸਕਦੀ ਹੈ। ਸ਼ੂਗਰ ਦੇ ਪ੍ਰਭਾਵਾਂ ਬਾਰੇ ਜਨਤਕ ਸਿੱਖਿਆ ਨੂੰ ਸਮਰਪਿਤ ਇੱਕ ਪੂਰਾ ਮਹੀਨੇ ਦੌਰਾਨ ਕੈਨੇਡੀਅਨਾਂ ਨੂੰ ਇਸ ਬਿਮਾਰੀ ਬਾਰੇ ਹੋਰ ਜਾਣਕਾਰੀ ਲੈਣ ਅਤੇ ਇਸ ਬਚਣ ਦੇ ਤਰੀਕੇ ਸਿੱਖਣ ਦਾ ਮੌਕਾ ਮਿਲਦਾ ਹੈ।"

ਅੱਗੇ ਹੋਰ ਬੋਲਦਿਆਂ ਉਨ੍ਹਾਂ ਨੇ ਕਿਹਾ ਕਿ "ਕੈਨੇਡਾ ਨੇ ਦੁਨੀਆ ਨੂੰ ਇਨਸੁਲਿਨ ਦਿੱਤਾ ਹੈ, ਅਤੇ ਮੈਨੂੰ ਪੂਰਾ ਵਿਸ਼ਵਾਸ ਹੈ ਕਿ ਸਰਕਾਰ ਦੇ ਸਾਰੇ ਪੱਧਰਾਂ, ਡਾਇਬਟੀਜ਼ ਕਨੇਡਾ, ਵਾਈਐਮਸੀਏ ਅਤੇ ਹੋਰ ਬਹੁਤ ਸਾਰੇ ਭਾਈਵਾਲਾਂ ਨਾਲ ਮਿਲ ਕੇ ਕੰਮ ਕਰਨ ਨਾਲ ਅਸੀਂ ਡਾਇਬਟੀਜ਼ ਨੂੰ ਜੜ੍ਹ ਤੋਂ ਮੁਕਾਉਣ 'ਚ ਜ਼ਰੂਰ ਕਾਮਯਾਬ ਹੋਵਾਂਗੇ।"

ਵਾਈਐਮਸੀਏ ਕੈਨੇਡਾ ਦੇ ਸੀਈਓ, ਪੀਟਰ ਡਿੰਸਡੇਲ ਨੇ ਕਿਹਾ,"ਇੱਕ ਸਰਗ੍ਰਮ ਜੀਵਨ ਸ਼ੈਲੀ ਰੱਖਣਾ ਅਤੇ ਸਿਹਤਮੰਦ ਭੋਜਨ ਦੀ ਚੋਣ ਕਰਨਾ ਸ਼ੂਗਰ ਰੋਗ ਨੂੰ ਰੋਕਣ ਅਤੇ ਖ਼ਤਮ ਕਰਨ ਦੇ ਦੋ ਅਹਿਮ ਤਰੀਕੇ ਹਨ। ਇੱਥੋਂ ਤੱਕ ਕਿ ਸਧਾਰਣ ਆਦਤਾਂ ਜਿਵੇਂ ਕਿ ਨਿਯਮਤ ਤੌਰ ਤੇ ਸੈਰ ਜਾਂ ਤੈਰਾਕੀ ਲਈ ਜਾਣਾ ਵੀ ਇੱਕ ਫਰਕ ਲਿਆ ਸਕਦਾ ਹੈ। ਐਰੋਬਿਕਸ ਅਤੇ ਯੋਗਾ ਵਰਗੀਆਂ ਫਨ ਗਰੁੱਪ ਫਿਟਨੈਸ ਕਲਾਸਾਂ ਵਰਗੇ ਵਿਕਲਪਾਂ ਨਾਲ ਵੀ ਲੋਕ ਇਸ ਬਿਮਾਰੀ ਤੋਂ ਦੂਰ ਰਹਿ ਸਕਦੇ ਹਨ।"

'ਡਾਇਬਟੀਜ਼ ਕੈਨੇਡਾ' ਦੇ ਪ੍ਰਧਾਨ ਅਤੇ ਸੀਈਓ ਡਾ. ਜਾਨ ਹੱਕਸ ਨੇ ਇਸ ਮੌਕੇ ਬੋਲਦਿਆਂ ਕਿਹਾ, "ਸ਼ੂਗਰ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਇਸ ਤੋਂ ਪਹਿਲਾਂ ਕਦੇ ਵੀ ਜ਼ਿਆਦਾ ਜ਼ਰੂਰੀ ਨਹੀਂ ਰਿਹਾ ਕਿਉਂਕਿ ਤਿੰਨ ਵਿੱਚੋਂ ਇੱਕ ਕੈਨੇਡੀਅਨ ਨੂੰ ਸ਼ੂਗਰ ਜਾਂ ਪੂਰਵ-ਸ਼ੂਗਰ ਦੀ ਬਿਮਾਰੀ ਹੈ ਅਤੇ 20 ਸਾਲ ਦੀ ਉਮਰ ਵਿੱਚ ਹੁਣ ਉਨ੍ਹਾਂ ਨੂੰ ਬਿਮਾਰੀ ਹੋਣ ਦਾ 50 ਪ੍ਰਤੀਸ਼ਤ ਵਧੇਰੇ ਖ਼ਤਰਾ ਰਹਿੰਦਾ ਹੈ। ਇਹ ਬਿਮਾਰੀ ਪੂਰੇ ਕੈਨੇਡਾ 'ਚ ਜੜ੍ਹਾਂ ਫੈਲਾ ਰਹੀ ਹੈ ਅਤੇ ਇਸ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।"

## ਸੁਖਜਿੰਦਰ ਰੰਧਾਵਾ ਵਲੋਂ ਕੈਬਨਿਟ ਮੀਟਿੰਗ 'ਚ ਇਕ ਗੈਂਗਸਟਰ ਦੀ ਤਰਫ਼ਦਾਰੀ ਕਰਨਾ ਮੰਦਭਾਗਾ: ਡਾ. ਚੀਮਾ

ਚੰਡੀਗੜ੍ਹ, 5 ਦਸੰਬਰ (ਪੋਸਟ ਬਿਊਰੋ)- ਸ਼੍ਰੋਮਣੀ ਅਕਾਲੀ ਦਲ ਨੇ ਅੱਜ ਜੇਲ ਮੰਤਰੀ ਸੁਖਜਿੰਦਰ ਰੰਧਾਵਾ ਵਲੋਂ ਇਕ ਕੈਬਨਿਟ ਮੀਟਿੰਗ ਦੌਰਾਨ ਇਕ ਕਾਂਗਰਸੀ ਗੈਂਗਸਟਰ ਦੀ ਕੀਤੀ ਤਰਫ਼ਦਾਰੀ 'ਤੇ ਹੈਰਾਨੀ ਅਤੇ ਦੁੱਖ ਪ੍ਰਗਟ ਕੀਤਾ ਹੈ। ਇਸ ਤੋਂ ਇਲਾਵਾ ਪਾਰਟੀ ਨੇ ਅਫੀਮ ਖਾਣ ਦੀ ਸ਼ਲਾਘਾ ਕਰਕੇ ਨਸ਼ਿਆਂ ਦੇ ਪੰਜਾਬੀਆਂ 'ਤੇ ਹੋ ਰਹੇ ਮਾਰੂ ਅਸਰ ਪ੍ਰਤੀ ਅਸੰਵੇਦਨਸ਼ੀਲਤਾ ਦਿਖਾਉਣ ਲਈ ਪੰਜਾਬ ਦੇ ਕੈਬਨਿਟ ਮੰਤਰੀਆਂ ਦੀ ਸਖ਼ਤ ਨਿਖੇਧੀ ਕੀਤੀ ਹੈ। ਇਥੇ ਇਕ ਪ੍ਰੈਸ ਬਿਆਨ ਜਾਰੀ ਕਰਦਿਆਂ ਸਾਬਕਾ ਮੰਤਰੀ ਡਾ. ਦਲਜੀਤ ਚੀਮਾ ਨੇ ਕਿਹਾ ਕਿ ਲੋਕਤੰਤਰ ਲਈ ਇਹ ਬਹੁਤ ਹੀ ਮੰਦਭਾਗਾ ਦਿਨ ਹੈ, ਜਦੋਂ ਇਕ ਕੈਬਨਿਟ ਮੰਤਰੀ ਕੈਬਨਿਟ ਮੀਟਿੰਗ ਦੌਰਾਨ ਇਕ ਗੈਂਗਸਟਰ ਦੀ ਤਰਫ਼ਦਾਰੀ ਕਰਨੀ ਸ਼ੁਰੂ ਕਰ ਦਿੰਦਾ ਹੈ ਅਤੇ ਕਾਂਗਰਸ ਪਾਰਟੀ ਨਾਲ ਜੁੜੇ ਗੈਂਗਸਟਰਾਂ ਦੇ ਬਚਾਅ ਲਈ ਆਪਣੇ ਕੈਬਨਿਟ ਸਾਥੀਆਂ ਨੂੰ ਦਬਕਾਉਣ ਦੀ ਕੋਸ਼ਿਸ਼ ਕਰਦਾ ਹੈ। ਇਹ ਟਿੱਪਣੀ ਕਰਦਿਆਂ ਕਿ ਜੇਲ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਵਲੋਂ ਕੈਬਨਿਟ ਮੀਟਿੰਗ 'ਚ ਕੀਤੇ ਵਿਵਹਾਰ ਦੀ ਖ਼ਬਰ ਜਨਤਕ ਹੋਣ ਮਗਰੋਂ ਸਾਰੇ ਸਮਾਜ ਨੂੰ ਇਕ ਵੱਡਾ ਧੱਕਾ ਲੱਗਿਆ ਹੈ, ਅਕਾਲੀ ਆਗੂ ਨੇ ਕਿਹਾ ਕਿ ਅਜਿਹਾ ਵਿਵਹਾਰ ਮੰਤਰੀ ਦੀ ਤੁਰੰਤ ਬਰਖਾਸਤਗੀ ਅਤੇ ਸਾਡੇ ਸਮਾਜ ਦੀਆਂ ਨੀਹਾਂ ਹਿਲਾ ਰਹੇ ਗੈਂਗਸਟਰ-ਮੰਤਰੀ ਗਠਜੋੜ ਦੀ ਤੁਰੰਤ ਜਾਂਚ ਕਰਵਾਏ ਜਾਣ ਦੀ ਮੰਗ ਕਰਦਾ ਹੈ। ਡਾ. ਚੀਮਾ ਨੇ ਕਿਹਾ ਕਿ ਕਿੰਨੇ ਦੁੱਖ ਦੀ ਗੱਲ ਹੈ ਕਿ ਜੇਲ ਮੰਤਰੀ ਇਕ ਕਾਂਗਰਸੀ ਗੈਂਗਸਟਰ ਦੇ ਹੱਕ 'ਚ ਨਾ ਬੋਲਣ ਲਈ ਨਾ ਸਿਰਫ ਆਪਣੇ ਕੈਬਨਿਟ ਸਾਥੀਆਂ ਦਾ ਨਾ ਸਿਰਫ ਮਜ਼ਾਕ ਉਡਾਇਆ, ਸਗੋਂ ਇਹ ਸੁਆਲ ਵੀ ਕੀਤਾ ਕਿ ਮੁਕਤਸਰ ਦੇ ਐਸ.ਐਸ.ਪੀ. ਨੇ ਮਾਰੇ ਜਾ ਚੁੱਕੇ ਬਦਮਾਸ਼ (ਮਨਪ੍ਰੀਤ ਮੰਨਾ) ਨੂੰ ਇਕ ਗੈਂਗਸਟਰ ਕਿਉਂ ਕਿਹਾ? ਅਕਾਲੀ ਆਗੂ ਨੇ ਕਿਹਾ ਕਿ ਇਸ ਗੈਂਗਸਟਰ ਖ਼ਿਲਾਫ 14 ਅਪਰਾਧਿਕ ਮਾਮਲੇ ਦਰਜ ਸਨ। ਉਨ੍ਹਾਂ ਕਿਹਾ ਕਿ ਜੇਕਰ ਮੰਤਰੀ ਪੁਲਸ ਅਧਿਕਾਰੀਆਂ ਦੇ ਕੰਮ 'ਚ ਦਖ਼ਲ ਦਿੰਦੇ ਹਨ ਅਤੇ ਉਨ੍ਹਾਂ ਨੂੰ ਪੇਸ਼ਾਵਰ ਢੰਗ ਨਾਲ ਆਪਣੀ ਡਿਊਟੀ ਕਰਨ ਤੋਂ ਰੋਕਦੇ ਹਨ ਤਾਂ ਅਜਿਹੀ ਸਰਕਾਰ ਕੋਲੋਂ ਆਮ ਲੋਕਾਂ ਨੂੰ ਇਨਸਾਫ਼ ਮਿਲਣ ਦੀ ਕੋਈ ਉਮੀਦ ਨਹੀਂ ਹੈ। ਅਕਾਲੀ ਆਗੂ ਨੇ 2 ਦਸੰਬਰ ਨੂੰ ਹੋਈ ਕੈਬਨਿਟ ਮੀਟਿੰਗ ਦੌਰਾਨ ਨਸ਼ਿਆਂ ਦੀ ਬੁਰਾਈ ਖ਼ਿਲਾਫ਼ ਮੁਕੰਮਲ ਸੰਵੇਦਨਹੀਣਤਾ ਦਿਖਾਉਣ ਅਤੇ ਨਸ਼ਿਆਂ ਦੀ ਸ਼ਲਾਘਾ ਕਰਨ ਲਈ ਕੈਬਨਿਟ ਮੰਤਰੀਆਂ ਨੂੰ ਸਖ਼ਤ ਝਾੜ ਪਾਈ।

## ਪਾਕਿ ਦੀ ਇਮਰਾਨ ਸਰਕਾਰ ਆਰਥਿਕ ਤੰਗੀ ਕਾਰਨ ਅਣਵਰਤੀਆਂ ਸਰਕਾਰੀ ਜਾਇਦਾਦਾਂ ਵੇਚਣ ਲੱਗੀ



ਇਸਲਾਮਾਬਾਦ, 5 ਦਸੰਬਰ, (ਪੋਸਟ ਬਿਊਰੋ)- ਪਾਕਿਸਤਾਨ ਦੀ ਇਮਰਾਨ ਖ਼ਾਨ ਸਰਕਾਰ ਨੇ ਦੇਸ਼ ਨੂੰ ਆਰਥਿਕ ਤੰਗੀ ਵਿੱਚੋਂ ਕੱਢਣ ਲਈ ਅਣਵਰਤੀਆਂ ਸਰਕਾਰੀ ਜਾਇਦਾਦਾਂ ਵੇਚਣ ਦਾ ਫ਼ੈਸਲਾ ਕੀਤਾ ਹੈ। ਵਰਨਣ ਯੋਗ ਹੈ ਕਿ ਪਿਛਲੇ ਸਾਲ ਸੱਤਾ ਸੰਭਾਲਣ ਪਿੱਛੋਂ ਇਮਰਾਨ ਖਾਨ ਨੇ ਪ੍ਰਧਾਨ ਮੰਤਰੀ ਕਾਫਲੇ ਦੀਆਂ ਕਈ ਗੱਡੀਆਂ, ਹੈਲੀਕਾਪਟਰ ਅਤੇ ਮੱਝਾਂ ਤਕ ਨੂੰ ਵੇਚ ਦਿੱਤਾ ਸੀ, ਪ੍ਰੰਤੂ ਇਸ ਦੀਆਸਤੋਂ ਘੱਟ ਆਮਦਨ ਹੋਈ ਸੀ। ਮਦਦ ਦੀ ਆਸ ਵਿਚ ਪ੍ਰਧਾਨ ਮੰਤਰੀ ਇਮਰਾਨ ਖਾਨ ਚੀਨ ਅਤੇ ਸਾਊਦੀ ਅਰਬ ਸਮੇਤ ਕਈ ਦੇਸ਼ਾਂ ਦਾ ਦੌਰਾ ਵੀ ਕਰ ਚੁੱਕੇ ਹਨ। ਪਾਕਿਸਤਾਨੀ ਮੀਡੀਆ ਵਿਚ ਅੱਜ ਵੀਰਵਾਰ ਦੀ ਖ਼ਬਰ ਹੈ ਕਿ ਇਮਰਾਨ ਖਾਨਸਰਕਾਰ ਨੂੰ ਆਸ ਹੈ ਕਿ ਸਰਕਾਰੀ ਜਾਇਦਾਦਾਂ ਦੀ ਵਿਕਰੀ ਨਾਲ ਕੁਝ ਵਿਦੇਸ਼ੀ ਤੇ ਪਾਕਿਸਤਾਨੀ ਨਿਵੇਸ਼ਕ ਆਕਰਸ਼ਿਤ ਹੋਣਗੇ ਅਤੇ ਦੇਸ਼ ਦੀ ਵਿੱਤੀ ਸਥਿਤੀ ਸੁਧਰੇਗੀ। ਇਮਰਾਨ ਖਾਨ ਨੇ ਕਿਹਾ ਹੈ ਕਿ ਅਣਵਰਤੀਆਂ ਸਰਕਾਰੀ ਜਾਇਦਾਦਾਂ ਦੀ ਵਿਕਰੀ ਤੋਂ ਮਿਲੀ ਰਕਮ ਦੀ ਵਰਤੋਂ ਲੋਕ ਭਲਾਈ ਯੋਜਨਾਵਾਂ ਉੱਤੇ ਕੀਤੀ ਜਾਏਗੀ। 'ਡਾਨ' ਅਖ਼ਬਾਰ ਦੇ ਅਨੁਸਾਰ ਸਰਕਾਰੀ ਜਾਇਦਾਦਾਂ ਦੀ ਵਿਕਰੀ 'ਦੁਬਈ ਐਕਸਪੋ' ਵਿਚ ਹੋਵੇਗੀ। ਪ੍ਰਾਈਵੇਟਾਈਜ਼ਨ ਦੇ ਸੈਕਟਰੀ ਰਿਜ਼ਵਾਨ ਮਲਿਕ ਨੇ ਕਿਹਾ ਕਿ ਇਹਜਾਇਦਾਦਾਂ ਵੇਚਣ ਨਾਲ ਵਿਦੇਸ਼ੀ ਤੇ ਪਾਕਿਸਤਾਨੀ ਨਿਵੇਸ਼ਕ ਪ੍ਰਭਾਵਤ ਹੋਣਗੇ, ਪਰ 'ਨਿਊਜ਼ ਇੰਟਰਨੈਸ਼ਨਲ' ਨੇ ਇਮਰਾਨ ਦੇ ਹਵਾਲੇ ਨਾਲ ਕਿਹਾ ਹੈ ਕਿ ਇਹ ਬਦਕਿਸਮਤੀ ਦੀ ਗੱਲ ਹੈ ਕਿ ਪਹਿਲੀਆਂ ਸਰਕਾਰਾਂ ਨੇ ਬਹੁਮੁੱਲੀਆਂ ਜਾਇਦਾਦਾਂ ਦੀ ਸੰਭਾਲ ਨਹੀਂ ਕੀਤੀ ਤੇ ਹਰ ਸਾਲ ਅਰਬਾਂ ਰੁਪਏ ਦੇ ਨੁਕਸਾਨ ਦੇ ਬਾਵਜੂਦ ਇਨ੍ਹਾਂ ਜਾਇਦਾਦਾਂ ਦੀ ਵਰਤੋਂਨਹੀਂ ਕੀਤੀ।

ਇਮਰਾਨ ਖਾਨ ਨੇ ਇਸ ਦੌਰਾਨ ਅਧਿਕਾਰੀਆਂ ਨੂੰ ਚਿਤਾਵਨੀ ਦਿੱਤੀ ਹੈ ਕਿ ਅਣਵਰਤੀਆਂ ਸਰਕਾਰੀ ਜਾਇਦਾਦਾਂ ਦੀ ਪਛਾਣ ਵਿਚ ਰੋੜਾ ਖੜ੍ਹਾ ਕਰਨ ਵਾਲਿਆਂ ਦੇ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਏਗੀ।

## ਪੰਜਾਬ ਕੈਬਨਿਟ ਵਿੱਚ 'ਕਾਲੀ ਦਵਾਈ' ਬਾਰੇ ਚਰਚਾ ਦਾ ਵੀਡੀਓ ਵਾਇਰਲ



ਚੰਡੀਗੜ੍ਹ, 5 ਦਸੰਬਰ, (ਪੋਸਟ ਬਿਊਰੋ)- ਪੰਜਾਬ ਕੈਬਨਿਟ ਦੀ ਮੀਟਿੰਗ ਵਿਚ ਕਾਲੀ ਦਵਾਈ (ਅਫ਼ੀਮ)ਬਾਰੇ ਗੱਲਬਾਤ ਦੀ ਵੀਡੀਓ ਵਾਇਰਲ ਹੋਣ ਨਾਲ ਸਰਕਾਰ ਦੀ ਕਾਫ਼ੀ ਭੰਡੀ ਹੋਈ ਹੈ। ਮੀਟਿੰਗ ਦੀ ਫੁਟੇਜ ਇਲੈਕਟ੍ਰਾਨਿਕ ਮੀਡੀਆ ਨੂੰ ਦੇਣ ਉੱਤੇਇੱਕ ਲੋਕ ਸੰਪਰਕ ਵਿਭਾਗ ਅਧਿਕਾਰੀ ਤੇ ਵੀਡੀਓਗ੍ਰਾਫਰ ਨੂੰ ਚਾਰਜਸ਼ੀਟ ਕੀਤਾ ਗਿਆ ਹੈ।

ਪਤਾ ਲੱਗਾ ਹੈ ਕਿ ਕੈਬਨਿਟ ਦੀ ਮੀਟਿੰਗ ਵਿੱਚ ਤਕਨੀਕੀ ਸਿੱਖਿਆ ਮੰਤਰੀ ਚਰਨਜੀਤ ਸਿੰਘ ਚੰਨੀ ਕਾਫ਼ੀ ਬਿਮਾਰ ਜਾਪਦੇ ਸਨ। ਸਾਥੀ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਨੇ ਉਨ੍ਹਾਂ ਨੂੰ ਕਾਲੀ ਦਵਾਈ (ਅਫ਼ੀਮ) ਲੈਣ ਦੀ ਸਲਾਹ ਦਿੱਤੀ ਤਾਂ ਵੀਡੀਓ ਵਿਚ ਮੰਤਰੀ ਰਜ਼ੀਆ ਸੁਲਤਾਨਾ ਦੀ ਵੀ ਆਵਾਜ਼ ਸੁਣਦੀ ਹੈ: 'ਤੁਹਾਨੂੰ ਕਾਲੀ ਦਵਾਈ ਲਿਆ ਕੇ ਦਿਆਂ?' ਇਸ ਪਿੱਛੋਂ ਸਾਰੇ ਹੱਸਣ ਲੱਗਦੇ ਹਨ। ਉਂਜ ਇਸ ਦੌਰਾਨ ਮੁੱਖ ਮੰਤਰੀ ਵੀ ਕੁਝ ਕਹਿੰਦੇ ਹਨ, ਪਰ ਹਾਸੇ ਵਿੱਚ ਚੰਗੀ ਤਰ੍ਹਾਂ ਸੁਣ ਨਹੀਂ ਰਿਹਾ। ਮਾਲਵੇ ਦਾ ਇਕ ਮੰਤਰੀ ਕਹਿੰਦਾ ਹੈ, 'ਇਸ ਲਈ ਤਾਂ ਰਾਜਸਥਾਨ ਜਾਣਾ ਪਵੇਗਾ।' ਸਿਹਤ ਮੰਤਰੀ ਬ੍ਰਹਮ ਮਹਿੰਦਰਾ ਕਹਿੰਦੇ ਸੁਣਦੇ ਹਨ, 'ਇਹ ਕਦੋਂ ਰਾਜਸਥਾਨ ਜਾਏਗਾ ਤੇ ਓਥੋਂ ਕਾਲੀ ਦਵਾਈ ਲਿਆਏਗਾ?'

ਕੈਬਨਿਟ ਮੀਟਿੰਗ ਤੋਂ ਪਹਿਲਾਂ ਦੀ ਇਹ ਵੀਡੀਓ ਬਿਨਾਂ ਐਡਿਟ ਕੀਤੇ ਜਾਰੀ ਹੋਣ ਪਿੱਛੋਂ ਲੋਕ ਸੰਪਰਕ ਵਿਭਾਗ ਨੇ ਇਸ ਦੇ ਲਈ ਐਡੀਸ਼ਨਲ ਡਾਇਰੈਕਟਰ ਰੈਂਕ ਦੇ ਅਫਸਰ ਨੂੰ ਜ਼ਿੰਮੇਵਾਰ ਮੰਨ ਕੇ ਚਾਰਜਸ਼ੀਟ ਕਰ ਦਿੱਤਾ ਹੈ। ਇਹੋ ਜਿਹੀ ਵੀਡੀਓ ਹਰ ਕੈਬਨਿਟ ਮੀਟਿੰਗ ਤੋਂ ਪਹਿਲਾਂ ਬਣਾਈ ਤੇ ਵੱਖ-ਵੱਖ ਇਲੈਕਟ੍ਰਾਨਿਕ ਚੈਨਲਾਂ ਨੂੰ ਵੀਡੀਓ ਫੁਟੇਜ ਲਈ ਦਿੱਤੀ ਜਾਂਦੀ ਹੈ, ਪਰ ਇਸ ਨੂੰ ਮਿਊਟ (ਆਵਾਜ਼ ਬੰਦ ਕਰ ਕੇ) ਬਣਾਉਣਾ ਹੁੰਦਾ ਹੈ।ਸਬੰਧਤ ਅਫਸਰ ਨੇ ਇਹ ਜਾਂਚ ਨਹੀਂ ਸੀ ਕੀਤੀ ਤੇ ਸਿੱਧੀ ਜਾਰੀ ਹੋ ਗਈ। ਸੱਤਾ ਵਿੱਚ ਆਉਣ ਤੋਂ ਪਹਿਲਾਂ ਗੁਟਕਾ ਸਾਹਿਬ ਨੂੰ ਹੱਥ ਵਿਚ ਫੜ ਕੇ ਨਸ਼ਾ ਮਿਟਾਉਣ ਦੀ ਗੱਲ ਕਹਿ ਚੁੱਕੇ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੀ ਕੈਬਨਿਟ ਮੀਟਿੰਗ ਵਿਚ ਅਫ਼ੀਮ ਲੈਣ ਤੇ ਇਸ ਦੀ ਖੇਤੀ ਬਾਰੇ ਚਰਚਾ ਕਰਦੇ ਸੁਣਨ ਨਾਲ ਸਰਕਾਰ ਦੀ ਕਾਫ਼ੀ ਬੇਇੱਜ਼ਤੀ ਹੋਈ ਹੈ।








Paramjit Deol Broker
CELL: 416-993-7378
7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca



"Your neighborhood broker, Call Paramjit Deol Today"

**Mississauga $134,000** — 17 Tannery St: Well Established Franchise Pizzeria, Located In Dwntown Of Mississauga (Streetsville) Fantastic Location, Great Clientele, Very Busy Area, Great Exposure, Lots Of Fast Traffic, High Volume Sales Of $8000 Per Week, Low Rent Of $2800 + Hst

**Mississauga $169,900** — 7215 Goreway Dr 70: Attention Investors!! Great Opportunity To Own A Unit In A Very Busy Plaza, Fully Constructed For Barber Shop Or Hair Salon, 3 Stations, Great Exposure And High Traffic Flow. Close to Amenities

**St. Catharines $189,000** — 198 Glenridge Ave 5: Turn Key Operation. Be Your Own Boss Today, Well Established Pizzeria, Great Clientele, Prime Location In St. Catherines, Steps Away From Brock University & 2 Major High Schools. There Is A Line Up Everyday At Lunch

**Mississauga $199,900** — Techlogics — 5315 Tomken Rd 5: Great Investment Opportunity! Well Established Electronics Store In Mississauga W/ Approx. 2100 Sq Ft, Very Low Rent Of $2,100 & Sales Of $80,000-$90,000. Will Not Last Long!

**Mississauga $299,000** — GINO'S PIZZA — 136 Queen St S 2: Well Established Franchise Pizzeria Business For Sale In Downtown Streetsville. Many Years In Business Weekly Sales Are $13500-14000/Wk. Very Busy Location, Located Beside A Huge And Busy Plaza, Across From Tim Hortons, LCBO & Other Stores

**Mississauga $399,900** — Photo Not Available — 7120 Pacific Circ B : Well Established Business For Sale, Truck Trailer Repair Shop, Many Years In Business, Well Known & Reputable Service, Long List Of Great Clientele & Repeated Customers, Approx 6,000 Sqft, Hold Upto 6 Trucks At A Time, Fast Sales $900,000 Per Year As

**Shelburne $399,999** — 328 Centre St: This Beautiful Renovated Home Comes With 3+2 Bedrooms And 2 1/2 Bathrooms. The Large Kitchen Has Lots Of Storage With Built In Pantry And A Dinning Area For Entertaining Friends And Family. The Large Open-Concept Living Space Provides An Unobstructed View Of The

**Toronto $435,000** — 90 Dale Ave 407: Open Concept 2 Bedroom And 2 Bath Bright And Spacious Unit With Fabulous Floor To Ceiling Windows, Convenient Ensuite Laundry, Gym, Indoor Pool, Sauna, Party Room, Security. Guildwood Go Station Nearby. Steps To Conservation Area Trails, Mins

**Mississauga $449,000** — 2556 Argyle Rd 1104: Fully Renovated Move-In-Ready Condo, 2 Spacious Bedrooms, 2 Baths In A Very Quiet, Clean & Family Oriented Building In Highly Desirable Area (10 Mins To Square One). Good Layout With Large Living Room, Ensuite Laundry, & Large Balcony (Unobstructed View) With New

**Richmond Hill $560,000** — 8868 Yonge St 222E : Westwood Gardens At Yonge And Hwy7 In Richmond Hill Rare On The Market! 2 Bdrm South East Facing Unit Open Concept Layout! Great Location In The Heart Of The Richmond Hill, Features 9 Ft Ceilings, Nice Finishes

**Brampton $655,000** — 32 Tollgate St : Beautiful Townhouse In Prestigious Golf Courses & Park Community! Modern Open Concept. Bright Spacious Model Finished Living Space, 3 Bedroom & 4 Bathroom Featuring A Master Ensuite. Minutes From 410, Mall, Transit, Schools & Hospital.

**Oshawa $659,000** — Photo Not Available — 150 Windfields Farm Dr 86:Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Toronto $829,900** — 29 Phillip Ave: Attention Builders, Renovators & Contractors! Finish To Your Taste! Includes Full Set Of Building Plans & Approved Building Permit For Immediate Development Of A Stunning 2100 Sq Ft Home+Garage, Open Concept Main Floor W/10 Ft Ceilings, 4 Bedroom, 4 Baths, 2 Walk-In Closets &

**Brampton $983,000** — 87 Earlsbridge Blvd: This Home Feats Traditional European Style & Tasteful Decor. The Open Concept Main Flr Has Hrwd Flrs, Wainscoting, Designer Light Fixtures. Family-Sized Kitchen Is Fitted With Centre Island, Ss Appliances & Marble

**Mississauga $1,100,000** — 785 Craig Carrier Crt: Gorgeous, Premium Lot, All Brick Detached 3+1 Bdrm In Olde Meadowvale Village. All Hdwd Throughout Main Floor, Custom Kitchen B/S Granite, Display Cabinets, S/S App, Brkfst Area, W/O To Deck & Fenced Yrd, Fam Rm W F/Place, Hdwd

**Brampton $1,900,000** — Photo Not Available — 115 Orenda Rd: Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller.

*Canadian punjabi post assumes no responsibility for the accuracy of any information shown. Copyright Ppost 2019

‘ਪੰਜਾਬ ਪ੍ਰਗਤੀਸ਼ੀਲ ਨਿਵੇਸ਼ ਸੰਮੇਲਨ-2019’

# ਕੈਪਟਨ ਅਮਰਿੰਦਰ ਵਲੋਂ ਉਦਯੋਗ ਅਤੇ ਨਿਵੇਸ਼ਕਾਰਾਂ ਲਈ ਪੰਜਾਬ ’ਚ ਸੁਰੱਖਿਅਤ ਤੇ ਸਥਿਰ ਮਾਹੌਲ ਦਾ ਵਾਅਦਾ





ਮੋਹਾਲੀ, 5 ਦਸੰਬਰ (ਪੋਸਟ ਬਿਊਰੋ)-ਨਿਵੇਸ਼ ਅਤੇ ਵਿਕਾਸ ਲਈ ਉਦਯੋਗ ਨੂੰ ਸੁਰੱਖਿਅਤ ਤੇ ਸਥਿਰ ਮਾਹੌਲ ਮੁਹੱਈਆ ਕਰਵਾਉਣ ਲਈ ਆਪਣੀ ਸਰਕਾਰ ਦੀ ਦ੍ਰਿੜ ਵਚਨਬੱਧਤਾ ਨੂੰ ਦੁਹਰਾਉਂਦਿਆਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਪਾਕਿਸਤਾਨ ਦੇ ਨਾਲ-ਨਾਲ ਸਮਾਜ ਵਿਰੋਧੀ ਅਨਸਰਾਂ ਨੂੰ ਸੂਬੇ ਨੂੰ ਅਸਥਿਰ ਕਰਨ ਦੀ ਕਿਸੇ ਵੀ ਕੋਸ਼ਿਸ਼ ਕੀਤੇ ਜਾਣ ਵਿਰੁੱਧ ਸਖ਼ਤ ਤਾੜਨਾ ਕੀਤੀ ਹੈ।

ਉਦਯੋਗ ਨੂੰ ਵਿਕਾਸ ਲਈ ਬਹੁਤ ਹੀ ਸੁਖਾਵਾਂ ਮਾਹੌਲ ਪ੍ਰਦਾਨ ਕਰਦੇ ਪੰਜਾਬ ਦੇ ਸ਼ਾਂਤਮਈ ਹਾਲਾਤ ਵਿੱਚ ਵਿਘਨ ਪਾਉਣ ਦੀਆਂ ਕੋਸ਼ਿਸ਼ਾਂ ਕਰਨ ਵਾਲੇ ਗੁਆਂਢੀ ਮੁਲਕ ਅਤੇ ਕਿਸੇ ਵੀ ਗੈਂਗਸਟਰ ਜਾਂ ਗੁੰਡਿਆਂ ਨੂੰ ਸਖ਼ਤ ਚਿਤਾਵਨੀ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ,‘‘ਸੁਧਰ ਜਾਓ ਜਾਂ ਫਿਰ ਨਤੀਜੇ ਭੁਗਤਨ ਲਈ ਤਿਆਰ ਰਹੋ।’’

‘ਪ੍ਰਗਤੀਸ਼ੀਲ ਪੰਜਾਬ ਨਿਵੇਸ਼ ਸੰਮੇਲਨ-2019’ ਦੇ ਪਹਿਲੇ ਦਿਨ ਮੁੱਖ ਸੈਸ਼ਨ ਦੌਰਾਨ ਵਿਚਾਰ-ਚਰਚਾ ਮੌਕੇ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਪੰਜਾਬ ਪੁਲਿਸ ਨੂੰ ਸਪੱਸ਼ਟ ਹਦਾਇਤਾਂ ਦਿੱਤੀਆਂ ਹੋਈਆਂ ਹਨ ਕਿ ਕਿਸੇ ਵੀ ਅੰਦਰੂਨੀ ਜਾਂ ਬਾਹਰੀ ਖ਼ਤਰੇ ਨਾਲ ਕਰੜੇ ਹੱਥੀਂ ਨਿਪਟਿਆ ਜਾਵੇ। ਪਾਕਿ-ਸਤਾਨ ਵੱਲੋਂ ਪੰਜਾਬ ਵਿੱਚ ਗੜਬੜ ਪੈਦਾ ਕਰਨ ਦੀਆਂ ਹਾਲ ਹੀ ਵਿੱਚ ਕੀਤੀਆਂ ਕੋਸ਼ਿਸ਼ਾਂ ਬਾਰੇ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਪੁਲਿਸ ਨੇ ਇਨ੍ਹਾਂ ਮਨਸੂਬਿਆਂ ਨੂੰ ਕੁਚਲ ਕੇ ਰੱਖ ਦਿੱਤਾ। ਆਈ.ਐਸ.ਆਈ. ਦੀ ਸ਼ਹਿ ਨਾਲ ਸੂਬੇ ਵਿੱਚ ਵੱਖ-ਵੱਖ ਗਰੁੱਪਾਂ ਦੀ ਘੁਸਪੈਠ ਦੀਆਂ ਪਾਕਿਸਤਾਨ ਫੌਜ ਦੀਆਂ ਕੋਸ਼ਿਸ਼ਾਂ ਨੂੰ ਵੀ ਪੁਲਿਸ ਨੇ ਮੂੰਹ ਤੋੜਵਾਂ ਜਵਾਬ ਦਿੱਤਾ।

ਮੁੱਖ ਮੰਤਰੀ ਨੇ ਕਿਹਾ,‘‘ਪਾਕਿਸਤਾਨ ਦੀਆਂ ਆਪਣੀਆਂ ਸਮੱਸਿਆਵਾਂ ਹਨ ਪਰ ਇਨ੍ਹਾਂ ਸਮੱਸਿਆਵਾਂ ਨੂੰ ਮੈਂ ਆਪਣੀਆਂ ਸਮੱਸਿਆਵਾਂ ਨਹੀਂ ਬਣਨ ਦੇਵਾਂਗਾ।’’ ਮੁੱਖ ਮੰਤਰੀ ਨੇ ਕਿਹਾ ਕਿ ਪਿਛਲੇ ਦੋ ਸਾਲਾਂ ਵਿੱਚ ਪੰਜਾਬ ਪੁਲਿਸ ਨੇ 28 ਅੱਤਵਾਦੀ ਗਿਰੋਹਾਂ ਦਾ ਪਰਦਾ ਫਾਸ਼ ਕੀਤਾ ਅਤੇ ਆਈ.ਐਸ.ਆਈ. ਦੀ ਸ਼ਹਿ ਪ੍ਰਾਪਤ 100 ਤੋਂ ਵੱਧ ਅੱਤਵਾਦੀਆਂ ਨੂੰ ਗ੍ਰਿਫਤਾਰ ਕੀਤਾ ਗਿਆ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਇਮਰਾਨ ਖਾਨ ਸ਼ਾਂਤੀ ਚਾਹੁੰਦੇ ਹਨ ਪਰ ਸ੍ਰੀ ਖਾਨ ਵੱਲੋਂ ਸ਼ਾਂਤੀ ਲਈ ਚੁੱਕੇ ਜਾਣ ਵਾਲੇ ਕਿਸੇ ਵੀ ਕਦਮ ਵਿੱਚ ਪਾਕਿਸਤਾਨੀ ਫੌਜ ਰੋੜੇ ਅਟਕਾ ਦਿੰਦੀ ਹੈ ਕਿਉਂ ਫੌਜ ਆਪਣੀ ਚੌਧਰ ਕਾਇਮ ਰੱਖਣਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਨੂੰ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਜੇਕਰ ਉਨ੍ਹਾਂ ਨੇ ਆਪਣੇ ਤੌਰ-ਤਰੀਕੇ ਨਾ ਬਦਲੇ ਤਾਂ ਉਹ ਬਰਬਾਦ ਹੋ ਜਾਣਗੇ। ਉਨ੍ਹਾਂ ਕਿਹਾ ਕਿ ਜੇਕਰ ਪਾਕਿਸਤਾਨ ਨੇ ਆਪਣੇ ਲੋਕਾਂ ਦਾ ਢਿੱਡ ਭਰਨਾ ਹੈ ਅਤੇ ਆਪਣੇ ਮੁਲਕ ਨੂੰ ਬਚਾਉਣਾ ਹੈ ਤਾਂ ਪਾਕਿਸਤਾਨ ਦੀ ਫੌਜ ਨੂੰ ਮਿਲਵਰਤਨ ਤੇ ਸਹਿਯੋਗ ਦਾ ਰਾਹ ਫੜਣਾ ਪਵੇਗਾ।

ਗੈਂਗਸਟਰਾਂ ਨੂੰ ਵੀ ਸਖ਼ਤ ਚਿਤਾਵਨੀ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਗੈਂਗਸਟਰਵਾਦ ਨੂੰ ਖ਼ਤਮ ਕਰਨਾ ਉਨ੍ਹਾਂ ਦੀ ਸਰਕਾਰ ਦੀ ਮੁੱਖ ਤਰਜੀਹ ਹੈ। ਉਨ੍ਹਾਂ ਤਾੜਨਾ ਕਰਦਿਆਂ ਕਿਹਾ ਕਿ ਗੈਂਗਸਟਰ ਤੇ ਗੁੰਡੇ ਜਾਂ ਤਾਂ ਹਥਿਆਰ ਸੁੱਟ ਦੇਣ ਨਹੀਂ ਤਾਂ ਫਿਰ ਉਨ੍ਹਾਂ ਨੂੰ ਨਤੀਜੇ ਭੁਗਤਨੇ ਪੈਣਗੇ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਜਿੱਥੇ ਅਜਿਹੇ ਅਨਸਰਾਂ ਨਾਲ ਕਰੜੇ ਹੱਥੀਂ ਨਿਪਟਿਆ, ਉੱਥੇ ਹੀ ਟਰੱਕ ਯੂਨੀਅਨਾਂ ਦਾ ਵੀ ਖਾਤਮਾ ਕਰ ਦਿੱਤਾ ਤਾਂ ਕਿ ਉਦਯੋਗਿਕ ਗਤੀਵਿਧੀਆਂ ਲਈ ਸੁਰੱਖਿਅਤ ਵਾਤਾਵਰਣ ਮੁਹੱਈਆ ਕਰਵਾਇਆ ਜਾ ਸਕੇ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਔਰਤਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਵੀ ਲੋੜੀਂਦੇ ਕਦਮ ਚੁੱਕੇ ਜਾ ਰਹੇ ਹਨ ਤਾਂ ਜੋਂ ਔਰਤਾਂ ਉਦਯੋਗਾਂ ਵਿੱਚ ਨੌਕਰੀਆਂ ਖਾਸਕਰ ਰਾਤ ਦੇ ਸਮੇਂ ਦੀਆਂ ਸ਼ਿਫਟਾਂ ਦੌਰਾਨ ਵੀ ਕੰਮ ਕਰ ਸਕਣ। ਉਨ੍ਹਾਂ ਕਿਹਾ ਕਿ ਕੋਈ ਵੀ ਔਰਤ ਨਾ ਸਿਰਫ਼ ਰਾਤ ਵੇਲੇ ਸੁਰੱਖਿਅਤ ਘਰ ਪਹੁੰਚਣ ਲਈ ਪੁਲਿਸ ਨੂੰ ਬੁਲਾ ਸਕਦੀ ਹੈ, ਸਗੋਂ ਜੇਕਰ ਉਹ ਦਿਨ ਵੇਲੇ ਵੀ ਕਿਸੇ ਤਰ੍ਹਾਂ ਦੀ ਅਸੁਰੱਖਿਆ ਜਾਂ ਖ਼ਤਰਾ ਮਹਿਸੂਸ ਕਰਦੀ ਹੈ ਤਾਂ ਉਹ ਦਿਨ ਵੇਲੇ ਵੀ ਪੁਲਿਸ ਦੀ ਸਹਾਇਤਾ ਲੈ ਸਕਦੀ ਹੈ।

ਸੂਬੇ ਦੀ ਤਰੱਕੀ ਲਈ ਉਦਯੋਗਿਕ ਵਿਕਾਸ ਨੂੰ ਮਹੱਤਵਪੂਰਨ ਸੈਕਟਰ ਦੱਸਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਉਦਯੋਗ ਦੀ ਸਹੂਲਤ ਲਈ ਉਨ੍ਹਾਂ ਦੀ ਸਰਕਾਰ ਵੱਲੋਂ ਚੁੱਕੇ ਕਦਮਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਸਨਅਤ ਅਤੇ ਨਿਵੇਸ਼ਕਾਂ ਨੂੰ ਢੁੱਕਵਾਂ ਮਾਹੌਲ ਮੁਹੱਈਆ ਕਰਵਾਉਣ ’ਤੇ ਧਿਆਨ ਕੇਂਦਰਿਤ ਕੀਤਾ ਹੋਇਆ ਹੈ ਤਾਂ ਕਿ ਪੰਜਾਬ ਨਿਵੇਸ਼ ਪੱਖੋਂ ਤਰਜੀਹੀ ਟਿਕਾਣੇ ਵਜੋਂ ਉਭਰੇ। ਉਨ੍ਹਾਂ ਕਿਹਾ ਕਿ ਸਾਲ 2017 ਵਿੱਚ ਲਿਆਂਦੀ ਉਦਯੋਗਿਕ ਨੀਤੀ ਨੇ ਉਸ ਤੋਂ ਪਹਿਲਾਂ ਦੀ ਨੀਤੀ ਵਿਚਲੀਆਂ ਕਈ ਕਮਜ਼ੋਰੀਆਂ ਨੂੰ ਦੂਰ ਕੀਤਾ। ਉਨ੍ਹਾਂ ਕਿਹਾ ਕਿ ਕਾਰੋਬਾਰ ਨੂੰ ਸੁਖਾਲਾ ਬਣਾਉਣ ਲਈ ਸਿੰਗਲ ਵਿੰਡੋ ਕਲੀਅਰੈਂਸ, ਆਨ ਲਾਈਨ ਅਰਜ਼ੀਆਂ ਤੇ ਪ੍ਰਵਾਨਗੀਆਂ, ਉਦਯੋਗਾਂ ਲਈ ਬਿਜਲੀ ’ਤੇ ਸਬਸਿਡੀ, ਵਪਾਰ ਤੇ ਸਨਅਤ ਨਾਲ ਸਬੰਧਤ ਮੁੱਖ ਕਾਨੂੰਨਾਂ ਵਿੱਚ ਸੋਧ ਦੇ ਨਾਲ-ਨਾਲ ਜਲ ਨੇਮਬੰਦੀ ਵਰਗੀਆਂ ਸਹੂਲਤਾਂ ਨਿਵੇਸ਼ਕਾਰਾਂ ਨੂੰ ਮੁਹੱਈਆ ਕਰਵਾਈਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਸੂਬੇ ਦੀ ਪੜ੍ਹੀ ਲਿਖੀ ਤੇ ਸਮਰਪਿਤ ਮਾਨਵ ਸ਼ਕਤੀ ਉਦਯੋਗ ਲਈ ਵੱਡਾ ਸਰਮਾਇਆ ਹੈ।

ਅਨਾਜ ਦੇ ਵਾਧੂ ਉਤਪਾਦਨ ਨਾਲ ਪੰਜਾਬ ਲਈ ਖੇਤੀਬਾੜੀ ਹੁਣ ਹੰਢਣਸਾਰ ਨਾ ਹੋਣ ਦੇ ਮੱਦੇਨਜ਼ਰ ਮੁੱਖ ਮੰਤਰੀ ਨੇ ਲੋਕਾਂ ਨੂੰ ਖੇਤੀਬਾੜੀ ਤੋਂ ਉਦਯੋਗ ਵੱਲ ਲਿਆਉਣ ਦੀ ਲੋੜ ’ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਸਨਅਤੀ ਸੈਕਟਰ ਰੁਜ਼ਗਾਰ ਦੇ ਸਹੀ ਮੌਕੇ ਮੁਹੱਈਆ ਕਰਵਾ ਕੇ ਪੰਜਾਬ ਦੇ ਨੌਜਵਾਨਾਂ ਨੂੰ ਦੂਜੇ ਮੁਲਕਾਂ ਵੱਲ ਜਾਣ ਨੂੰ ਠੱਲ੍ਹ ਪਾਉਣ ਵਿੱਚ ਮਦਦਗਾਰ ਸਾਬਤ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਆਪਣੇ ਪੱਧਰ ’ਤੇ ਨੌਜਵਾਨਾਂ ਲਈ ਹੁਨਰ ਵਿਕਾਸ ਲਈ ਉਤਸ਼ਾਹਤ ਕੀਤਾ ਜਾ ਰਿਹਾ ਹੈ ਤਾਂ ਜੋ ਰੁਜ਼ਗਾਰ ਲਈ ਵੱਧ ਤੋਂ ਵੱਧ ਮੌਕੇ ਪੈਦਾ ਹੋ ਸਕਣ।

## ਪਾਠ ਦੇ ਭੋਗ ਐਤਵਾਰ ਨੂੰ

ਸਮੂਹ ਸੰਗਤ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਦਮਦਮੀ ਟਕਸਾਲ ਦੇ 14ਵੇਂ ਮੁਖੀ ਸ਼੍ਰੀ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਜੀ ਦੇ ਵੱਡੇ ਭਰਾ ਭਾਈ ਵੀਰ ਸਿੰਘ ਜੀ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ।ਉਨ੍ਹਾਂ ਦੇ ਨਮਿਤ ਪਾਠ ਦੇ ਭੋਗ ਦਿਨ ਐਤਵਾਰ ਦੁਪਹਿਰ 1:30 ਵਜੇ ਤੋਂ 3:30 ਵਜੇ ਤੱਕ ਗੁਰਦੁਆਰਾ ਜੋਤ ਪ੍ਰਕਾਸ਼ ਸਾਹਿਬ (135 SUN PAC BLVD. BRAMPTON ON, L6S 5Z6) ਵਿਖੇ ਪੈਣਗੇ। ਜਿਸ ਵਿਚ ਰਾਗੀ-ਢਾਡੀ ਤੇ ਕਥਾਵਾਚਕ ਵੀ ਪਹੁੰਚ ਰਹੇ ਹਨ, ਜੋ ਕਿ ਕੀਰਤਨ ਅਤੇ ਗੁਰਮਤਿ ਵਿਚਾਰਾਂ ਨਾਲ ਨਿਹਾਲ ਕਰਨਗੇ।ਹੋਰ ਜਾਣਕਾਰੀ ਲਈ 905-790-1415 ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ।

## ਇੰਗਲੈਂਡ ਦੇ ਸੈਸ਼ਨ ਦੌਰਾਨ ਪੰਜਾਬ ਵਿੱਚ ਵਿਕਾਸ ਨੂੰ ਬੜ੍ਹਾਵਾ ਦੇਣ ਵਾਸਤੇ ਨਵੀਆਂ ਖੋਜਾਂ ਦੀ ਮਹੱਤਤਾ ’ਤੇ ਜ਼ੋਰ

ਮੋਹਾਲੀ, 5 ਦਸੰਬਰ (ਪੋਸਟ ਬਿਊਰੋ)- ਪ੍ਰਗਤੀਸ਼ੀਲ ਪੰਜਾਬ ਨਿਵੇਸ਼ ਸੰਮੇਲਨ-2019 ਦੇ ਪਹਿਲੇ ਦਿਨ ਯੂ.ਕੇ. ਕੰਟਰੀ ਸੈਸ਼ਨ ਦੌਰਾਨ ਬੁਲਾਰਿਆਂ ਨੇ ਪੰਜਾਬ ਵਿੱਚ ਵਿਕਾਸ ਨੂੰ ਬੜ੍ਹਾਵਾ ਦੇਣ ਦੇ ਵਾਸਤੇ ਨਵੀਂਆਂ ਖੋਜਾਂ ’ਤੇ ਜ਼ੋਰ ਦਿੱਤਾ ਹੈ ਅਤੇ ਵਿਕਾਸ ਦੇ ਵਾਸਤੇ ਪੂਜੀ ਨਿਵੇਸ਼ ਦੀ ਕੋਈ ਵੀ ਕਮੀ ਨਾ ਹੋਣ ਦੀ ਗੱਲ ਆਖੀ ਹੈ।

ਇਸ ਸੈਸ਼ਨ ਦੌਰਾਨ ਖੇਤੀਬਾੜੀ, ਮਸ਼ੀਨਰੀ, ਹੈਂਡ ਟੂਲਜ਼, ਆਟੋਮੋਬ-ਾਇਲ, ਬਾਈ-ਸਾਇਕਲ ਦੇ ਪੁਰਜਿਆਂ, ਖੇਡ ਵਸਤਾਂ, ਨਿਵਿਆਉਣਯੋਗ ਊਰਜਾ ਦੇ ਖੇਤਰਾਂ ਸਣੇ ਵੱਖ ਵੱਖ ਖੇਤਰਾਂ ਬਾਰੇ ਵਿਚਾਰ ਵਿਟਾਂਦਰਾ ਕੀਤਾ ਗਿਆ।

ਆਪਣੇ ਸ਼ੁਰੂਆਤੀ ਭਾਸ਼ਣ ਵਿੱਚ ਪੰਜਾਬ ਦੀ ਵਧੀਕ ਸਕੱਤਰ ਸਹਿਕਾਰਤਾ ਸ੍ਰੀਮਤੀ ਕਲਪਨਾ ਬਰੂਆ ਮਿੱਤਲ ਨੇ ਸੂਬੇ ਦੀ ਸਨਅਤੀ ਨੀਤੀ ਦੀਆਂ ਵਿਸ਼ੇਸ਼ਤਾਵਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਸ ਨੀਤੀ ਨੇ ਸੂਬੇ ਵਿੱਚ ਨਿਵੇਸ਼ ਲਈ ਢੁਕਵਾਂ ਮਾਹੌਲ ਤਿਆਰ ਕੀਤਾ ਹੈ ਅਤੇ ਵਿਕਾਸ ਨੂੰ ਗਤੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸੂਬਾ ਉਦਯੋਗਾਂ ਨੂੰ 5 ਰੁਪਏ ਪ੍ਰਤੀ ਯੂਨਿਟ ਦੇ ਹਿਸਾਬ ਨਾਲ ਬਿਜਲੀ ਪ੍ਰਦਾਨ ਕਰ ਰਿਹਾ ਹੈ ਅਤੇ ਹੁਨਰਮੰਦ ਕਿਰਤ ਅਤੇ ਸ਼ਾਂਤੀ ਦਾ ਮਾਹੌਲ ਹੋਣ ਦੇ ਕਾਰਨ ਪਿਛਲੇ ਦੋ ਸਾਲਾਂ ਵਿੱਚ ਪੰਜਾਬ ਵਿੱਚ 50000 ਕਰੋੜ ਰੁਪਏ ਦਾ ਨਿਵੇਸ਼ ਹੋਇਆ ਹੈ। ਉਨ੍ਹਾਂ ਨੇ ਪੰਜਾਬ ਅਤੇ ਇੰਗਲੈਂਡ ਵਿਚਕਾਰ ਇਤਿਹਾਸਕ, ਸਮਾਜਿਕ ਆਰਥਿਕ ਸਬੰਧਾਂ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਇਸ ਨਾਲ ਦੋਵਾਂ ਵਿੱਚ ਹੋਰ ਸਬੰਧ ਮਜ਼ਬੂਤ ਹੋਣਗੇ।

ਪੰਜਾਬ ਅਤੇ ਇੰਗਲੈਂਡ ਵਿੱਚਕਾਰ ਸਬੰਧਾਂ ਦਾ ਜ਼ਿਕਰ ਕਰਦੇ ਹੋਏ ਯੂ.ਕੇ. ਟਰੇਡ ਅਤੇ ਇੰਵੈਸਟਮੈਂਟ ਇੰਡੀਆ ਦੇ ਡਾਇਰੈਕਟਰ ਕਰਿਸਪਿਨ ਸਿਮੋਨ ਨੇ ਪੰਜਾਬ ਨੂੰ ਨਿਵੇਸ਼ ਦੇ ਪੱਖ ਤੋਂ ਬਹੁਤ ਵਧੀਆ ਸੂਬਾ ਦੱਸਿਆ। ਉਨ੍ਹਾਂ ਨੇ ਬਾਇਓਟਕਨੋਲੋਜੀ, ਹੁਨਰ ਵਿਕਾਸ ਅਤੇ ਪੰਜਾਬ ਵਿੱਚ ਚਾਵਲਾਂ ਦੇ ਸਟੋਰ ਸਥਾਪਿਤ ਕਰਨ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਉਨ੍ਹਾਂ ਨੇ ਪਰਾਲੀ ਨੂੰ ਸਾੜਨ ਦੀ ਸਮੱਸਿਆ ਨਾਲ ਨਿਪਟਣ ਲਈ ਪੰਜਾਬ ਸਰਕਾਰ ਦੀ ਸਰਾਹਨਾ ਵੀ ਕੀਤੀ।







# ਉਤਰ ਪ੍ਰਦੇਸ਼ ਦੇ ਉਨਾਵ ਵਿੱਚ ਬਲਾਤਕਾਰ ਪਿੱਛੋਂ ਕੁੜੀ ਨੂੰ ਜ਼ਿੰਦਾ ਸਾੜਿਆ ਗਿਆ

* 90 ਫ਼ੀਸਦੀ ਸੜੀ ਹੋਈ ਇਕ ਕਿਲੋਮੀਟਰ ਪੈਦਲ ਚੱਲੀ ਪੀੜਤਾ
* ਹਾਲਾਤ ਵਿਗੜਦੇ ਵੇਖ ਕੇ ਦਿੱਲੀ ਸ਼ਿਫਟ ਕੀਤੀ ਗਈ



ਲਖਨਊ, 5 ਦਸੰਬਰ, (ਪੋਸਟ ਬਿਊਰੋ)- ਪਿਛਲੇ ਹਫਤੇ ਹੈਦਰਾਬਾਦ ਵਿੱਚ ਡਾਕਟਰ ਲੜਕੀਨੂੰ ਬਲਾਤਕਾਰ ਮਗਰੋਂ ਸਾੜ ਦੇਣ ਦੀ ਘਟਨਾ ਦਾ ਰੋਹ ਅਜੇ ਸ਼ਾਂਤ ਨਹੀਂ ਹੋਇਆ ਸੀ ਕਿ ਉੱਤਰ ਪ੍ਰਦੇਸ਼ਵਿੱਚਬਲਾਤਕਾਰਕੇਸ ਵਾਪਸ ਨਾ ਲੈਣ ਕਾਰਨ ਦੋਸ਼ੀਆਂ ਨੇ ਪੀੜਤ ਲੜਕੀ ਨੂੰ ਜਿਊਂਦਿਆਂ ਸਾੜ ਦਿੱਤਾ ਹੈ।

ਪਤਾ ਲੱਗਾ ਹੈ ਕਿ 90 ਫ਼ੀਸਦੀ ਝੁਲਸ ਚੁੱਕੀ ਪੀੜਤਾ ਨੂੰ ਮਦਦ ਲਈ ਇਕ ਕਿਲੋਮੀਟਰ ਪੈਦਲ ਚੱਲਣਾ ਪਿਆ ਤੇ ਇਸ ਪਿੱਛੋਂਕਿਸੇ ਨੂੰ ਮਦਦ ਦੀ ਬੇਨਤੀ ਕੀਤੀ ਅਤੇ ਪੁਲਿਸ ਨੂੰ ਫੋਨ ਕਰਕੇ ਆਪਣੀ ਹੱਡਬੀਤੀ ਦੱਸੀ।ਗੰਭੀਰ ਰੂਪ ਵਿੱਚ ਝੁਲਸੀ ਹੋਈ ਪੀੜਤਾ ਨੂੰ ਉੱਤਰ ਪ੍ਰਦੇਸ਼ ਸਰਕਾਰ ਨੇ ਏਅਰ ਐਂਬੂਲੈਂਸ ਉੱਤੇ ਦਿੱਲੀ ਦੇ ਸਫਦਰਜੰਗ ਹਸਪਤਾਲ ਭੇਜਿਆ ਹੈ। ਮੁੱਖ ਮੰਤਰੀ ਯੋਗੀ ਆਦਿਤਿਆਨਾਥ ਦੇ ਹੁਕਮਾਂ ਪਿੱਛੋਂ ਪੁਲਿਸ ਨੇ ਪੰਜ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਡਿਪਟੀ ਕਮਿਸ਼ਨਰ ਨੇ ਇਸ ਘਟਨਾ ਦੀ ਪੂਰੀ ਜਾਂਚ ਕਰਨ ਲਈ ਪੰਜ ਮੈਂਬਰੀ ਵਿਸ਼ੇਸ਼ ਜਾਂਚ ਟੀਮ ਬਣਾ ਦਿੱਤੀ ਹੈ।

ਉਨਾਓ ਜ਼ਿਲ੍ਹੇ ਦੇ ਬਿਹਾਰ ਥਾਣਾ ਖੇਤਰ ਦੇ ਪਿੰਡ ਦੀ 25 ਸਾਲਾ ਇਸ ਲੜਕੀ ਨੇ ਆਪਣੇ ਪਿੰਡ ਦੇ ਸ਼ਿਵਮ ਤ੍ਰਿਵੇਦੀਅਤੇ ਉਸ ਦੇ ਸਾਥੀ ਸ਼ੁਭਮ ਤ੍ਰਿਵੇਦੀਉੱਤੇ ਦੋਸ਼ ਲਾਇਆ ਸੀ ਕਿ 12 ਦਸੰਬਰ 2018 ਨੂੰ ਉਨ੍ਹਾਂ ਨੇ ਉਸ ਨਾਲ ਬਲਾਤਕਾਰ ਕੀਤਾ ਸੀ। ਅਦਾਲਤ ਤੇ ਮਹਿਲਾ ਕਮਿਸ਼ਨ ਦੀ ਹਦਾਇਤ ਉੱਤੇਦੋਸ਼ੀਆਂ ਵਿਰੁੱਧ ਦਰਜ ਦੋ ਕੇਸਾਂ ਦੀ ਜਾਂਚ ਰਾਏਬਰੇਲੀ ਦੇ ਲਾਲਗੰਜ ਥਾਣੇ ਦੀ ਪੁਲਿਸ ਕਰ ਰਹੀ ਸੀ ਅਤੇ ਦੋਸ਼ੀ ਲਗਾਤਾਰਕੇਸ ਵਾਪਸੀ ਦਾ ਦਬਾਅ ਪਾ ਰਹੇ ਸਨ। ਅੱਜ ਵੀਰਵਾਰ ਨੂੰ ਪੀੜਤ ਲੜਕੀ ਬੈਸਵਾਰਾ ਰੇਲਵੇ ਸਟੇਸ਼ਨ ਚੱਲੀ ਤਾਂ ਪਿੰਡ ਤੋਂ ਕਰੀਬ ਤਿੰਨ ਸੌ ਮੀਟਰ ਦੂਰ ਰਾਹ ਵਿਚ ਸ਼ਿਵਮ ਤ੍ਰਿਵੇਦੀਤੇ ਉਸ ਦੇ ਸਾਥੀਆਂ ਨੇ ਉਸ ਨੂੰ ਰੋਕਿਆ ਤੇ ਮਿੱਟੀ ਦਾ ਤੇਲ ਛਿੜਕ ਕੇ ਅੱਗ ਲਾ ਕੇ ਫ਼ਰਾਰ ਹੋ ਗਏ। ਅੱਗ ਦੀਆਂ ਲਪਟਾਂ ਨਾਲ ਘਿਰੀ ਪੀੜਤਾ ਬਚਾਉਣ ਲਈ ਤਰਲੇ ਪਾਉਂਦੀ ਹੋਈ ਦੌੜੀ ਅਤੇ ਇੱਕ ਕਿਲੋਮੀਟਰ ਜਾ ਕੇ ਗੈਸ ਏਜੰਸੀ ਦੇ ਗੁਦਾਮ ਮੂਹਰੇ ਡਿੱਗ ਪਈ। ਰੌਲਾ ਸੁਣ ਕੇ ਆਏ ਗਾਰਡ ਨੇ ਅੱਗ ਬੁਝਾ ਕੇ ਪੁਲਿਸ ਨੂੰ ਦੱਸਿਆ ਤਾਂ ਸਮੇਰਪੁਰ ਦੇ ਮੁੱਢਲਾ ਸਿਹਤ ਕੇਂਦਰ ਲਿਜਾਇਆ ਗਿਆ, ਜਿੱਥੋਂ ਜ਼ਿਲ੍ਹਾ ਹਸਪਤਾਲ ਤੇ ਫਿਰ ਲਖਨਊ ਲਿਆ ਕੇ ਡਾ. ਸ਼ਿਆਮ ਪ੍ਰਸਾਦ ਮੁਖਰਜੀ ਸਿਵਲ ਹਸਪਤਾਲ ਭੇਜਿਆ ਗਿਆ। ਡਾਕਟਰਾਂ ਨੇ ਉਸ ਨੂੰ 90 ਫ਼ੀਸਦੀ ਸੜੀ ਹੋਈ ਦੱਸਿਆਤੇ ਦਿੱਲੀ ਭੇਜਣ ਨੂੰ ਕਹਿ ਦਿੱਤਾ।

ਪੀੜਤ ਲੜਕੀ ਨੇ ਲਖਨਊ ਪੁਚਾਏ ਜਾਣ ਤੋਂ ਪਹਿਲਾਂ ਉਨਾਵ ਦੇ ਜ਼ਿਲ੍ਹਾ ਹਸਪਤਾਲ ਵਿੱਚ ਐੱਸ ਡੀ ਐੱਮ ਸਾਹ-ਮਣੇ ਬਿਆਨ ਦਿੱਤਾ ਕਿ ਸ਼ਿਵ ਤ੍ਰਿਵੇਦੀ ਨੇ ਗੱਲ ਕਰਨ ਲਈ ਉਸ ਨੂੰ ਰਾਏਬਰੇਲੀ ਜਾਣ ਲਈ ਸੱਦਿਆ ਸੀ। ਉਸ ਦੇ ਨਾਲ ਰਾਮ ਕਿਸ਼ੋਰ, ਸ਼ੁਭਮ ਤੇ ਉਸ ਦੇ ਪਿਤਾ ਹਰੀਸ਼ੰਕਰ ਤੇ ਉਮੇਸ਼ ਵਾਜਪਾਈ ਸਨ। ਇਹ ਸਾਰੇ ਉਸ ਉੱਤੇਕੇਸ ਵਾਪਸੀਦਾ ਦਬਾਅ ਪਾ ਰਹੇ ਸਨ ਅਤੇ ਇਨਕਾਰ ਕਰਨ ਉੱਤੇ ਇਨ੍ਹਾਂ ਨੇ ਮਿੱਟੀ ਦਾ ਤੇਲ ਛਿੜਕ ਕੇ ਅੱਗ ਲਾ ਦਿੱਤੀ। ਇਸ ਘਟਨਾ ਦੇ ਬਾਅਦ ਮੁੱਖ ਮੰਤਰੀ ਯੋਗੀ ਅਦਿਤਿਆਨਾਥ ਦੇ ਹੁਕਮ ਉੱਤੇ ਸਰਕਾਰੀ ਮਸ਼ੀਨਰੀ ਹਰਕਤ ਵਿਚ ਆਈ। ਡਾਕਟਰੀ ਰਿਪੋਰਟ ਦੇਖ ਕੇ ਪੀੜਤ ਲੜਕੀ ਨੂੰ ਦਿੱਲੀ ਦੇ ਸਫਦਰਜੰਗ ਹਸਪਤਾਲ ਵਿੱਚਦਾਖ਼ਲ ਕਰਾਉਣ ਦਾ ਫ਼ੈਸਲਾ ਲਿਆ ਗਿਆ ਤੇ ਲਖਨਊ ਦੇ ਹਸਪਤਾਲ ਤੋਂ ਹਵਾਈ ਅੱਡੇ ਤਕ ਗਰੀਨ ਕਾਰੀਡੋਰ ਬਣਾ ਕੇ ਉਸ ਨੂੰ ਦਿੱਲੀ ਭੇਜਿਆ ਗਿਆ।

## ਊਧਵ ਠਾਕਰੇ ਸਰਕਾਰ ਵੱਲੋਂ ਭਾਜਪਾ ਅਤੇ ਆਰ ਐੱਸ ਐੱਸ ਉੱਤੇ ਹਮਲਾ ਸ਼ੁਰੂ

* ਭਾਜਪਾ ਆਗੂਆਂ ਦੀਆਂ ਸੱਤ ਖੰਡ ਮਿੱਲਾਂ ਦੀ ਕਰਜ਼ਾ ਗਾਰੰਟੀ ਰੱਦ



ਮੁੰਬਈ, 5 ਦਸੰਬਰ, (ਪੋਸਟ ਬਿਊਰੋ)- ਮਹਾਰਾਸ਼ਟਰ ਵਿੱਚਇੱਕ ਹਫਤਾ ਪਹਿਲਾਂ ਐੱਨ ਸੀਪੀ ਅਤੇ ਕਾਂਗਰਸ ਦੇ ਨਾਲ ਮਿਲ ਕੇ ਸੱਤਾ ਸੰਭਾਲਣ ਪਿੱਛੋਂ ਸ਼ਿਵ ਸੈਨਾ ਦੇ ਮੁਖੀ ਊਧਵ ਠਾਕਰੇ ਦੀ ਸਰਕਾਰ ਨੇ ਆਰ ਐੱਸ ਐੱਸ ਨਾਲ ਜੁੜੇ ਅਦਾਰੇ ਨੂੰ ਅਸ਼ਟਾਮ ਫੀਸ ਵਿੱਚ ਛੋਟ ਦੇਣ ਦਾਪਿਛਲੀ ਭਾਜਪਾ ਸਰਕਾਰ ਦਾ ਫ਼ੈਸਲਾ ਅੱਜ ਰੱਦ ਕਰ ਦਿੱਤਾ ਹੈ। ਵਰਨਣ ਯੋਗ ਹੈ ਕਿ ਪਿਛਲੀ ਭਾਜਪਾ ਸਰਕਾਰ ਵਿੱਚਸ਼ਿਵ ਸੈਨਾਵੀ ਭਾਈਵਾਲ ਸੀ। ਇਕ ਸੀਨੀਅਰ ਅਧਿਕਾਰੀ ਨੇ ਅੱਜ ਵੀਰਵਾਰ ਦੱਸਿਆ ਕਿ ਅਸ਼ਟਾਮ ਫੀਸ ਦੀਛੋਟ ਰੱਦ ਕਰਨ ਦਾ ਫ਼ੈਸਲਾ ਸ਼ਿਵ ਸੈਨਾ ਦੀ ਅਗਵਾਈ ਵਾਲੀ ਮਹਾਵਿਕਾਸ ਅਘਾੜੀ ਸਰਕਾਰ ਨੇ ਕੱਲ੍ਹ ਬੁੱਧਵਾਰ ਨੂੰ ਲਿਆ ਸੀ। ਉਨ੍ਹਾਂ ਕਿਹਾ ਕਿ ਨਾਗ-ਪੁਰ ਦੇ ਇੱਕ ਖੋਜ ਅਦਾਰੇ ਨੇ ਕਰੋਲ ਤਹਿਸੀਲ ਵਿੱਚ ਵੱਡੇ ਪੱਧਰ ਉੱਤੇ ਜ਼ਮੀਨ ਖ਼ਰੀਦੀ ਹੈ। ਇਹ ਅਦਾਰਾ ਆਰ ਐੱਸ ਐੱਸ ਦੀ ਇੱਕ ਸ਼ਾਖਾ ਭਾਰਤੀ ਸ਼ਿਕਸ਼ਣ ਮੰਡਲ ਨੇ ਸ਼ੁਰੂ ਕੀਤਾ ਸੀ। ਪਿਛਲੀ ਨੌਂ ਸਤੰਬਰ ਨੂੰ ਦਵਿੰਦਰ ਫੜਨਵੀਸ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਨੇ ਇਸ ਅਦਾਰੇ ਨੂੰ ਜ਼ਮੀਨ ਸੌਦੇ ਲਈ ਅਸ਼ਟਾਮ ਅਤੇ ਰਜਿਸਟ੍ਰੇਸ਼ਨ ਫੀਸ ਤੋਂ ਛੋਟ ਦੇ ਦਿੱਤੀ ਸੀ। ਇਸ ਅਧਿਕਾਰੀ ਨੇ ਕਿਹਾ ਕਿ 105 ਹੈਕਟੇਅਰ ਜ਼ਮੀਨ ਖ਼ਰੀਦਣ ਦੇ ਲਈ 1.5 ਕਰੋੜ ਰੁਪਏ ਅਸ਼ਟਾਮ ਫ਼ੀਸ ਦੀ ਛੋਟ ਦਿੱਤੀ ਗਈ ਸੀ, ਜਿਹੜੀ ਰੱਦ ਕਰ ਦਿੱਤੀ ਗਈ ਹੈ। ਇਸ ਅਦਾਰੇ ਨੂੰ ਇਹ ਅਸ਼ਟਾਮ ਫੀਸ ਭਰਨੀ ਪਵੇਗੀ।


ਅੱਜ ਹੀ ਜਾਣਕਾਰ ਸੂਤਰਾਂ ਨੇ ਦੱਸਿਆ ਕਿ ਬੁੱਧਵਾਰ ਹੋਈ ਮਹਾਰਾਸ਼ਟਰਮੰਤਰੀ ਮੰਡਲ ਦੀ ਬੈਠਕ ਵਿੱਚ ਪਿਛਲੀ ਭਾਜਪਾ ਸਰਕਾਰ ਵੱਲੋਂ ਆਖ਼ਰੀ ਦਿਨਾਂ ਵਿੱਚ ਲਏ 34 ਫ਼ੈਸਲਿਆਂ ਉੱਤੇ ਚਰਚਾ ਹੋਈ ਹੈ। ਨਵੀਂ ਸਰਕਾਰ ਦੇ ਇੱਕ ਮੰਤਰੀ ਏਕਨਾਥ ਸ਼ਿੰਦੇ ਨੇ ਕਿਹਾ ਹੈ ਕਿ ਮਹਾਵਿਕਾਸ ਅਘਾੜੀ ਸਰਕਾਰ ਪਿਛਲੀ ਭਾਜਪਾ ਸਰਕਾਰ ਦੇ ਸ਼ੁਰੂ ਕੀਤੇ ਹੋਏ ਪ੍ਰਾਜੈਕਟਾਂ ਦੀ ਘੋਖ ਕਰੇਗੀ, ਪਰ ਠਾਕਰੇ ਸਰਕਾਰ ਬਦਲੇ ਦੀ ਭਾਵਨਾ ਨਾਲ ਕਿਸੇ ਦੇ ਖ਼ਿਲਾਫ਼ ਕਾਰਵਾਈ ਨਹੀਂ ਕਰੇਗੀ।

ਕੱਲ੍ਹ ਬੁੱਧਵਾਰ ਦੀ ਬੈਠਕ ਦੌਰਾਨ ਊਧਵ ਠਾਕਰੇ ਸਰਕਾਰ ਨੇ ਇਕ ਹੋਰ ਫ਼ੈਸਲੇ ਨਾਲ ਭਾਜਪਾ ਨੇਤਾਵਾਂ ਦੀਆਂ ਸੱਤ ਖੰਡ ਮਿੱਲਾਂ ਨੂੰ ਦਿੱਤੀ ਗਈ ਕਰਜ਼ਾ ਗਾਰੰਟੀ ਵੀ ਰੱਦ ਕਰ ਦਿੱਤੀ। ਰਾਜ ਦੀ ਸਾਬਕਾ ਮੰਤਰੀ ਪੰਕਜਾ ਮੁੰਡੇ ਤੇ ਹੋਰ ਭਾਜਪਾ ਆਗੂਆਂ ਦੀਆਂ ਇਨ੍ਹਾਂ ਕੋਆਪਰੇ-ਟਿਵ ਸ਼ੂਗਰ ਮਿੱਲਾਂ ਵੱਲ 300 ਕਰੋੜ ਰੁਪਏ ਤੋਂ ਵੱਧ ਕਰਜ਼ਾ ਹੈ। ਨੈਸ਼ਨਲ ਕੋਆਪਰੇਟਿਵ ਵਿਕਾਸ ਨਿਗਮ (ਐੱਨ ਸੀਡੀਸੀ) ਇਨ੍ਹਾਂਮਿੱਲਾਂ ਨੂੰ ਕਰਜ਼ਾ ਦੇਂਦਾ ਹੈ ਅਤੇ ਰਾਜ ਸਰਕਾਰ ਕੁਝ ਨਿਯਮਾਂ ਤੇ ਸ਼ਰਤਾਂ ਨਾਲ ਇਨ੍ਹਾਂ ਦੇ ਕਰਜ਼ੇਦੀ ਗਾਰੰਟੀ ਦਿੰਦੀ ਹੈ। ਇਕ ਅਧਿਕਾਰੀ ਨੇ ਦੱਸਿਆ ਕਿ ਇਨ੍ਹਾਂ ਸੱਤ ਸ਼ੂਗਰ ਮਿੱਲਾਂ ਨੇ ਗਾਰੰਟੀ ਸ਼ਰਤਾਂ ਪੂਰੀਆਂ ਨਹੀਂ ਸਨ ਕੀਤੀਆਂ।ਇਸ ਲਈ ਸਰਕਾਰ ਨੇ ਗਾਰੰਟੀ ਰੱਦ ਕਰਨ ਦਾ ਫ਼ੈਸਲਾ ਕੀਤਾ ਹੈ।

## ਵਿਜੀਲੈਂਸ ਵਲੋ ਫੂਡ ਸੇਫਟੀ ਅਧਿਕਾਰੀ ਸਮੇਤ ਡਰਾਈਵਰ 20,000 ਰੁਪਏ ਦੀ ਰਿਸਵਤ ਲੈਂਦਾ ਗ੍ਰਿਫਤਾਰ

ਚੰਡੀਗੜ੍ਹ 5 ਦਸੰਬਰ (ਪੋਸਟ ਬਿਊਰੋ)- ਪੰਜਾਬ ਵਿਜੀਲੈਸ ਬਿਊਰੋ ਵੱਲੋਂ ਅੱਜ ਸਿਵਲ ਸਰਜਨ ਦਫਤਰ, ਬਰਨਾਲਾ ਵਿਖੇ ਤਾਇਨਾਤ ਫੂਡ ਸੇਫਟੀ ਅਧਿਕਾਰੀ (ਐਫ.ਐਸ.ਓ) ਅਭਿਨਵ ਖੋਸਲਾ ਅਤੇ ਇਸੇ ਦਫਤਰ ਵਿਖੇ ਤਾਇਨਾਤ ਡਰਾਈਵਰ ਜਗਪਾਲ ਸਿੰਘ ਨੂੰ 20,000 ਰੁਪਏ ਦੀ ਰਿਸ਼ਵਤ ਲੈਦਿਆਂ ਰੰਗੇ ਹੱਥੀ ਕਾਬੂ ਕੀਤਾ ਗਿਆ ਅਤੇ ਇਸੇ ਕੇਸ ਵਿਚ ਸ਼ਾਮਲ ਜਿਲਾ ਸਿਹਤ ਅਧਿਕਾਰੀ ਰਾਜ ਕੁਮਾਰ ਖਿਲਾਫ਼ ਵੀ ਮੁਕੱਦਮਾ ਦਰਜ ਕੀਤਾ ਗਿਆ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਓਰੋ ਦੇ ਬੁਲਾਰੇ ਨੇ ਦੱਸਿਆ ਕਿ ਐਫ.ਐਸ.ਓ ਅਤੇ ਡਰਾਈਵਰ ਨੂੰ ਸ਼ਿਕਾਇਤਕਰਤਾ ਰਿਸ਼ਵ ਜੈਨ, ਵਾਸੀ ਚੌੜਾ ਮੋਰਚਾ, ਜਿਲਾ ਬਰਨਾਲਾ ਦੀ ਸ਼ਿਕਾਇਤ ’ਤੇ 20,000 ਰੁਪਏ ਦੀ ਰਿਸ਼ਵਤ ਲੈਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਨੂੰ ਆਪਣੀ ਸ਼ਿਕਾਇਤ ਵਿਚ ਦੱਸਿਆ ਕਿ ਉਸ ਦੀ ਪਿੰਡ ਸੰਘੇੜਾ ਵਿਖੇ ਕੰਨਫੈਕਸ਼ਨਰੀ ਦਾ ਕਾਰੋਬਾਰ ਹੈ ਅਤੇ ਉਕਤ ਡੀ.ਐਚ.ਓ, ਐਫ.ਐਸ.ਓ ਅਤੇ ਡਰਾਈਵਰ ਵਲੋਂ ਉਸ ਦੀ ਦੁਕਾਨ ਵਿਚ ਟੋਫੀਆਂ/ਗੋਲੀਆਂ ਦੇ ਭਰੇ ਗਏ ਨਮੂਨਿਆਂ ਨੂੰ ਲੈਬਾਰਟਰੀ ਵਿਚ ਟੈਸਟਿੰਗ ਲਈ ਨਾ ਭੇਜਣ ਬਦਲੇ 50,000 ਰੁਪਏ ਦੀ ਹੋਰ ਮੰਗ ਕੀਤੀ ਗਈ ਹੈ। ਸ਼ਿਕਾਇਤਕਰਤਾ ਨੇ ਕਿਹਾ ਕਿ ਉਸ ਵਲੋਂ ਪਹਿਲਾਂ ਹੀ ਉਕਤ ਦੋਸ਼ੀਆਂ ਨੂੰ 50,000 ਰੁਪਏ ਅਦਾ ਕੀਤੇ ਜਾ ਚੁੱਕੇ ਹਨ।ਵਿਜੀਲੈਂਸ ਵਲੋਂ ਸ਼ਿਕਾਇਤ ਦੀ ਪੜਤਾਲ ਉਪਰੰਤ ਦੋਸ਼ੀ ਐਫ.ਐਸ.ਓ ਅਤੇ ਡਰਾਈਵਰ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜਰੀ ਵਿਚ 20,000 ਰੁਪਏ ਦੀ ਰਿਸ਼ਵਤ ਲੈਦਿਆਂ ਦਬੋਚ ਲਿਆ।





# ਸੰਪਾਦਕੀ

## ਥਰੋਨ ਸਪੀਚ: ਚੋਣ ਨਤੀਜਿਆਂ ਵੱਲੋਂ ਸਿਖਾਈ ਨਿਮਰਤਾ ਦਾ ਝਲਕਾਰਾ

ਕੈਨੇਡਾ ਦੀ ਨਵੀਂ ਜੁੜੀ 43ਵੀਂ ਪਾਰਲੀਮੈਂਟ ਵਿੱਚ ਕੱਲ ਗਵਰਨਰ ਜਨਰਲ ਜੂਲੀ ਪੇਅਟੈਟ ਵੱਲੋਂ 143ਵੀਂ ਥਰੋਨ ਸਪੀਚ ਪੜੀ ਗਈ ਜਿਸ ਵਿੱਚ ਸੱਭ ਤੋਂ ਵੱਧ ਨੋਟਿਸ ਕੀਤੀ ਜਾਣ ਵਾਲੀ ਗੱਲ ਘੱਟ ਗਿਣਤੀ ਲਿਬਰਲ ਸਰਕਾਰ ਦੀ ਭਾਸ਼ਾ ਵਿੱਚ ਆਈ ਨਿਮਰਤਾ ਹੈ। ਜਿੱਥੇ ਤਜਵੀਜ਼ ਕੀਤੇ ਕੰਮਾਂ ਦਾ ਸੁਆਲ ਹੈ, ਬਹੁ-ਗਿਣਤੀ ਵਿੱਚ ਉਹੀ ਗੱਲਾਂ ਦੁਹਰਾਈਆਂ ਗਈਆਂ ਜਿਹੜੀਆਂ ਪਿਛਲੇ ਚਾਰ ਸਾਲ ਤੋਂ ਸਰਕਾਰ ਕਰਦੀ ਆ ਰਹੀ ਹੈ। ਮਿਸਾਲ ਵਜੋਂ 2050 ਤੱਕ ਪ੍ਰਦੂਸ਼ਣ ਪੈਦਾ ਕਰਨ ਦੀ ਦਰ ਨੂੰ 'ਨੈੱਟ ਜ਼ੀਰੋ''ਉੱਤੇ ਲਿਆਉਣ ਲਈ ਕੰਮ ਕਰਨਾ, ਸਯੁੰਕਤ ਰਾਸ਼ਟਰ ਦੇ ਐਲਾਨ-ਨਾਮੇ ਮੁਤਾਬਕ ਮੂਲਵਾਸੀਆਂ ਦੇ ਅਧਿਕਾਰਾਂ ਬਾਰੇ ਕਾਨੂੰਨ ਪਾਸ ਕਰਨਾ, ਗੁੰਮ ਜਾਂ ਕਤਲ ਹੋਈਆਂ ਮੂਲਵਾਸੀ ਔਰਤਾਂ ਅਤੇ ਟਰੁਥ ਅਤੇ ਰੀਕਾਨਸੀਲੀਏਸ਼ਨ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਹੂ-ਬ-ਹੂ ਲਾਗੂ ਕਰਨ ਦਾ ਵਿਸ਼ੇਸ਼ ਕਰਕੇ ਜ਼ਿਕਰ ਕੀਤਾ ਗਿਆ ਹੈ। ਸਪੀਚ ਵਿੱਚ ਵਿਰੋਧੀ ਧਿਰਾਂ ਨੂੰ ਜੁੰਮੇਵਾਰੀ ਨਾਲ ਸਰਕਾਰ ਦਾ ਸਾਥ ਦੇਣ ਦੀ ਅਪੀਲ ਕਰਦੇ ਹੋਏ ਇਸ ਗੱਲ ਨੂੰ ਕਬੂਲ ਕੀਤਾ ਗਿਆ ਕਿ ਘੱਟ ਗਿਣਤੀ ਸਰਕਾਰ ਨੂੰ ਚਲਾਉਣ ਲਈ ਇੱਕ ਵੱਖਰੀ ਪਹੁੰਚ ਦੀ ਲੋੜ ਹੁੰਦੀ ਹੈ।

ਗਵਰਨਰ ਜਨਰਲ ਨੇ ਅਗਲੇ ਅਗਲੇ ਚਾਰ ਸਾਲਾਂ ਵਿੱਚ 2 ਬਿਲੀਅਨ ਰੁੱਖ ਲਾਉਣ, ਯੂਨੀਵਰਸਲ ਹੈਲਥ-ਕੇਅਰ ਲਾਗੂ ਕਰਨ, ਟੈਕਸ ਦਰ ਨੂੰ ਘੱਟ ਕਰਨ ਅਤੇ ਮਿਲਟਰੀ ਸਟਾਈਲ ਦੇ ਹਥਿਆਰਾਂ ਉੱਤੇ ਪਾਬੰਦੀ ਲਾਉਣ ਦਾ ਵਾਅਦਾ ਵੀ ਲੋਕਾਂ ਨਾਲ ਕੀਤਾ ਹੈ। ਥਰੋਨ ਸਪੀਚ ਵਿੱਚ ਜਤਨਕ ਰੂਪ ਵਿੱਚ ਪੱਛਮੀ ਪ੍ਰੋਵਿੰਸਾਂ ਵਿੱਚ ਪੈਦਾ ਹੋਈ ਵੱਖਵਾਦ ਦੀ ਭਾਵਨਾ ਨੂੰ ਸਪੱਸਟ ਰੂਪ ਵਿੱਚ ਕਬੂਲਣਾ ਸਮੱਸਿਆ ਦੀ ਗੰਭੀਰਤਾ ਵੱਲ ਇਸ਼ਾਰਾ ਕਰਦਾ ਹੈ। ਵਿਸ਼ੇਸ਼ ਕਰਕੇ ਜਦੋਂ ਅਲਬਰਟਾ ਅਤੇ ਸਾਸਕੈਚਵਨ ਵਿੱਚ ਤੇਲ ਅਤੇ ਗੈਸ ਦੇ ਭਾਅ ਡਿੱਗਣ ਅਤੇ ਪਾਈਪਲਾਈਨਾਂ ਦੀ ਸਮਰੱਥਾ ਸੀਮਤ ਹੋਣ ਕਾਰਣ ਪੈਦਾ ਹੋਈ ਆਰਥਕ ਮੰਦੀ ਨੇ ਕੌਮੀ ਏਕਤਾ ਨੂੰ ਚੁਣੌਤੀ ਖੜੀ ਕਰ ਦਿੱਤੀ ਹੈ। ਇਸ ਚੁਣੌਤੀ ਦੇ ਮੱਦੇਨਜ਼ਰ ਇਹ ਗੱਲ ਦਿਲਚਸਪ ਹੋਵੇਗੀ ਕਿ ਅਗਲੇ ਮਹੀਨਿਆਂ ਵਿੱਚ ਟਰੂਡੋ ਸਰਕਾਰ ਇਸ ਮੁੱਦੇ ਨੂੰ ਸਾਬਕਾ ਵਿਦੇਸ਼ ਮੰਤਰੀ ਕ੍ਰਿਸਟੀਆ ਫਰੀਲੈਂਡ ਦੇ ਮਾਧਿਆਮ ਕਿਸ ਤਰੀਕੇ ਸਿੱਝਣ ਦੀ ਕੋਸ਼ਿਸ਼ ਕਰੇਗੀ। ਥਰੋਨ ਸਪੀਚ ਇਹਨਾਂ ਦੋਵਾਂ ਪ੍ਰੋਵਿੰਸਾਂ ਨਾਲ ਗੱਲਬਾਤ ਦੇ ਜਰੀਏ ਸੁਖਾਵਾਂ ਮਾਹੌਲ ਸਿਰਜਣ ਦੀ ਗੱਲ ਕਰਦੀ ਹੈ।

ਥਰੋਨ ਸਪੀਚ ਆਖਰ ਨੂੰ ਹੈ ਕੀ? ਇਹ ਇੱਕ ਅਜਿਹੀ ਰਸਮ ਹੈ ਜਿਸਦਾ ਆਧਾਰ ਇੰਗਲੈਂਡ ਵਿੱਚ ਸਦੀਆਂ ਪੁਰਾਣੀਆਂ ਰਾਜਾਸ਼ਾਹੀ ਰਿਵਾਇਆਂ ਨਾਲ ਜੁੜਿਆ ਹੈ। ਇੰਗਲੈਂਡ ਕਿਉਂਕਿ ਇੱਕ ਰਾਜਾਸ਼ਾਹੀ ਸਿਸਟਮ ਹੈ ਅਤੇ ਵਰਤਮਾਨ ਵਿੱਚ ਵੀ ਮਹਾਰਾਣੀ ਉਸਦੀ ਮਾਲਕ ਹੈ, ਕੈਨੇਡਾ ਦੀ ਥਰੋਨ ਸਪੀਚ ਵੀ ਉਸ ਤੰਤਰ ਦਾ ਹਿੱਸਾ ਹੈ ਜੋ ਇਸਦੇ ਇੰਗਲੈਂਡ ਦੀ ਮਹਾਰਾਣੀ ਨਾਲ ਸਬੰਧਾਂ ਤੋਂ ਉਪਜਦੇ ਹਨ। ਮਿਸਾਲ ਵਜੋਂ, ਇੰਗਲੈਂਡ ਦੀ ਮਹਾਰਾਣੀ ਕੈਨੇਡਾ ਦੀ ਦੇਸ਼-ਮੁਖੀ ਹੀ ਨਹੀਂ ਸਗੋਂ ਸਿਧਾਂਤਕ ਰੂਪ ਵਿੱਚ ਦੇਸ਼ ਦੀ ਮਾਲਕ ਹੈ ਜਿਸ ਬਦੌਲਤ ਕੈਨੇਡੀਅਨ ਸਰਕਾਰ ਦੇ ਸਾਰੇ ਅਧਿਕਾਰੀ, ਸਟਾਫ ਜਿਸ ਵਿੱਚ ਜੱਜ, ਕੈਨੇਡੀਅਨ ਫੌਜਾਂ ਦੇ ਅਫ਼ਸਰ, ਮੈਂਬਰ ਪਾਰਲੀਮੈਂਟ ਸਾਰੇ ਹੀ ਮਹਾਰਾਣੀ ਇੰਗਲੈਂਡ ਦਾ ਰੁਜ਼ਗਾਰ ਕਰਦੇ ਹਨ। ਇਸੇ ਲਈ ਜੋ ਬੱਚੇ ਯਤੀਮ ਹੋ ਜਾਂਦੇ ਹਨ, ਉਹਨਾਂ ਨੂੰ ਕਰਾਊਨ ਵਾਰਡ ਭਾਵ ਤਾਜ ਦੇ ਮਾਹਤਤ ਆਖਿਆ ਜਾਂਦਾ ਹੈ। ਬੇਸ਼ੱਕ ਇਹ ਮਹਿਜ਼ ਸੰਕੇਤਕ ਅਤੇ ਸਿਧਾਂਤਕ ਨੁਕਤਾ ਹੈ ਪਰ ਹੈ ਕਾਨੂੰਨੀ ਨੁਕਤਾ। ਥਰੋਨ (throne) ਦਾ ਭਾਵ ਹੀ ਤਾਜ ਹੁੰਦਾ ਹੈ, ਸੋ ਥਰੋਨ ਸਪੀਚ ਉਹ ਭਾਸ਼ਣ ਹੈ ਜੋ ਤਾਜਦਾਰ ਵੱਲੋਂ ਦਿੱਤਾ ਜਾਂਦਾ ਹੈ। ਕੈਨੇਡਾ ਵਿੱਚ ਗਵਰਨਰ ਜਨਰਲ ਮਹਾਰਾਣੀ ਦਾ ਨੁਮਾਇੰਦਾ ਹੁੰਦਾ ਹੈ। ਕਿਉਂਕਿ ਮਹਾਰ-ਾਜੇ ਆਮ ਲੋਕਾਂ ਨਾਲੋਂ ਵੱਖ ਹੁੰਦੇ ਹਨ, ਇਸ ਲਈ ਥਰੋਨ ਸਪੀਚ ਸੀਨੇਟ ਵਿੱਚੋਂ ਦਿੱਤੀ ਜਾਂਦੀ ਹੈ ਨਾ ਕਿ ਹਾਊਸ ਆਫ ਕਾਮਨਜ਼ ਜੋ ਕਿ ਪਬਲਿਕ ਦੇ ਚੁਣੇ ਆਮ ਲੋਕਾਂ ਦੇ ਕੰਮਕਾਜ ਕਰਨ ਦਾ ਸਥਾਨ ਹੈ।

ਬੇਸ਼ੱਕ ਥਰੋਨ ਸਪੀਚ ਉੱਤੇ ਵੋਟ ਕਰਵਾਉਣਾ ਲਾਜ਼ਮੀ ਨਹੀਂ ਹੁੰਦਾ ਪਰ ਜੇ ਵੋਟ ਹੋਵੇ ਤਾਂ ਵੋਟ ਦੇ ਫੇਲ੍ਹ ਹੋਣ ਦੀ ਸੂਰਤ ਵਿੱਚ ਸਰਕਾਰ ਡਿੱਗ ਜਾਂਦੀ ਹੈ। ਹਾਲਾਂਕਿ ਟਰੂਡੋ ਸਰਕਾਰ ਜਾਣਦੀ ਹੈ ਕਿ ਕੋਈ ਵੀ ਪਾਰਟੀ ਪਹਿਲੇ ਹੀ ਦਿਨ ਸਰਕਾਰ ਡੇਗਣ ਦਾ ਹੀਆ ਨਹੀਂ ਕਰੇਗੀ ਪਰ ਤਾਂ ਵੀ ਇਸਨੇ ਐਨ ਡੀ ਪੀ ਅਤੇ ਬਲਾਕ ਕਿਊਬਕੋਆ ਨੂੰ ਖੁਸ਼ ਕਰਨ ਲਈ ਉਹਨਾਂ ਦੀਆਂ ਕੁੱਝ ਮੰਗਾਂ ਦਾ ਜ਼ਿਕਰ ਕੀਤਾ ਹੈ। ਇਹਨਾਂ ਵਿੱਚ ਸੈਲਫੋਨਾਂ ਅਤੇ ਵਾਇਰਲੈਸ ਸੇਵਾਵਾਂ ਦੀਆਂ ਕੀਮਤਾਂ ਨੂੰ 25% ਘੱਟ ਕਰਨਾ, ਵਿੱਦਿਆਰਥੀਆਂ ਲਈ ਸਿੱਖਿਆ ਕਰਜ਼ਾ ਦੀ ਅਦਾਇਗੀ ਹੋਰ ਸੁਖਾਲੀ ਕਰਨੀ, ਸੀਨੀਅਰਾਂ ਦੀ ਪੈਨਸ਼ਨ ਨੂੰ ਹੋਰ ਮਜ਼ਬੂਤ ਕਰਨਾ ਅਤੇ ਫੈਡਰਲ ਘੱਟੋ ਘੱਟ ਤਨਖਾਹ ਵਿੱਚ ਵਾਧਾ ਕਰਨਾ ਸ਼ਾਮਲ ਹੈ। ਇਹੋ ਜਿਹੇ ਵਾਅਦੇ ਐਨ ਡੀ ਪੀ ਜਾਂ ਬਲਾਕ ਕਿਊਬਕੋਆ ਵਿੱਚੋਂ ਕਿਸੇ ਇੱਕ ਨੂੰ ਵੀ ਜਦੋਂ ਤੱਕ ਖੁਸ਼ ਰੱਖ ਸੱਕਣਗੇ, ਉਸ ਵੇਲੇ ਤੱਕ ਅਸੀਂ ਅਗਲੇ ਪਾਰਲੀਮੈਂਟ ਸੈਸ਼ਨਾਂ ਦੇ ਆਰੰਭ ਵਿੱਚ ਟਰੂਡੋ ਸਰਕਾਰ ਦੀਆਂ ਥਰੋਨ ਸਪੀਚਾਂ ਸੁਣਦੇ ਰਹਾਂਗੇ।

## ਰਾਜ ਭਾਸ਼ਣ ਵਿੱਚ ਘੱਟ ਗਿਣਤੀ ਲਿਬਰਲ ਸਰਕਾਰ ਵੱਲੋਂ ਸਾਂਝਾ ਆਧਾਰ ਲੱਭ ਕੇ ਕੰਮ ਕਰਨ ਦਾ ਵਾਅਦਾ

...ਪੰਨਾ 1 ਦਾ ਬਾਕੀ

ਦੀ ਪ੍ਰਾਪਤੀ ਲਈ ਤੇ ਸੱਭਨਾਂ ਦੇ ਭਲੇ ਲਈ ਜੋ ਚੰਗਾ ਹੈ, ਉਸ ਵਾਸਤੇ ਕੰਮ ਕਰਨ ਲਈ ਤਿਆਰ ਹੈ ਤਾਂ ਉਹ ਕਿਸੇ ਵੀ ਹੱਦ ਤੱਕ ਉੱਪਰ ਉੱਠ ਸਕਦਾ ਹੈ। ਰਾਜ ਭਾਸ਼ਣ ਵਿੱਚ ਸੱਭ ਤੋਂ ਪਹਿਲਾਂ ਕਲਾਈਮੇਟ ਚੇਂਜ ਦਾ ਜ਼ਿਕਰ ਕੀਤਾ ਗਿਆ ਜਿਸ ਤਹਿਤ 2050 ਤੱਕ ਗ੍ਰੀਨ ਹਾਊਸ ਗੈਸਾਂ ਦੇ ਰਿਸਾਅ ਨੂੰ ਸਿਫਰ ਕਰਨ ਦਾ ਵਾਅਦਾ ਪ੍ਰਗਟਾਇਆ ਗਿਆ। ਇਸ ਲਈ ਕਾਰਬਨ ਟੈਕਸ ਜਾਰੀ ਰੱਖਣ ਦੇ ਨਾਲ ਨਾਲ ਹੋਰ ਈਕੋ ਫਰੈਂਡਲੀ ਮਾਪਦੰਡ ਅਪਨਾਉਣ ਦਾ ਵਾਅਦਾ ਵੀ ਕੀਤਾ ਗਿਆ। ਇਸ ਦੇ ਨਾਲ ਹੀ ਮੱਧ ਵਰਗ ਲਈ ਟੈਕਸਾਂ ਵਿੱਚ ਕਟੌਤੀਆਂ ਕਰਨ ਦੇ ਆਪਣੇ ਪਹਿਲਾਂ ਵਾਲੇ ਵਾਅਦੇ ਉੱਤੇ ਵੀ ਲਿਬਰਲ ਸਰਕਾਰ ਕਾਇਮ ਰਹੀ। ਇਸ ਦੌਰਾਨ ਹਾਊਸਿੰਗ ਨੂੰ ਹੋਰ ਕਿਫਾਇਤੀ, ਵਾਇਰਲੈੱਸ ਸੇਵਾ ਦੀ ਕੀਮਤ ਵਿੱਚ 25 ਫੀ ਸਦੀ ਕਟੌਤੀ ਕਰਨ, ਵਿਦਿਆਰਥੀਆਂ ਨੂੰ ਪੋਸਟ ਸੈਕੰਡਰੀ ਸਿੱਖਿਆ ਵਿੱਚ ਮਦਦ ਕਰਨ,ਫੈਡਰਲ ਉਜਰਤਾਂ ਵਿੱਚ ਵਾਧਾ ਕਰਨ ਤੇ ਪੇਰੈਂਟਲ ਬੈਨੇਫਿਟਸ ਨੂੰ ਟੈਕਸ ਫਰੀ ਕਰਨ ਦਾ ਕਰਾਰ ਵੀ ਕੀਤਾ ਗਿਆ।

ਇਸ ਤੋਂ ਇਲਾਵਾ ਨਵੀਂ ਨਾਫਟਾ ਡੀਲ ਨੂੰ ਸਿਰੇ ਚੜ੍ਹਾਉਣ ਦਾ ਵਾਅਦਾ ਵੀ ਸਰਕਾਰ ਵੱਲੋਂ ਕੀਤਾ ਗਿਆ। ਇਹ ਵੀ ਆਖਿਆ ਗਿਆ ਕਿ ਇਸ ਵਾਰੀ ਡਿਜੀਟਲ ਕੰਪਨੀਆਂ ਲਈ ਲਾਗੂ ਨਿਯਮਾਂ ਦਾ ਵੀ ਮੁਲਾਂਕਣ ਕੀਤਾ ਜਾਵੇਗਾ ਤੇ ਮਨੀ ਲਾਂਡਰਿੰਗ ਨਾਲ ਨਜਿੱਠਣ ਲਈ ਵੀ ਕਦਮ ਚੁੱਕੇ ਜਾਣਗੇ। ਮੂਲਵਾਸੀਆਂ ਦੇ ਅਧਿਕਾਰਾਂ ਲਈ ਸੰਯੁਕਤ ਰਾਸ਼ਟਰ ਦੇ ਐਲਾਨਨਾਮੇ ਨੂੰ ਲਾਗੂ ਕਰਨ ਦਾ ਵਾਅਦਾ ਵੀ ਸਰਕਾਰ ਨੇ ਕੀਤਾ। ਮਿਲਟਰੀ ਸਟਾਈਲ ਅਸਾਲਟ ਰਾਈਫਲਾਂ ਉੱਤੇ ਪਾਬੰਦੀ ਲਾ ਕੇ ਤੇ ਬਾਇ ਬੈਕ ਪ੍ਰੋਗਰਾਮ ਲਾਗੂ ਕਰਕੇ ਸਰਕਾਰ ਨੇ ਗੰਨ ਕੰਟਰੋਲ ਸਬੰਧੀ ਨਿਯਮਾਂ ਨੂੰ ਹੋਰ ਸਖ਼ਤ ਕਰਨ ਦਾ ਵਾਅਦਾ ਵੀ ਕੀਤਾ। ਹੈਲਥ ਕੇਅਰ ਲਈ ਲਿਬਰਲਾਂ ਨੇ ਆਖਿਆ ਕਿ ਉਹ ਫੈਮਿਲੀ ਡਾਕਟਰਜ਼ ਤੱਕ ਪਹੁੰਚ ਵਿੱਚ ਵਾਧਾ ਕਰਨਗੇ ਤੇ ਮੈਂਟਲ ਕੇਅਰ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ। ਇਸ ਦੇ ਨਾਲ ਹੀ ਦੱਬੀ ਜ਼ਬਾਨ ਵਿੱਚ ਨੈਸ਼ਨਲ ਫਾਰਮਾਕੇਅਰ ਪਲੈਨ ਲਾਗੂ ਕਰਨ ਦਾ ਵੀ ਜ਼ਿਕਰ ਕੀਤਾ ਗਿਆ।

ਚੀਨ ਜਾਂ ਕਿਸੇ ਹੋਰ ਦੇਸ਼ ਦਾ ਨਾਂ ਲਏ ਬਿਨਾਂ ਕੌਮਾਂਤਰੀ ਆਰਡਰ ਆਧਾਰਤ ਨਿਯਮਾਂ ਉੱਤੇ ਪਹਿਰਾ ਦੇਣ ਦਾ ਵਾਅਦਾ ਵੀ ਕੀਤਾ ਗਿਆ। ਇਹ ਵੀ ਆਖਿਆ ਗਿਆ ਕਿ ਸਰਕਾਰ ਸੰਯੁਕਤ ਰਾਸ਼ਟਰ ਵਿੱਚ ਸਕਿਊਰਿਟੀ ਕਾਉਂਸਲ ਦੀ ਸੀਟ ਹਾਸਲ ਕਰਨ ਲਈ ਵੀ ਜ਼ੋਰ ਲਾਵੇਗੀ। ਇਸ ਦੌਰਾਨ ਪੇਯੇਟੇ ਨੇ ਆਖਿਆ ਕਿ ਕੈਨੇਡੀਅਨਾਂ ਨੇ ਇਹ ਸਪਸ਼ਟ ਸੰਕੇਤ ਦਿੱਤਾ ਹੈ ਕਿ ਉਹ ਪਾਰਲੀਆਮੈਂਟੇਰੀਅਨਜ਼ ਨੂੰ ਰਲ ਕੇ ਕੰਮ ਕਰਦਾ ਵੇਖਣਾ ਚਾਹੁੰਦੇ ਹਨ। ਇਸ ਲਈ ਉਨ੍ਹਾਂ ਐਮਪੀਜ਼ ਨੂੰ ਸਿਆ-ਸਤ ਦਾ ਮਿਆਰ ਉੱਚਾ ਚੁੱਕਣ ਦੀ ਵੀ ਅਪੀਲ ਕੀਤੀ।

ਨਵੀਂ ਪਾਰਲੀਆਮੈਂਟ ਵਿੱਚ ਲਿਬਰਲਾਂ ਨੂੰ ਹੋਰਨਾਂ ਪਾਰਟੀਆਂ ਵਿੱਚ ਹੀ ਭਾਈਵਾਲਾਂ ਦੀ ਤਲਾਸ਼ ਕਰਕੇ ਆਪਣੇ ਏਜੰਡੇ ਨੂੰ ਅੱਗੇ ਵਧਾਉਣਾ ਹੋਵੇਗਾ ਤੇ ਹਾਊਸ ਆਫ ਕਾਮਨਜ਼ ਦਾ ਵਿਸ਼ਵਾਸ ਵੀ ਬਰਕਰਾਰ ਰੱਖਣਾ ਹੋਵੇਗਾ। ਹੁਣ ਟਰੂਡੋ ਨੂੰ ਮੁੱਦਾ ਦਰ ਮੁੱਦਾ ਸਮਰਥਨ ਪ੍ਰਾਪਤ ਕਰਨਾ ਹੋਵੇਗਾ।

## ਰੀਗਨ ਦੀ ਥਾਂ ਰੋਟਾ ਬਣੇ ਹਾਊਸ ਆਫ ਕਾਮਨਜ਼ ਦੇ ਸਪੀਕਰ

...ਪੰਨਾ 1 ਦਾ ਬਾਕੀ

ਪਰ ਸਪੀਕਰ ਦੀ ਚੋਣ ਪ੍ਰੈਫਰੈਂਸ਼ੀਅਲ ਬੈਲਟ ਨਾਲ ਹੋਣੀ ਸੀ ਇਸ ਲਈ ਉਹ ਇਹ ਯਕੀਨੀ ਬਣਾ ਸਕਦੇ ਸਨ ਕਿ ਰੋਟਾ ਹੀ ਸਿਖਰ ਉੱਤੇ ਰਹਿਣ।

ਦੋ ਕੰਜ਼ਰਵੇਟਿਵ ਐਮਪੀਜ਼ ਬਰੂਸ ਸਟੈਂਟਨ ਤੇ ਜੋਇਲ ਗੌਡਿਨ ਤੋਂ ਇਲਾਵਾ ਐਨਡੀਪੀ ਦੇ ਕੈਰਲ ਹੱਗਜ਼ ਨੇ ਵੀ ਇਸ ਚੋਣ ਲਈ ਆਪਣੇ ਨਾਂ ਦਿੱਤੇ ਸਨ। ਪ੍ਰੈਫਰੈਂਸ਼ੀਅਲ ਵੋਟਿੰਗ ਤਹਿਤ ਐਮਪੀਜ਼ ਆਪਣੇ ਪਹਿਲੀ, ਦੂਜੀ ਤੇ ਬਾਕੀ ਦੀਆਂ ਤਰਜੀਹਾਂ ਨੂੰ ਤਰਤੀਬ ਦਿੰਦੇ ਹਨ। ਇਹ ਪ੍ਰਕਿਰਿਆ ਉਦੋਂ ਤੱਕ ਦੁਹਰਾਈ ਜਾਂਦੀ ਹੈ ਜਦੋਂ ਤੱਕ ਇੱਕ ਉਮੀਦਵਾਰ ਜੇਤੂ ਵਜੋਂ ਉਭਰ ਕੇ ਸਾਹਮਣੇ ਨਹੀਂ ਆਉਂਦਾ।

ਰੀਗਨ ਦੀ ਚੋਣ ਨਾ ਕੀਤੇ ਜਾਣ ਦਾ ਫੈਸਲਾ ਇਸ ਹਫਤੇ ਦੇ ਸ਼ੁਰੂ ਵਿੱਚ ਕੰਜ਼ਰਵੇਟਿਵ ਕਾਕਸ ਦੀ ਹੋਈ ਮੀਟਿੰਗ ਵਿੱਚ ਲਿਆ ਗਿਆ ਸੀ। ਪਰ ਐਮਪੀਜ਼ ਨੇ ਇਸ ਬਾਰੇ ਜਨਤਕ ਤੌਰ ਉੱਤੇ ਕੋਈ ਗੱਲ ਕਰਨ ਤੋਂ ਇਨਕਾਰ ਕਰ ਦਿੱਤਾ।

## ਹੁਣ ਓਨਟਾਰੀਓ ਦੇ ਕੈਥੋਲਿਕ ਅਧਿਆਪਕ ਹੜਤਾਲ ਦੇ ਰਾਹ ਪਏ !

...ਪੰਨਾ 1 ਦਾ ਬਾਕੀ

ਸਬੰਧੀ ਕੀਤੀ ਗਈ ਗੱਲਬਾਤ ਤੋਂ ਇੱਕ ਦਿਨ ਬਾਅਦ ਅਜਿਹਾ ਜਵਾਬ ਮਿਲਣ ਉੱਤੇ ਹੁਣ ਇਸ ਗੱਲ ਦੇ ਅਗਾਂਹ ਤੁਰਨ ਦੀ ਕੋਈ ਆਸ ਨਹੀਂ ਰਹਿ ਗਈ ਹੈ।

ਓਈਸੀਟੀਏ ਪ੍ਰੈਜ਼ੀਡੈਂਟ ਲਿਜ਼ ਸਟੂਅਰਟ ਨੇ ਇੱਕ ਬਿਆਨ ਵਿੱਚ ਆਖਿਆ ਕਿ ਇਹ ਨੋ ਬੋਰਡ ਪ੍ਰੀਮੀਅਰ ਡੱਗ ਫੋਰਡ ਤੇ ਸਿੱਖਿਆ ਮੰਤਰੀ ਸਟੀਫਨ ਲਿਚੇ ਨੂੰ ਨੀਂਦ ਵਿੱਚੋਂ ਜਗਾਉਣ ਲਈ ਕਾਫੀ ਹੋਣਾ ਚਾਹੀਦਾ ਹੈ। ਉਨ੍ਹਾਂ ਆਖਿਆ ਕਿ ਮੰਦਭਾਗੀ ਗੱਲ ਇਹ ਹੈ ਕਿ ਉਹ ਚੰਗੀ ਸੋਚ ਨਾਲ ਇਹ ਗੱਲਬਾਤ ਆਰੰਭਣ ਦਾ ਦਾਅਵਾ ਕਰ ਰਹੇ ਸਨ ਤੇ ਆਪਣੇ ਵੱਲੋਂ ਚੰਗੀ ਪੇਸ਼ਕਸ਼ ਵੀ ਕਰ ਰਹੇ ਸਨ ਪਰ ਫੋਰਡ ਸਰਕਾਰ ਨੂੰ ਕਿਸੇ ਸਮਝੌਤੇ ਉੱਤੇ ਪਹੁੰਚਣ ਦੀ ਥਾਂ ਜਨਤਾ ਦੇ ਸਾਹਮਣੇ ਫੜ੍ਹਾਂ ਮਾਰਨ ਦੀ ਜ਼ਿਆਦਾ ਪਈ ਹੈ। ਕੈਥੋਲਿਕ ਅਧਿਆਪਕਾਂ ਕੋਲ ਬਾਰਗੇਨਿੰਗ ਲਈ ਇਸ ਹਫਤੇ ਦੋ ਦਿਨ ਸਨ ਤੇ ਦੋ ਦਿਨ ਅਗਲੇ ਹਫਤੇ ਵਿੱਚ ਹਨ।

## ਹਰਿਆਣਾ ਸਟਾਫ਼ ਸਿਲੈਕਸ਼ਨ ਪੇਪਰ ਲੀਕ ਮਾਮਲੇ ਵਿਚ ਗਿਰੋਹ ਦੇ ਤਿੰਨ ਮੈਂਬਰ ਫਰਾਰ, 11 ਉਮੀਦਵਾਰ ਲਏ ਹਿਰਾਸਤ 'ਚ

ਚੰਡੀਗੜ੍ਹ, 5 ਦਸੰਬਰ (ਪੋਸਟ ਬਿਊਰੋ)- ਹਰਿਆਣਾ ਸਟਾਫ਼ ਸਿਲੈਕਸ਼ਨ ਦੇ ਆਈ.ਟੀ.ਆਈ. ਇੰਸਟ੍ਰਕਟਰ ਦਾ ਆਨਲਾਈਨ ਪੇਪਰ ਲੈਣ ਵਾਲੀ ਇੰਡਸਟ੍ਰੀਅਲ ਫੇਜ਼-2 ਸਥਿਤ ਮੈਪਲ ਟੈਕ ਕੰਪਿਊਟਰ ਲੈਬ ਦੇ ਮੈਨੇਜਰ ਨੂੰ ਸੈਕਟਰ-31 ਥਾਣਾ ਪੁਲਸ ਨੇ ਪੇਪਰ ਲੀਕ ਮਾਮਲੇ 'ਚ ਵੀਰਵਾਰ ਨੂੰ ਗ੍ਰਿਫ਼ਤਾਰ ਕਰ ਲਿਆ। ਫੜ੍ਹੇ ਗਏ ਮੁਲਜ਼ਿਮ ਦੀ ਪਹਿਚਾਣ ਰਾਜਸਥਾਨ ਦੇ ਨਾਗੌਰ ਨਿਵਾਸੀ ਨੀਤੀਸ਼ ਦੇ ਰੂਪ 'ਚ ਹੋਈ। ਪੁਲਸ ਨੇ 15-15 ਲੱਖ ਰੁਪਏ ਦੇ ਕੇ ਪੇਪਰ ਖਰੀਦਣ ਵਾਲੀ ਇਕ ਲੜਕੀ ਸਮੇਤ 11 ਉਮੀਦਵਾਰਾਂ ਨੂੰ ਹਿਰਾਸਤ 'ਚ ਲਿਆ ਹੈ। ਸਰਗਨਾ ਨੀਤੀਸ਼ ਦੇ ਫੜ੍ਹੇ ਜਾਣ ਤੋਂ ਬਾਅਦ ਗਿਰੋਹ ਦੇ ਤਿੰਨ ਮੈਂਬਰ ਮੌਕੇ ਤੋਂ ਫਰਾਰ ਹੋ ਗਏ। ਪੁਲਸ ਨੇ ਨੀਤੀਸ਼ ਅਤੇ ਉਮੀਦਵਾਰਾਂ ਦੇ ਮੋਬਾਇਲ ਫੋਨ ਜ਼ਬਤ ਕੀਤੇ ਹਨ। ਚੰਡੀਗੜ੍ਹ ਪੁਲਸ ਨੇ ਇੰਡਸਟ੍ਰੀਅਲ ਏਰੀਆ ਫੇਜ਼-2 ਦੇ



ਪਲਾਟ ਨੇ 153 'ਚ ਸਥਿਤ ਮੈਪਲ ਟੈਕ ਕੰਪਿਊਟਰ ਲੈਬ ਨੂੰ ਵੀ ਸੀਲ ਕਰ ਦਿੱਤਾ ਹੈ। ਪੁਲਸ ਨੇ ਗਿਰੋਹ ਦੇ ਸਰਗਨਾ ਨੀਤੀਸ਼, ਰਾਕੇਸ਼ ਉਰਫ਼ ਰਾਕਾ, ਮਨਜੀਤ ਅਤੇ ਅਮਿਤ ਖਿਲਾਫ਼ ਮਾਮਲਾ ਦਰਜ ਕਰ ਲਿਆ। ਉਥੇ ਹੀ ਕਰਮਚਾਰੀ ਚੋਣ ਕਮਿਸ਼ਨ ਦੇ ਚੇਅਰਮੈਨ ਭਾਰਤ ਭੂਸ਼ਣ ਭਾਰਤੀ ਨੇ ਕਿਹਾ ਕਿ ਜਦੋਂ ਪੇਪਰ ਲੀਕ ਹੀ ਨਹੀਂ ਹੋਇਆ ਤਾਂ ਰੱਦ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਪੁਲਸ ਦਾ ਕਹਿਣਾ ਹੈ ਕਿ ਪੇਪਰ ਲੀਕ ਦੀ ਸੂਚਨਾ ਮਿਲਦੇ ਹੀ ਪੁਲਸ ਨੇ ਸਪੈਸ਼ਲ ਟੀਮ ਬਣਾਈ। ਪੁਲਸ ਨੇ ਟੀਮ ਨਾਲ ਮੈਪਲ ਟੈਕ ਕੰਪਿਊਟਰ ਲੈਬ 'ਚ ਛਾਪਾ ਮਾਰਿਆ। ਪੁਲਸ ਨੂੰ ਲੜਕੀ ਸਮੇਤ 11 ਉਮੀਦਵਾਰ ਅੰਦਰ ਮਿਲੇ। ਸਾਰਿਆਂ ਨੂੰ ਹਿਰਾਸਤ 'ਚ ਲੈ ਕੇ ਉਨ੍ਹਾਂ ਨੂੰ ਪੁੱਛਗਿਛ ਕੀਤੀ ਗਈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦਾ ਵੱਖ-ਵੱਖ ਟ੍ਰੇਡ ਦਾ ਪੇਪਰ ਵੀਰਵਾਰ ਨੂੰ ਸੀ। ਪ੍ਰੀਖਿਆ ਸ਼ੁਰੂ ਹੋਣ ਤੋਂ ਪਹਿਲਾਂ ਪੇਪਰ ਉਨ੍ਹਾਂ ਨੂੰ ਗਿਰੋਹ ਦੇ ਮੈਂਬਰ ਨੀਤੀਸ਼, ਰਾਕੇਸ਼ ਉਰਫ ਰਾਕਾ, ਮਨਜੀਤ ਅਤੇ ਅਮਿਤ ਨੇ ਦੇਣਾ ਸੀ।

ਨੀਤੀਸ਼ ਨੇ ਇਨ੍ਹਾਂ ਉਮੀਦਵਾਰਾਂ ਨੂੰ ਪੇਪਰ ਤੋਂ ਇਕ ਦਿਨ ਪਹਿਲਾਂ ਹੀ ਬੁੱਧਵਾਰ ਨੂੰ ਲੈਬ ਦੇ ਬਾਹਰ ਬੁਲਾਇਆ ਸੀ ਤਾਂ ਕਿ ਰਾਤ ਨੂੰ ਸਾਰਿਆਂ ਨੂੰ ਪੇਪਰ ਦੇ ਕੇ ਉਨ੍ਹਾਂ ਦੀ ਤਿਆਰੀ ਕਰਵਾ ਸਕੇ। ਇੰਸਪੈਕਟਰ ਨੇ ਲੈਬ ਤੋਂ ਮੈਨੇਜਰ ਨੀਤੀਸ਼ ਨੂੰ ਕਾਬੂ ਕੀਤਾ। ਨੀਤੀਸ਼ ਨੇ ਦੱਸਿਆ ਕਿ ਉਸ ਨੇ ਸਵੇਰ ਦੀ ਸ਼ਿਫਟ ਦਾ ਪੇਪਰ 11 ਉਮੀਦਵਾਰਾਂ ਨੂੰ ਦੇਣਾ ਸੀ, ਪਰ ਉਹ ਉਨ੍ਹਾਂ ਨੂੰ ਪੇਪਰ ਨਹੀਂ ਦੇ ਸਕਿਆ।

## ਲਾਅ ਐਂਡ ਆਰਡਰ ਦੀ ਉਲੰਘਣਾ ਕੀਤੀ ਤਾਂ ਵੈਂਡਰਾਂ 'ਤੇ ਪੁਲਸ ਕਰੇਗੀ ਐਫ.ਆਈ.ਆਰ. ਦਰਜ

ਚੰਡੀਗੜ੍ਹ, 5 ਦਸੰਬਰ (ਪੋਸਟ ਬਿਊਰੋ)- ਸਟ੍ਰੀਟ ਵੈਂਡਰ ਜੇਕਰ ਨੋ ਵੈਂਡਿੰਗ ਜੋਨ ਤੋਂ ਹਟਣ ਦੌਰਾਨ ਲਾਅ ਐਂਡ ਆਰਡਰ ਦੀ ਉਲੰਘਣਾ ਕਰਨਗੇ ਤਾਂ ਪੁਲਸ ਉਨ੍ਹਾਂ ਖਿਲਾਫ਼ ਐਫ.ਆਈ.ਆਰ. ਦਰਜ ਕਰੇਗੀ। ਇਹ ਕਹਿਣਾ ਹੈ ਐਸ.ਐਸ.ਪੀ. ਨਿਲਾਂਬਰੀ ਵਿਜੇ ਜਗਦਲੇ ਦਾ। ਉਨ੍ਹਾਂ ਕਿਹਾ ਕਿ ਵੈਂਡਰਸ ਐਸੋਸੀਏਸ਼ਨ ਦੇ ਪ੍ਰਧਾਨ ਅਤੇ ਕਮੇਟੀ ਦੇ ਮੈਂਬਰਾਂ ਨਾਲ ਪੁਲਸ ਅਧਿਕਾਰੀਆਂ ਨੇ ਬੈਠਕ ਕੀਤੀ ਹੈ।

ਬੈਠਕ 'ਚ ਪ੍ਰਧਾਨਾਂ ਨੂੰ ਕਿਹਾ ਕਿ ਹਾਈਕੋਰਟ ਦੇ ਆਦੇਸ਼ ਦੀ ਤੁਰੰਤ ਪਾਲਨਾ ਕਰੋ ਨਹੀਂ ਤਾਂ ਨਗਰ ਨਿਗਮ ਅਤੇ ਪੁਲਸ ਕਾਰਵਾਈ ਕਰੇਗੀ। ਐਸ.ਐਸ.ਪੀ. ਨੇ ਦੱਸਿਆ ਕਿ ਸਟ੍ਰੀਟ ਵੈਂਡਰਸ ਨੂੰ ਹਟਾਉਣ ਲਈ ਹਰ ਸੈਕਟਰ 'ਚ ਇਕ-ਇਕ ਇੰਸਪੈਕਟਰ ਸਮੇਤ ਹੋਰ ਪੁਲਸ ਜਵਾਨਾਂ ਦੀ ਟੀਮ ਬਣਾਈ ਗਈ ਹੈ। ਡੀ.ਐਸ.ਪੀ. ਇਸ ਦੌਰਾਨ ਸੁਪਰਵਿਜ਼ਨ ਕਰਨਗੇ। ਉਨ੍ਹਾਂ ਕਿਹਾ ਕਿ ਸੈਕਟਰ-1 ਤੋਂ ਛੇ ਤੱਕ ਦੇ ਸਟ੍ਰੀਟ ਵੈਂਡਰਾਂ ਨੂੰ ਸੈਕਟਰ-7 'ਚ ਅਤੇ ਸੈਕਟਰ-17 ਅਤੇ 22 ਦੇ ਵੈਂਡਰਾਂ ਨੂੰ ਸੈਕਟਰ-15 'ਚ ਸ਼ਿਫਟ ਕੀਤਾ ਜਾਵੇਗਾ। ਨਿਗਮ ਨੇ ਨੋ ਵੈਂਡਿੰਗ ਜੋਨ ਤੋਂ ਸਟ੍ਰੀਟ ਵੈਂਡਰਾਂ ਨੂੰ ਹਟਾਣ ਲਈ 500 ਕਰਮਚਾਰੀਆਂ ਦੀਆਂ ਟੀਮਾਂ ਬਣਾ ਦਿੱਤੀਆਂ ਹਨ। ਪੁਲਸ ਨਿਗਮ ਦੀ ਟੀਮ ਨਾਲ ਲਾਅ ਐਂਡ ਆਰਡਰ ਨੂੰ ਕਾਇਮ ਰੱਖੇਗੀ।

ਦਿਨ ਅਤੇ ਰਾਤ ਤਾਇਨਾਤ ਹੋਣਗੇ ਪੁਲਸਕਰਮੀ:

ਸਟ੍ਰੀਟ ਵੈਂਡਰਾਂ ਨੂੰ ਹਟਾਉਣ ਲਈ 500 ਪੁਲਸ ਜਵਾਨ ਦਿਨ 'ਚ ਡਿਊਟੀ 'ਤੇ ਰਹਿਣਗੇ। ਇਸ ਤੋਂ ਇਲਾਵਾ 100 ਪੁਲਸਕਰਮੀ ਰਾਤ ਦੇ ਸਮੇਂ ਤਾਇਨਾਤ ਕੀਤੇ ਜਾਣਗੇ। ਡੀ.ਐਸ.ਪੀ. ਈਸਟ, ਡੀ.ਐਸ.ਪੀ. ਸੈਂਟਰਲ ਅਤੇ ਡੀ.ਐਸ.ਪੀ. ਪੀ.ਸੀ.ਆਰ. ਦੀ ਸਪੈਸ਼ਲ ਡਿਊਟੀ ਲਗਾਈ ਹੈ।

## ਸੂਬੇ ਦੇ ਵਿਗੜੇ ਹਾਲਾਤਾਂ ਨੂੰ ਸੁਧਾਰਨ ਲਈ ਕੇਂਦਰ ਸਰਕਾਰ ਦਖਲ ਦੇਵੇ: ਅਕਾਲੀ ਦਲ

ਚੰਡੀਗੜ੍ਹ, 5 ਦਸੰਬਰ (ਪੋਸਟ ਬਿਊਰੋ)- ਸ਼੍ਰੋਮਣੀ ਅਕਾਲੀ ਦਲ ਨੇ ਅੱਜ ਕਿਹਾ ਕਿ ਸੀਨੀਅਰ ਕਾਂਗਰਸੀ ਅਹੁਦੇਦਾਰਾਂ ਅਤੇ ਮੰਤਰੀਆਂ ਵਲੋਂ ਗੈਂਗਸਟਰਾਂ ਦੀ ਕੀਤੀ ਜਾ ਰਹੀ ਸਿਆਸੀ ਸਰਪ੍ਰਸਤੀ ਨੇ ਪੰਜਾਬ ਅੰਦਰ ਸ਼ਾਂਤੀ ਨੂੰ ਖ਼ਤਰੇ 'ਚ ਪਾ ਦਿੱਤਾ ਹੈ। ਪਾਰਟੀ ਨੇ ਮੰਗ ਕੀਤੀ ਹੈ ਕਿ ਸੂਬੇ ਦੇ ਵਿਗੜੇ ਹਾਲਾਤ ਸੁਧਾਰਨ ਲਈ ਕੇਂਦਰ ਸਰਕਾਰ ਦਖ਼ਲ ਦੇਵੇ। ਇਥੇ ਇਕ ਪ੍ਰੈਸ ਬਿਆਨ ਜਾਰੀ ਕਰਦਿਆਂ ਸਾਬਕਾ ਮੰਤਰੀ ਮਹੇਸ਼ਇੰਦਰ ਸਿੰਘ ਗਰੇਵਾਲ ਨੇ ਕਿਹਾ ਕਿ ਗੈਂਗਸਟਰਾਂ ਅਤੇ ਕਾਂਗਰਸੀਆਂ ਉਪਰੋਂ ਕਾਨੂੰਨ ਦਾ ਡਰ ਪੂਰੀ ਤਰ੍ਹਾਂ ਚੁੱਕਿਆ ਗਿਆ ਹੈ, ਜਿਸ ਕਰਕੇ ਉਹ ਇਕ ਦੂਜੇ ਕੋਲੋਂ ਅਤੇ ਸਿਆਸੀ ਵਿਰੋਧੀਆਂ ਤੋਂ ਬਦਲੇ ਲੈਣ ਲਈ ਸ਼ਰੇਆਮ ਦਿਨ-ਦਿਹਾੜੇ ਗੋਲੀਆਂ ਨਾਲ ਹਮਲੇ ਕਰ ਰਹੇ ਹਨ। ਉਹਨਾਂ ਕਿਹਾ ਕਿ ਸੂਬੇ ਦੀ ਪੁਲਿਸ ਆਪਣੀ ਜ਼ਿੰਮੇਵਾਰੀ ਤਿਆਗ ਚੁੱਕੀ ਹੈ। ਪੁਲਿਸ ਦੀ ਅਮਨ ਕਾਨੂੰਨ ਵਿਵਸਥਾ ਬਹਾਲ ਵਿਚ ਬੇਵਸੀ ਸੱਭਿਅਕ ਸਮਾਜ ਲਈ ਗੰਭੀਰ ਖ਼ਤਰਾ ਬਣ ਰਹੀ ਹੈ।

ਗਰੇਵਾਲ ਨੇ ਕਿਹਾ ਕਿ ਸੂਬੇ ਅੰਦਰ ਗੈਂਗਵਾਰਾਂ ਅਤੇ ਕਾਂਗਰਸੀ ਗੈਂਗਾਂ ਵਿਚਕਾਰ ਖੂਨੀ ਲੜਾਈਆਂ ਇਕ ਆਮ ਵਰਤਾਰਾ ਬਣ ਚੁੱਕੀਆਂ ਹਨ, ਇਸ ਲਈ ਕੇਂਦਰ ਨੂੰ ਦਖ਼ਲ ਦੇ ਕੇ ਸੂਬੇ ਅੰਦਰ ਕਾਨੂੰਨ ਦਾ ਰਾਜ ਸਥਾਪਤ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਗ੍ਰਹਿ ਮੰਤਰੀ ਨੂੰ ਅਪੀਲ ਕਰਦਾ ਹੈ ਕਿ ਉਹ ਸੂਬੇ ਦੇ ਮੁੱਖ ਸਕੱਤਰ ਅਤੇ ਪੁਲਸ ਮੁਖੀ ਨੂੰ ਸੱਦ ਕੇ ਪੁੱਛਣ ਕਿ ਉਨ੍ਹਾਂ ਨੇ ਪੰਜਾਬ ਅੰਦਰ ਅਮਨ-ਕਾਨੂੰਨ ਕਾਇਮ ਰੱਖਣ ਦੀ ਡਿਊਟੀ ਕਿਉਂ ਪੂਰੀ ਨਹੀਂ ਕੀਤੀ ਹੈ? ਉਨ੍ਹਾਂ ਕਿਹਾ ਕਿ ਇਸ ਦੇ ਨਾਲ ਹੀ ਕੇਂਦਰ ਨੂੰ ਸੂਬੇ ਅੰਦਰ ਲੋੜੀਂਦੇ ਸੁਰੱਖਿਆ ਦਸਤੇ ਭੇਜਣੇ ਚਾਹੀਦੇ ਹਨ ਤਾਂ ਕਿ ਗੈਂਗਸਟਰਾਂ ਦੁਆਰਾ ਲਈਆਂ ਜਾ ਰਹੀਆਂ ਫਿਰੌਤੀਆਂ ਅਤੇ ਸੁਪਾਰੀ ਕਤਲਾਂ ਕਰਕੇ ਦਹਿਸ਼ਤ ਦੇ ਪਰਛਾਵੇਂ ਹੇਠ ਜੀਅ ਰਹੇ ਨਾਗਰਿਕਾਂ ਦਾ ਕਾਨੂੰਨ 'ਚ ਭਰੋਸਾ ਬਹਾਲ ਹੋ ਸਕੇ।

ਅਕਾਲੀ ਆਗੂ ਨੇ ਪਿਛਲੇ ਦੋ ਦਿਨਾਂ ਦੌਰਾਨ ਵਾਪਰੀਆਂ ਘਟਨਾਵਾਂ ਵਲ ਇਸ਼ਾਰਾ ਕਰਦਿਆਂ ਕਿਹਾ ਕਿ ਕੱਲ੍ਹ ਪੁਲਸ ਦੀ ਹਾਜ਼ਰੀ 'ਚ ਯੂਥ ਕਾਂਗਰਸ ਦੇ ਦੋ ਧੜਿਆਂ ਨੇ ਲੁਧਿਆਣਾ 'ਚ ਸ਼ਰੇਆਮ ਇਕ ਦੂਜੇ 'ਤੇ ਅੰਨ੍ਹੇਵਾਹ ਫਾਇਰਿੰਗ ਕੀਤੀ ਸੀ। ਉਨ੍ਹਾਂ ਕਿਹਾ ਕਿ ਕਾਂਗਰਸੀ ਇਕ ਦੂਜੇ ਨੂੰ ਗੋਲੀਆਂ ਮਾਰ ਕੇ ਜ਼ਖ਼ਮੀ ਕਰਦੇ ਰਹੇ ਅਤੇ ਪੁਲਸ ਮੂਕ ਦਰਸ਼ਕ ਬਣੀ ਦੇਖਦੀ ਰਹੀ। ਉਨ੍ਹਾਂ ਕਿਹਾ ਕਿ ਇਕ ਹੋਰ ਕੇਸ ਵਿਚ ਦੋਰਾਹਾ ਵਿਖੇ ਕਾਨੂੰਨ ਨੂੰ ਟਿਚ ਜਾਣਦਿਆਂ ਇਕ ਮੈਰਿਜ ਰਿਜ਼ੋਰਟ ਵਿਖੇ ਦੋ ਵਿਅਕਤੀਆਂ ਦਾ ਕਤਲ ਕਰ ਦਿੱਤਾ ਗਿਆ। ਗਰੇਵਾਲ ਨੇ ਕਿਹਾ ਕਿ ਇਕ ਹੋਰ ਮਾਮਲੇ ਇਕ ਔਰਤ ਦਾ ਖਰੜ ਵਿਖੇ ਦਿਨ ਦਿਹਾੜੇ ਕਤਲ ਕਰ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਪਿਛਲੇ ਹਫ਼ਤੇ ਜੇਲ 'ਚ ਬੈਠੇ ਗੈਂਗਸਟਰਾਂ ਨੇ ਮਲੇਟਕੋਟਲਾ ਅਤੇ ਮਲੌਟ ਵਿਖੇ ਆਪਣੇ ਵਿਰੋਧੀਆਂ ਦੇ ਕਤਲ ਕਰਵਾਏ ਸਨ।

ਕੈਨੇਡੀਅਨ ਪੰਜਾਬੀ ਪੋਸਟ
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.























# Dr. Randhawa Dentistry



*Your own dentist who really cares for you*

**We Provide the following Services:**

- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

**Dr. Samreet Kaur Randhawa**
General Family Dentist

New Patients welcome
Deal Directly with all Insurance Companies


- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!



**NEW LOCATION**
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

**FIRST LOCATION**
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL,
JAMES POTTER / BONNIE BRAES INTERSECTION)
Tel : 905-230-9044




# ਘਰ ਵੇਚਣਾ ਜਾਂ ਖਰੀਦਣਾ ਚਾਹੁੰਦੇ ਹੋ?



Anabela Serra
Sales Representative

ਸੰਪਰਕ ਕਰੋ:
416-400-5825

ROYAL LEPAGE
SUPREME REALTY, BROKERAGE
INDEPENDENTLY OWNED AND OPERATED

*You're Invited To..*

## OPEN HOUSE

*Saturday/Sunday 2pm to 4pm*

"ਟੋਰਾਂਟੋ ਵਿੱਚ ਬਹੁਤ ਹੀ ਵਧੀਆ ਲੋਕੇਸ਼ਨ ਤੇ"

*1 Lagos Road* | *Etobicoke, Ontario*



This Astounding Fully Renovated 3 Bedroom Home Features Top Quality Materials With Tasteful Finishes, Great Workmanship And Attention To Detail. Gleaming Hardwood Flooring Throughout, And 3 Sparkling New Bathrooms. Brand New Stainless Steel Appliances In Chefs Delight Kitchen. Separate Entrance To Basement, Possibility Of A Bachelor Apartment. Steps Away From Elementary School, Parks, Kipling Plaza And Public Library.

*For More listings Visit* anabelaserra.com

# NEED A LAWYER ??

Red Seal NOTARY

# KAUR LAW OFFICE



**MANJEET KAUR**
LL.B., (London UK)
Barrister, Solicitor & Notary Public

**REAL ESTATE LAWYER**
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

**IMMIGRATION**
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

**FAMILY LAWYER**
- Child & Spousal support
- Custody & Access
- Divorce
- Equalization

**BUSINESS LAW**
- Incorporation & Shareholder agreements
- Sales & Purchase of Assets & Shares
- Notarization & Affidavits

**WILLS & ESTATE**
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

FRANCHISES REQUIRED for Greece, Italy, Austria, Germany, Spain

# PERMANENT IMMIGRATION

Canada within 6-12 Months

*We have confirmed job offers from Canadian Employers for:*

- Cooks
- Truck Drivers
- Auto/Diesel Mechanics
- Dairy Farm Workers
- Welders
- IT Technician
- Nurses
- Machinist
- Carpenters
- Brick Layer
- Food & Beverage Supervisors
- Meat Cutters
- Air Condition Technicians
- Fish Plant Workers
- Construction Workers
- & lots of other Positions

Invest $200,000 (CAD) & Immigrate with family under Business Immigration



**Subhash Punia**
Immigration Counsel

Fast Track Immigration Under
INVESTORS CLASS IMMIGRATION

Atlantic Immigration

By Appointment
MON-FRI
9:30AM - 5:30PM

2980 Drew rd. #230, Mississauga, ON L4T 0A7 | 905.362.0202 | 905.362.2158

# ASIAN FOOD CENTRE



## FRESH & LARGE VARIETY

| | | |
|---|---|---|
| Bread , Derry & Eggs | Fruits & Vegetables | Sweet & Samosas |
| Branded Foods | Beverages & Confectionery | Grocery & Staples |

*VEGETARIAN FOOD*
*HEALTHY EATING*



## SERVING FROM 10 LOCATIONS IN ALL THE GTA AREA:

10 Westmore Drive
Etobicoke ON M9V-3Z7
416-740-3262

2120 North park Drive
Brampton ON L6S 0C9
905-793-1338

10510 Torbram Road,
Brampton
905-790-0030

308 Eddystone Ave
North York ON M3N-1H7
416-740-3360

621 Wanless drive, # 122
Brampton ON L7A 0A9
905-495-3336


284 Orenda Road #13
Brampton ON L6T 5S3
905-450-9167

10 Pannahill Dr,
Brampton
905 913-8017

80 Pertosa Drive
Brampton ON L5X-5E9
905-460-0009

1075 Ceremonial Drive
Mississauga ON L5R 2Z4
905-502-1600

21 Lacoste Blvd,
Brampton, ON L6P 2K2
905 794-8109



ਗੁਰਦੁਆਰਾ ਰੋੜੀ ਸਾਹਿਬ, ਐਮਨਾਆਬਾਦ, ਗੁਜਰਾਂਵਾਲਾ

ਐਮਨਾਆਬਾਦ ਜ਼ਿਲ੍ਹਾ ਗੁਜਰਾਂਵਾਲੇ ਦਾ ਮਸ਼ਹੂਰ ਕਸਬਾ ਹੈ। ਇਸ ਕਸਬੇ ਤੋਂ ਕੋਈ ਡੇਢ ਕਿਲੋਮੀਟਰ ਬਾਹਰ ਪੱਕੀ ਸੜਕ ਕਿਨਾਰੇ ਪਹਿਲੇ ਪਾਤਿਸ਼ਾਹ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਦੁਆਰਾ ਰੋੜੀ ਸਾਹਿਬ ਹੈ। ਇਸ ਥਾਂ 'ਤੇ ਗੁਰੂ ਸਾਹਿਬ ਰੋੜਾਂ ਦੇ ਆਸਨ 'ਤੇ ਬਿਰਾਜੇ। ਇੱਥੇ ਹੀ ਬਾਬਰ ਦੀਆਂ ਫੌਜਾਂ ਨੇ ਸੰਮਤ 1578 ਵਿੱਚ ਆਪ ਨੂੰ ਗ੍ਰਿਫਤਾਰ ਕਰ ਲਿਆ। ਇਸ ਥਾਂ ਇੱਕ ਬਹੁਤ ਹੀ ਆਲੀਸ਼ਾਨ ਗੁਰਦੁਆਰਾ ਬਣਿਆ ਹੋਇਆ ਹੈ। ਵਿਸ਼ਾਲ ਸਰੋਵਰ ਤੇ ਸੁੰਦਰ ਇਮਾਰਤਾਂ ਇਸ ਦੀ ਸ਼ਾਨ ਵਿੱਚ ਹੋਰ ਵਾਧਾ ਕਰਦੇ ਹਨ। ਮਹਾਰਾਜਾ ਰਣਜੀਤ ਸਿੰਘ ਸਮੇਂ 5 ਹਜ਼ਾਰ ਦੀ ਸਾਲਾਨਾ ਜਗੀਰ ਤੋਂ ਵੱਖ 6 ਮੁਰੱਬੇ ਜ਼ਮੀਨ ਵੀ ਹੈ। ਵਿਸਾਖੀ ਅਤੇ ਕੱਤਕ ਦੀ ਪੂਰਨਮਾਸ਼ੀ ਨੂੰ ਮੇਲੇ ਜੁੜਦੇ ਸਨ, ਹੁਣ ਕੇਵਲ ਵਿਸਾਖੀ ਨੂੰ ਹੀ ਮੇਲਾ ਮਨਾਇਆ ਜਾਂਦਾ ਹੈ, ਜਿਸ ਵਿੱਚ ਗੁਜਰਾਂਵਾਲਾ ਅਤੇ ਹੋਰ ਇਲਾਕਿਆਂ ਦੇ ਲੋਕ ਹੁੰਮ ਹੁੰਮਾਕੇ ਆਉਂਦੇ ਹਨ। ਗੁਰਦੁਆਰੇ ਦੀ ਇਮਾਰਤ ਢਹਿੰਦੀ ਜਾ ਰਹੀ ਸੀ। ਹੁਣ ਗੌਰਮਿੰਟ ਨੇ ਲੱਖਾਂ ਰੁਪਏ ਲਾਕੇ ਇਸ ਦੀ ਚਾਰ ਦੀਵਾਰੀ ਕਰਵਾਈ ਹੈ। ਇਸ ਨਾਲ ਇਮਾਰਤ ਦੀ ਥੋੜੀ ਬੱਚਤ ਹੋ ਗਈ ਹੈ।

# ਇਕ ਭੰਵਰ ਰਿਸ਼ਤਿਆਂ ਦਾ

-ਜਸਇੰਦਰ ਸਿੰਘ

ਮਨੁੱਖ ਦੇ ਪੈਦਾ ਹੋਣ ਤੋਂ ਉਸ ਦੇ ਮਰਨ ਤੱਕ ਦੇ ਸਫਰ ਨੂੰ ਜੀਵਨ ਚੱਕਰ ਸਮਝਿਆ ਜਾਂਦਾ ਹੈ। ਇਸ ਨੂੰ ਚੱਕਰ ਸ਼ਾਇਦ ਇਸ ਲਈ ਕਿਹਾ ਗਿਆ ਹੈ ਕਿ ਮਨੁੱਖ ਸਮੁੰਦਰ ਰੂਪੀ ਸੰਸਾਰ ਵਿਚਲੇ ਰਿਸ਼ਤਿਆਂ ਦੇ ਤੂਫਾਨੀ ਚੱਕਰਵਾਤ ਵਿੱਚ ਇਸ ਤਰ੍ਹਾਂ ਫਸਦਾ ਹੈ ਕਿ ਉਸ ਦੇ ਇਸ ਭੰਵਰ ਵਿੱਚੋਂ ਨਿਕਲਣ ਦੀ ਕੋਈ ਆਸ ਨਹੀਂ ਹੁੰਦੀ। ਉਹ ਮਰਦੇ ਦਮ ਤੱਕ ਇਸ ਨਾਲ ਘੁਲਦਾ ਰਹਿੰਦਾ ਹੈ। ਆਪਣੀਆਂ ਇੱਛਾਵਾਂ ਪੂਰੀਆਂ ਕਰਨ ਦੇ ਚੱਕਰ ਵਿੱਚ ਉਹ ਚਾਹ ਕੇ ਵੀ ਇਸ ਵਿੱਚੋਂ ਨਿਕਲ ਨਹੀਂ ਸਕਦਾ। ਇਸ ਚੱਕਰ ਦੀ ਸ਼ੁਰੂਆਤ ਮਨੁੱਖ ਦੇ ਧਰਤੀ ਉਤੇ ਮਰਦ ਤੇ ਔਰਤ ਦੇ ਰੂਪ ਵਿੱਚ ਪੈਦਾ ਹੋਣ ਤੋਂ ਹੁੰਦੀ ਹੈ। ਇਥੋਂ ਹੀ ਇਸ ਭੰਵਰ ਰੂਪੀ ਰਿਸ਼ਤਿਆਂ ਦੇ ਚੱਕਰਵਾਤ ਦੀਆਂ ਛੋਟੀਆਂ-ਛੋਟੀਆਂ ਲਹਿਰਾਂ ਉੱਠਣ ਲੱਗਦੀਆਂ ਹਨ।

ਪਹਿਲੀ ਲਹਿਰ ਉਸ ਦੀ ਪੜ੍ਹਾਈ ਰੂਪੀ ਉਠਦੀ ਹੈ। ਇਸ ਦੇ ਉਠਣ ਨਾਲ ਮਾਤਾ ਪਿਤਾ ਨੂੰ ਇੰਜ ਮਹਿਸੂਸ ਹੁੰਦਾ ਹੈ ਜਿਵੇਂ ਬੱਚਾ ਨਹੀਂ, ਉਹ ਆਪ ਦੁਬਾਰਾ ਪੜ੍ਹਨੇ ਪੈ ਗਏ ਹੋਣ। ਜਿਵੇਂ-ਜਿਵੇਂ ਬੱਚਾ ਵੱਡਾ ਹੁੰਦਾ ਜਾਂਦਾ ਹੈ, ਇਹ ਲਹਿਰ ਵੱਡੀ ਹੁੰਦੀ ਜਾਂਦੀ ਹੈ। ਇਹ ਸਮਾਂ ਬੱਚੇ ਅਤੇ ਮਾਤਾ-ਪਿਤਾ ਦੋਵਾਂ ਲਈ ਇਮਤਿਹਾਨ ਦੀ ਘੜੀ ਹੁੰਦਾ ਹੈ, ਜਿਵੇਂ ਕਿਵੇਂ ਹੱਸ ਕੇ ਜਾਂ ਰੋ ਕੇ ਇਹ ਪੂਰਾ ਹੋ ਜਾਂਦਾ ਹੈ। ਦੂਜੀ ਲਹਿਰ ਹੋਰ ਵੱਡੀ ਬਣਦੀ ਹੈ, ਜਿਸ ਨੂੰ ਅਸੀਂ ਰੁਜ਼ਗਾਰ ਦੇ ਨਾਂ ਤੋਂ ਜਾਣਦੇ ਹਾਂ। ਅੱਜ ਦੇ ਦੌਰ ਵਿੱਚ ਇਹ ਦੂਜੀ ਲਹਿਰ ਖਤਰਨਾਕ ਰੂਪ ਧਾਰਨ ਕਰ ਚੁੱਕੀ ਹੈ, ਜਿਸ ਵਿੱਚ ਜ਼ਿਆਦਾਤਰ ਨੌਜਵਾਨ ਗੋਤੇ ਖਾਂਦੇ ਨਜ਼ਰੀਂ ਪੈਂਦੇ ਹਨ। ਕਿਸਮਤ ਵਾਲੇ ਹੀ ਇਸ ਭੰਵਰ ਵਿੱਚ ਸੰਭਲਦੇ ਹਨ। ਤੀਜੀ ਲਹਿਰ ਵਿਆਹ ਸ਼ਾਦੀ ਦੀ ਆਉਂਦੀ ਹੈ, ਜੋ ਖਾਸ ਕਰਕੇ ਔਰਤਾਂ ਲਈ ਬੜੀ ਤੇਜ਼ ਹੁੰਦੀ ਹੈ। ਉਨ੍ਹਾਂ ਦੀ ਜ਼ਿੰਦਗੀ ਵਿੱਚ ਉਥਲ ਪੁਥਲ ਮਚਾ ਦਿੰਦੀ ਹੈ। ਕਿਉਂਕਿ ਸਾਡਾ ਸਮਾਜ ਮਰਦ ਪ੍ਰਧਾਨ ਰਿਹਾ ਹੈ, ਇਸ ਲਈ ਔਰਤ ਨੂੰ ਹਮੇਸ਼ਾ ਤਰਸ ਯੋਗ ਸਮਝਿਆ ਜਾਂਦਾ ਹੈ। ਉਨ੍ਹਾਂ ਦੀਆਂ ਇੱਛਾਵਾਂ ਨੂੰ ਹਮੇਸ਼ਾ ਦਬਾਇਆ ਜਾਂਦਾ ਰਿਹਾ ਹੈ। ਫਿਰ ਚਾਹੇ ਉਸ ਦੇ ਮਾਪੇ ਹੋਣ ਜਾਂ ਪਤੀ ਕਿਉਂ ਨਾ ਹੋਵੇ, ਹਰ ਕੋਈ ਆਪਣੇ ਹਿਸਾਬ ਨਾਲ ਉਸ ਉਤੇ ਦਬਾਅ ਪਾਉਂਦਾ ਹੈ।



ਸਾਡੇ ਸਮਾਜ ਵਿੱਚ ਵਿਆਹ ਔਰਤਾਂ ਲਈ ਪੁਨਰ ਜਨਮ ਤੋਂ ਘੱਟ ਨਹੀਂ। ਅਧਿਐਨ ਤੋਂ ਪਤਾ ਚੱਲਦਾ ਹੈ ਕਿ ਵਿਆਹ ਤੋਂ ਬਾਅਦ ਔਰਤਾਂ ਦਾ ਜੀਵਨ ਹੋਰ ਵੀ ਪਾਬੰਦੀਆਂ ਭਰਿਆ ਹੋ ਜਾਂਦਾ ਹੈ। ਪਹਿਲਾਂ ਉਸ ਉਤੇ ਸਮਾਜ ਅਤੇ ਪਰਵਾਰ ਦੀਆਂ ਪਾਬੰਦੀਆਂ ਹੁੰਦੀਆਂ ਸਨ ਤੇ ਬਾਅਦ ਵਿੱਚ ਪਤੀ ਦੀ ਪਸੰਦ ਨਾਪਸੰਦ ਲਾਗੂ ਹੋਣ ਲੱਗਦੀ ਹੈ। ਕੁਝ ਔਰਤਾਂ ਇਸ ਵਿਆਹ ਰੂਪੀ ਲਹਿਰ ਦੀ ਮਾਰ ਨਾ ਝੱਲਦਿਆਂ ਜੀਵਨ ਚੱਕਰ ਪੂਰੀ ਕੀਤੇ ਬਿਨਾਂ ਹੀ ਖਤਮ ਹੋ ਜਾਂਦੀਆਂ ਹਨ। ਇਸ ਦੇ ਕਈ ਕਾਰਨ ਹਨ, ਜਿਨ੍ਹਾਂ ਤੋਂ ਅਸੀਂ ਸਾਰੇ ਭਲੀ ਭਾਂਤ ਜਾਣੂ ਹਾਂ। ਕਈ ਵਾਰੀ ਪੁਰਸ਼ ਵੀ ਇਸ ਵਿਆਹ ਰੂਪੀ ਲਹਿਰ ਦਾ ਸ਼ਿਕਾਰ ਹੋ ਜਾਂਦੇ ਹਨ। ਇਹ ਲਹਿਰ ਉਨ੍ਹਾਂ ਦੇ ਜੀਵਨ ਉਤੇ ਡੂੰਘਾ ਅਸਰ ਪਾਉਂਦੀ ਹੈ। ਕਈ ਵਾਰ ਦੇਖਿਆ ਗਿਆ ਹੈ ਕਿ ਵਿਆਹ ਪਿੱਛੋਂ ਪੁਰਸ਼ ਚੱਕੀ ਦੇ ਦੋ ਪੁੜਾਂ ਵਿਚਾਲੇ ਕਣਕ ਦੇ ਦਾਣੇ ਵਾਂਗ ਪਿਸਦਾ ਰਹਿੰਦਾ ਹੈ। ਇਹ ਦੋ ਪੁੜ ਜ਼ਿਆਦਾਤਰ ਉਸ ਦੀ ਮਾਂ ਤੇ ਘਰ ਵਾਲੀ ਹੁੰਦੇ ਹਨ। ਜੇ ਉਹ ਘਰ ਵਾਲੀ ਦੀ ਗੱਲ ਸੁਣਦਾ ਜਾਂ ਮੰਨਦਾ ਹੈ ਤਾਂ ਮਾਂ ਉਸ ਨੂੰ ਤਾਅਨੇ ਮਾਰਦੀ ਹੈ, ਜੇ ਮਾਂ ਦੀ ਗੱਲ ਸੁਣਦਾ ਜਾਂ ਮੰਨਦਾ ਹੈ ਤਾਂ ਘਰ ਵਾਲੀ ਤਾਅਨੇ ਮਾਰਦੀ ਹੈ। ਉਸ ਦੀ ਸਮਝ ਵਿੱਚ ਨਹੀਂ ਆਉਂਦਾ ਕਿ ਕਿਸ ਦੀ ਸੁਣੇ ਅਤੇ ਕਿਸ ਦੀ ਨਾ ਸੁਣੇ। ਤੀਜਾ ਉਸ ਦੇ ਦੋਸਤ ਮਿੱਤਰ ਹੁੰਦੇ ਹਨ, ਜਿਨ੍ਹਾਂ ਨਾਲ ਵਿਆਹ ਤੋਂ ਪਹਿਲਾਂ ਉਸ ਦਾ ਜ਼ਿਆਦਾਤਰ ਸਮਾਂ ਗੁਜ਼ਰਦਾ ਸੀ। ਵਿਆਹ ਤੋਂ ਬਾਅਦ ਸਭ ਕੁਝ ਬਦਲ ਜਾਂਦਾ ਹੈ। ਉਹ ਦੋਸਤਾਂ ਮਿੱਤਰਾਂ ਤੋਂ ਦੂਰ ਹੁੰਦਾ ਜਾਂਦਾ ਹੈ ਤੇ ਜਦੋਂ ਕਦੀ ਕਦਾਈਂ ਮਿੱਤਰਾਂ ਨਾਲ ਮੁਲਾਕਾਤ ਹੁੰਦੀ ਹੈ ਤਾਂ ਉਹ ਵੀ ਉਸ ਨੂੰ ਤਾਅਨਾ ਮਾਰੇ ਬਿਨਾਂ ਨਹੀਂ ਰਹਿੰਦੇ।

ਇਸ ਤੋਂ ਬਾਅਦ ਚੌਥੀ ਲਹਿਰ ਉਠਦੀ ਹੈ, ਜਿਸ ਨਾਲ ਇਕ ਹੋਰ ਜਿੰਦ ਦਾ ਜੀਵਨ ਚੱਕਰ ਸ਼ੁਰੂ ਹੋ ਜਾਂਦਾ ਹੈ, ਭਾਵ ਵਿਆਹ ਪਿੱਛੋਂ ਘਰ ਪਰਵਾਰ ਵਿੱਚ ਨਵੇਂ ਮੈਂਬਰ ਭਾਵ ਬੱਚੇ ਦਾ ਜਨਮ ਹੋਣਾ। ਇਥੇ ਜ਼ਿਕਰ ਯੋਗ ਹੈ ਕਿ ਔਰਤ ਲਈ ਇਕ ਬੱਚੇ ਨੂੰ ਜਨਮ ਦੇਣਾ ਵੀ ਉਸ ਦੇ ਦੁਬਾਰਾ ਜਨਮ ਲੈਣ ਵਰਗਾ ਹੀ ਹੈ, ਕਿਉਂਕਿ ਇਹ ਤਕਲੀਫ ਜਾਨ ਲੈਣ ਵਾਲੀ ਹੁੰਦੀ ਹੈ। ਹੁਣ ਦਾਦਾ-ਦਾਦੀ ਦੀ ਇੱਛਾ ਇਹ ਹੁੰਦੀ ਹੈ ਕਿ ਉਹ ਆਪਣੇ ਪੋਤੇ/ ਪੋਤੀ ਦੇ ਬੱਚੇ ਵੀ ਦੇਖ ਲੈਣ, ਭਾਵ ਉਹ ਪੜ੍ਹ ਲਿਖ ਕੇ ਨੌਕਰੀ ਅਤੇ ਫਿਰ ਵਿਆਹ ਤੇ ਇਨ੍ਹਾਂ ਦੇ ਬੱਚੇ, ਇਸ ਗੱਲ ਦੀ ਫਿਕਰ ਵੀ ਦਾਦਾ-ਦਾਦੀ ਨੂੰ ਹੁਣੇ ਤੋਂ ਸਤਾਉਣ ਲੱਗਦੀ ਹੈ। ਇਹੀ ਸਿਲਸਿਲਾ ਜੀਵਨ ਚੱਕਰ ਅਖਵਾਉਂਦਾ ਹੈ।

ਇਸ ਤਰ੍ਹਾਂ ਅਸੀਂ ਸਾਰੇ ਇਸ ਜੀਵਨ ਚੱਕਰ ਦੇ ਭੰਵਰ ਵਿੱਚ ਫਸੇ ਰਹਿੰਦੇ ਹਾਂ। ਸਾਰੀ ਉਮਰ ਏਦਾਂ ਹੀ ਬੀਤ ਜਾਂਦੀ ਹੈ। ਪਤਾ ਨਹੀਂ ਚੱਲਦਾ ਕਿ ਕਦੋਂ ਜ਼ਿੰਦਗੀ ਦਾ ਅੰਤਮ ਸਮਾਂ ਆ ਗਿਆ। ਹਾਲਾਂਕਿ ਇਥੇ ਮਰਨਾ ਕੋਈ ਜ਼ਿਆਦਾ ਮਾਅਨੇ ਨਹੀਂ ਰੱਖਦਾ, ਕਿਉਂਕਿ ਇਹ ਇਕ ਅਟੱਲ ਸੱਚਾਈ ਹੈ ਕਿ ਇਕ ਨਾ ਇਕ ਦਿਨ ਸਭ ਨੇ ਮਰਨਾ ਹੈ। ਇਥੇ ਇਹ ਸਮਝਣਾ ਜ਼ਰੂਰੀ ਹੈ ਕਿ ਅਸੀਂ ਜਿਹੜਾ ਜੀਵਨ ਬਿਤਾਇਆ ਹੈ, ਉਹ ਕਿੰਨਾ ਆਨੰਦਮਈ ਸੀ, ਕਿਉਂਕਿ ਮਨੁੱਖੀ ਜੀਵਨ ਅਨਮੋਲ ਹੈ। ਕਹਿੰਦੇ ਹਨ, 'ਲੱਖਾਂ ਜੂਨਾਂ ਤੋਂ ਬਾਅਦ ਸਾਨੂੰ ਮਨੁੱਖੀ ਜੀਵਨ ਮਿਲਦਾ ਹੈ।' ਮੈਨੂੰ ਗੁਰਬਾਣੀ ਦੀਆਂ ਤੁਕਾਂ ਯਾਦ ਆ ਰਹੀਆਂ ਹਨ:

'ਰੈਣਿ ਗਵਾਈ ਸੋਇ ਕੇ ਦਿਵਸੁ ਗਵਾਇਆ ਖਾਇ॥
ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ॥'

ਭਾਵ ਅਸੀਂ ਆਪਣਾ ਅਨਮੋਲ ਜੀਵਨ ਸੋਚਾਂ ਵਿੱਚ ਗੁਆ ਦਿੰਦੇ ਹਂ। ਸੰਸਾਰੀ ਵਸਤਾਂ ਪਿੱਛੇ ਭੱਜੇ ਫਿਰਦੇ ਰਹਿੰਦੇ ਹਾਂ। ਸੋਚਦੇ ਹਾਂ ਕਿ ਸਾਡੇ ਕੋਲ ਇਹ ਵੀ ਹੋਵੇ ਤੇ ਉਹ ਵੀ। ਉਸ ਕੋਲ ਹੈ, ਮੇਰੇ ਕੋਲ ਵੀ ਹੋਵੇ ਤੇ ਉਸ ਤੋਂ ਵੱਧ ਹੋਵੇ, ਪਰ ਜੋ ਸਾਡੇ ਕੋਲ ਹੁੰਦਾ ਹੈ, ਉਸ ਦੀ ਕਦਰ ਨਹੀਂ ਕਰਦੇ। ਜਿਵੇਂ ਆਮ ਕਹਾਵਤ ਹੈ 'ਦੂਜੇ ਦੀ ਥਾਲੀ ਵਿੱਚ ਲੱਡੂ ਵੱਡਾ ਹੀ ਦਿਸਦਾ ਹੈ।' ਸਬਰ ਤੇ ਗਿਆਨ ਦੀ ਘਾਟ ਕਰਕੇ ਦੂਜੇ ਦੀ ਖੁਸ਼ੀ ਤੇ ਤਰੱਕੀ ਤੋਂ ਈਰਖਾ ਕਰਦੇ ਹਾਂ। ਜੋ ਆਪਣੇ ਕੋਲ ਹੈ, ਉਸ ਵਿੱਚ ਖੁਸ਼ ਨਹੀਂ ਰਹਿ ਸਕਦੇ। ਹਮੇਸ਼ਾ ਦੂਜਿਆਂ ਨਾਲ ਆਪਣੀ ਤੁਲਨਾ ਕਰਦੇ ਰਹਿੰਦੇ ਹਾਂ।

ਜਦੋਂ ਮੈਂ ਮਨੁੱਖ ਦੀ ਤੁਲਨਾ ਪੰਛੀਆਂ ਨਾਲ ਕਰਦਾ ਹਾਂ ਤਾਂ ਮੈਨੂੰ ਪੰਛੀਆਂ ਦਾ ਪੱਲੜਾ ਭਾਰਾ ਜਾਪਦਾ ਹੈ। ਮਨੁੱਖ ਦੇ ਮੁਕਾਬਲੇ ਉਹ ਆਪਣਾ ਜੀਵਨ ਇਸ ਤਰੀਕੇ ਨਾਲ ਜਿਉਂਦੇ ਹਨ ਕਿ ਆਨੰਦਮਈ ਜਾਪਦਾ ਹੈ। ਇਸ ਲਈ ਉਹ ਸਾਨੂੰ ਸਦਾ ਚਹਿਕਦੇ ਨਜ਼ਰੀਂ ਪੈਂਦੇ ਹਨ। ਸਾਨੂੰ ਪੰਛੀਆਂ ਤੋਂ ਜੀਵਨ ਜਿਊਣ ਦਾ ਢੰਗ ਸਿੱਖਣਾ ਚਾਹੀਦਾ ਹੈ, ਕਿਉਂਕਿ ਪੰਛੀ ਆਪਣੇ ਬੱਚਿਆਂ ਨੂੰ ਉਦੋਂ ਤੱਕ ਪਾਲਦੇ ਪੋਸਦੇ ਹਨ, ਜਦੋਂ ਤੱਕ ਉਹ ਉਨ੍ਹਾਂ ਉਤੇ ਨਿਰਭਰ ਹੁੰਦੇ ਹਨ। ਜਿਵੇਂ ਹੀ ਉਡਣਾ ਸਿੱਖ ਲੈਂਦੇ ਹਨ ਤਾਂ ਮਾਪੇ ਉਨ੍ਹਾਂ ਨੂੰ ਆਜ਼ਾਦ ਜਿਊਣ ਲਈ ਛੱਡ ਦਿੰਦੇ ਹਨ। ਉਹ ਸਾਡੇ ਵਾਂਗ ਸਾਰੀ ਉਮਰ ਉਨ੍ਹਾਂ ਨਾਲ ਚਿੰਬੜੇ ਨਹੀਂ ਰਹਿੰਦੇ ਅਤੇ ਨਾ ਹੀ ਪੋਤੇ-ਪੜ-ਪੋਤੀਆਂ ਦੇ ਚੱਕਰਾਂ ਵਿੱਚ ਜੀਵਨ ਚੱਕਰ ਖਤਮ ਕਰਦੇ ਹਨ।

ਆਦਮ ਜ਼ਾਤ ਇਸ ਸੰਸਾਰ ਉਤੇ ਸਭ ਤੋਂ ਬੁੱਧੀਮਾਨ ਜੀਵ ਹੈ, ਪਰ ਲੱਗਦਾ ਹੈ ਕਿ ਸਾਡੀ ਜ਼ਿਆਦਾ ਸਿਆਣਪ ਹੀ ਸਾਡੀ ਸਭ ਤੋਂ ਵੱਡੀ ਦੁਸ਼ਮਣ ਹੋ ਗਈ ਹੈ। ਮਨੁੱਖ ਹੀ ਮਨੁੱਖ ਨਾਲ ਚਤੁਰਾਈ ਕਰਦਾ ਹੈ। ਅੱਜ ਕੱਲ੍ਹ ਤਾਂ ਅਸੀਂ ਆਪਣਿਆਂ ਨਾਲ ਵੀ ਚਤੁਰਾਈ ਵਰਤਣ ਤੋਂ ਗੁਰੇਜ਼ ਨਹੀਂ ਕਰਦੇ। ਜੇ ਅਸੀਂ ਜੀਵਨ ਨੂੰ ਆਨੰਦਮਈ ਢੰਗ ਨਾਲ ਜਿਊਣਾ ਚਾਹੁੰਦੇ ਹਾਂ ਤਾਂ ਇਸ ਜੀਵਨ ਚੱਕਰ ਨੂੰ ਤੋੜਨ ਦੀ ਲੋੜ ਹੈ ਤਾਂ ਜੋ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਆਨੰਦਮਈ ਤਰੀਕੇ ਨਾਲ ਜਿਊਣਾ ਸਿੱਖ ਸਕਣ।

# ਅਮਰ ਪ੍ਰੇਮ ਤੋਂ ਕਟੀ ਪਤੰਗੀ ਤੱਕ ਪਾਖੰਡ ਵੀ ਫੈਸ਼ਨ ਬਣ ਗਿਆ ਹੈ

-ਪੂਨਮ ਆਈ ਕੌਸ਼ਿਸ਼

ਇਸ ਸਿਆਸੀ ਮੌਸਮ ਵਿੱਚ ਪਾਖੰਡ ਅਚਾਨਕ ਫੈਸ਼ਨ ਬਣ ਗਿਆ ਹੈ। ਵਿਚਾਰਧਾਰਾ ਤੇ ਭ੍ਰਿਸ਼ਟਾਚਾਰ ਦੇ ਦਾਗ ਛੱਡੋ। ਪਿਛਲੇ ਮਹੀਨੇ ਕੋਈ ਇਸ ਬਾਰੇ ਸੋਚ ਵੀ ਨਹੀਂ ਸਕਦਾ ਸੀ ਕਿ ਅਜਿਹੇ ਤਿੱਕੇ ਵਿਰੋਧੀ, ਜੋ ਇੱਕ ਦੂਜੇ 'ਤੇ ਜ਼ਰਾ ਵਿਸ਼ਵਾਸ ਨਹੀਂ ਕਰਦੇ, ਗੱਠਜੋੜ ਕਰ ਲੈਣਗੇ ਤੇ ਅੱਜ ਦੋਸਤ ਤੇ ਦੁਸ਼ਮਣ ਸਾਰੇ ਇੱਕ ਰੰਗ ਵਿੱਚ ਰੰਗੇ ਗਏ ਹਨ। ਪਹਿਲਾਂ ਭਾਜਪਾ-ਸ਼ਿਵ ਸੈਨਾ ਦਾ ਅਮਰ ਪ੍ਰੇਮ ਟੁੱਟ ਕੇ ਕਟੀ ਪਤੰਗ ਬਣ ਗਿਆ ਤਾਂ ਫਿਰ ਭਾਜਪਾ-ਐਨ ਸੀ ਪੀ ਦਾ ਅੱਸੀ ਘੰਟੇ ਚੱਲਿਆ ਪ੍ਰੇਮ ਦੇਖਣ ਨੂੰ ਮਿਲਿਆ ਅਤੇ ਪਿੱਛੋਂ ਸ਼ਿਵ ਸੈਨਾ-ਐਨ ਸੀ ਪੀ-ਕਾਂਗਰਸ ਗੁਣਗੁਣਾ ਰਹੇ ਹਨ ਕਿ ਅਸੀਂ ਨਾਲ-ਨਾਲ ਹਾਂ। ਸਵਾਲ ਉਠਦਾ ਹੈ ਕਿ ਕੀ ਕੋਈ ਵੀ ਆਸ਼ਾਵਾਦੀ ਇਸ ਗੱਲ ਦੀ ਕਲਪਨਾ ਕਰ ਸਕਦਾ ਹੈ ਕਿ ਧਰਮ ਨਿਰਪੱਖ ਐਨ ਸੀ ਪੀ-ਕਾਂਗਰਸ ਅਤੇ ਫਿਰਕਾ ਪ੍ਰਸਤ ਸ਼ਿਵ ਸੈਨਾ ਮਹਾਰਾਸ਼ਟਰ ਵਿੱਚ ਸਰਕਾਰ ਬਣਾ ਲੈਣਗੀਆਂ? ਇਸ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ, ਪਰ ਘੋਰ ਮੌਕਾਪ੍ਰਸਤੀ ਅਤੇ ਸੱਤਾ ਦੇ ਲਾਲਚ ਕਾਰਨ ਅਜਿਹਾ ਹੋ ਗਿਆ ਹੈ ਅਤੇ ਇਸ ਕੰਮ ਵਿੱਚ ਸੰਵਿਧਾਨਕ ਕਦਰਾਂ-ਕੀਮਤਾਂ ਨੂੰ ਛਿੱਕੇ ਟੰਗਿਆ ਗਿਆ, ਲੋਕ ਫਤਵੇ ਦਾ ਅਪਮਾਨ ਕੀਤਾ ਗਿਆ ਅਤੇ ਵੋਟਰਾਂ ਨਾਲ ਧੋਖਾ ਕੀਤਾ ਗਿਆ ਤਾਂ ਕਿਸੇ ਨੂੰ ਪ੍ਰਵਾਹ ਨਹੀਂ ਹੈ।

ਇਸ ਖਿਚੜੀ ਵਿੱਚ ਕੀ ਸਰਕਾਰ ਇੱਕ ਸੰਗਠਿਤ ਸਰਕਾਰ ਦੀ ਦਿਖ ਪੇਸ਼ ਕਰ ਸਕੇਗੀ। ਗਠਜੋੜ ਦੇ ਸਹਿਯੋਗੀ ਦਲਾਂ ਵਿੱਚ ਅਨੇਕ ਵਾਦ ਵਿਵਾਦੇ ਵਾਲੇ ਮੁੱਦੇ ਹਨ ਅਤੇ ਵਿਚਾਰਕ ਤੌਰ 'ਤੇ ਉਹ ਇੱਕ ਦੂਜੇ ਦੇ ਧੁਰ ਵਿਰੋਧੀ ਹਨ। ਜ਼ਰਾ ਦੇਖੋ, ਧਰਮ ਨਿਰਪੱਖ ਕਾਂਗਰਸ ਨੂੰ ਘੋਰ ਫਿਰਕਾ ਪ੍ਰਸਤ ਸ਼ਿਵ ਸੈਨਾ ਦੇ ਨਾਲ ਗਠਜੋੜ ਕਰਨਾ ਪਿਆ ਹੈ। ਦੋਵੇਂ ਵਿਚਾਰਕ ਤੌਰ 'ਤੇ ਇੱਕ ਦੂਜੇ ਦੀਆਂ ਘੋਰ ਵਿਰੋਧੀ ਹਨ ਤੇ ਉਨ੍ਹਾਂ ਨੂੰ ਕਈ ਸਿਧਾਂਤਾਂ ਨੂੰ ਛੱਡਣਾ ਪਵੇਗਾ। ਇਹ ਸੱਚ ਹੈ ਕਿ ਅਤੀਤ ਵਿੱਚ ਕਾਂਗਰਸ ਨੇ ਧਰਮ ਨਿਰਪੱਖ ਗੌੜਾ, ਗੁਜਰਾਲ ਦੇ ਰਾਸ਼ਟਰੀ ਮੋਰਚਾ, ਪੱਛਮੀ ਬੰਗਾਲ ਵਿੱਚ ਮਮਤਾ ਦੀ ਤ੍ਰਿਣਮੂਲ, ਬਿਹਾਰ ਵਿੱਚ ਜਨਤਾ ਦਲ (ਯੂ) ਦੇ ਨਿਤੀਸ਼ ਨਾਲ ਗਠਜੋੜ ਕੀਤਾ ਅਤੇ ਇਨ੍ਹਾਂ ਦਾ ਉਦੇਸ਼ ਫਿਰਕੂ ਭਾਜਪਾ ਨੂੰ ਸੱਤਾ ਤੋਂ ਬਾਹਰ ਰੱਖਣਾ ਸੀ, ਪਰ ਅੱਜ ਕਾਂਗਰਸ ਹਿੰਦੂਤਵ ਸੰਗਠਨ ਸ਼ਿਵ ਸੈਨਾ ਨਾਲ ਗਠਜੋੜ ਕਰ ਚੁੱਕੀ ਹੈ ਅਤੇ ਇਸ ਦਾ ਉਦੇਸ਼ ਵੀ ਭਾਜਪਾ ਨੂੰ ਸੱਤਾ ਤੋਂ ਬਾਹਰ ਰੱਖਣਾ ਹੈ। ਜਦੋਂ ਧਰਮ ਨਿਰਪੱਖ ਮਿੱਤਰ ਭਾਜਪਾ ਦਾ ਸਾਥ ਦੇਣ ਤਾਂ ਫਿਰਕੂ ਦੁਸ਼ਮਣ ਬਣ ਜਾਂਦੇ ਹਨ ਅਤੇ ਜਦੋਂ ਫਿਰਕੂ ਦੁਸ਼ਮਣ ਭਾਜਪਾ ਦਾ ਸਾਥ ਦਿੰਦੇ ਹਨ ਤਾਂ ਉਹ ਧਰਮ ਨਿਰਪੱਖ ਮਿੱਤਰ ਬਣ ਜਾਂਦੇ ਹਨ।

ਕਾਂਗਰਸ ਦੇ ਇਸ ਕਦਮ ਨਾਲ ਉਸ ਦੇ ਜਨ-ਆਧਾਰ ਦਾ ਇੱਕ ਮੁੱਖ ਹਿੱਸਾ ਮੁਸਲਿਮ ਭਾਈਚਾਰਾ ਉਸ ਤੋਂ ਦੂਰ ਹੋ ਸਕਦਾ ਹੈ। ਕਾਂਗਰਸ ਨੇ ਪਹਿਲਾਂ ਕੇਰਲ ਵਿੱਚ ਆਈ ਯੂ ਐੱਮ ਐੱਲ ਨਾਲ ਗਠਜੋੜ ਕੀਤਾ ਹੋਇਆ ਹੈ ਅਤੇ ਉਸ ਨੇ ਸ਼ਿਵ ਸੈਨਾ ਨਾਲ ਗਠਜੋੜ ਦਾ ਵਿਰੋਧ ਕੀਤਾ ਹੈ। ਇਸ ਗੱਲ ਦੀ ਕੋਈ ਗਾਰੰਟੀ ਨਹੀਂ ਕਿ ਸੱਜੇ ਪੱਖੀ ਸ਼ਿਵ ਸੈਨਾ ਨਾਲ ਉਸ ਦਾ ਗਠਜੋੜ ਕਦੋਂ ਤੱਕ ਚੱਲੇਗਾ, ਪਰ ਲੋਕ ਸਭਾ ਵਿੱਚ 42 ਤੱਕ ਪਹੁੰਚਣ ਤੇ ਮਹਾਰਾਸ਼ਟਰ ਵਿੱਚ 44 ਤੱਕ ਪੁੱਜਣ ਤੋਂ ਬਾਅਦ ਕਾਂਗਰਸ ਕੋਲ ਗੁਆਉਣ ਲਈ ਕੁਝ ਨਹੀਂ ਹੈ। ਮਹਾਰਾਸ਼ਟਰ ਵਿੱਚ ਸੱਤਾ 'ਚ ਹਿੱਸੇਦਾਰ ਬਣਨ ਨਾਲ ਉਸ ਦੀ ਆਸ ਜਾਗੀ ਹੈ ਕਿ ਪਾਰਟੀ ਨੇ ਅਜੇ ਸਭ ਕੁਝ ਗੁਆਇਆ ਨਹੀਂ। ਝਾਰਖੰਡ ਤੇ ਦਿੱਲੀ ਵਿੱਚ ਉਸ ਦੇ ਵਰਕਰਾਂ ਦਾ ਮਨੋਬਲ ਵਧਦਾ ਹੈ।

ਕਾਂਗਰਸ ਅਤੇ ਐਨ ਸੀ ਪੀ ਵੱਲੋਂ ਸ਼ਿਵ ਸੈਨਾ ਸਰਕਾਰ ਨੂੰ ਸਮਰਥਨ ਦੇਣਾ ਇੱਕ ਵਿਚਾਰਕ ਵਿਰੋਧ ਹੈ, ਤਾਂ ਇਸ ਵਿੱਚ ਜੋੜਨ ਦਾ ਕੰਮ ਤਿੰਨਾਂ ਦਲਾਂ ਦਾ ਇਹ ਡਰ ਹੈ ਕਿ ਭਾਜਪਾ ਉਨ੍ਹਾਂ ਨੂੰ ਖਾ ਜਾਵੇਗੀ। ਭਾਜਪਾ-ਵਿਰੋਧ ਦਾ ਨਵਾਂ ਸਿਧਾਂਤ ਬਣ ਗਿਆ ਹੈ ਅਤੇ ਇਸ ਦੇ ਕਾਰਨ ਗੈਰ ਭਾਜਪਾ ਪਾਰਟੀਆਂ ਇਕਜੁੱਟ ਹੋ ਰਹੀਆਂ ਹਨ ਕਿਉਂਕਿ ਮਿੱਤਰ ਅਤੇ ਦੁਸ਼ਮਣ ਦੋਵੇਂ ਮੋਦੀ ਅਤੇ ਸ਼ਾਹ 'ਤੇ ਵਿਸ਼ਵਾਸ ਨਹੀਂ ਕਰਦੇ। ਇਸ ਲਈ ਨਵਾਂ ਧਰੁਵੀਕਰਨ ਹਿੰਦੂਤਵ ਬਨਾਮ ਧਰਮ ਨਿਰਪੱਖ ਨਹੀਂ ਹੈ, ਕਿਉਂਕਿ ਕਾਂਗਰਸ, ਐਨ ਸੀ ਪੀ ਅਤੇ ਜਨਤਾ ਦਲ (ਯੂ) ਨੇ ਭਗਵਾ ਨਾਲ ਗਠਜੋੜ ਕੀਤਾ ਹੈ। ਅੱਜ ਰਾਜਨੀਤੀ ਮੋਦੀ-ਸ਼ਾਹ ਦੇ ਵਿਰੁੱਧ ਸਮਰਪਣ ਕਰਨ ਵਾਲਿਆਂ ਅਤੇ ਉਨ੍ਹਾਂ ਦਾ ਮੁਕਾਬਲਾ ਕਰਨ ਵਾਲਿਆਂ ਵਿਚਾਲੇ ਵੰਡੀ ਗਈ ਹੈ।

ਭਾਰਤੀ ਰਾਜਨੀਤੀ ਵਿੱਚ ਕਾਂਗਰਸ ਦੀ ਗੈਰ ਪ੍ਰਸੰਗਿਕਤਾ ਕਾਰਨ ਉਸ ਦੀ ਹੋਂਦ ਖਤਰੇ ਵਿੱਚ ਆ ਗਈ ਹੈ, ਇਸ ਲਈ ਉਸ ਕੋਲ ਸ਼ਰਦ ਪਵਾਰ 'ਤੇ ਵਿਸ਼ਵਾਸ ਕਰਨ ਅਤੇ ਸ਼ਿਵ ਸੈਨਾ ਦਾ ਸਾਥ ਦੇਣ ਤੋਂ ਬਿਨਾ ਕੋਈ ਬਦਲ ਨਹੀਂ। ਅਜਿਹੇ ਸਮੇ ਵਿੱਚ ਜਦੋਂ ਮੋਦੀ ਸਰਕਾਰ ਉਸ ਦੇ ਨੇਤਾਵਾਂ ਨੂੰ ਜੇਲ੍ਹ ਵਿੱਚ ਸੁੱਟ ਰਹੀ ਹੈ ਤਾਂ ਰੋਕਣ ਲਈ ਆਪਣੇ ਧਰਮ ਨਿਰਪੱਖ ਮਾਣ ਦਾ ਘੁੱਟ ਪੀਣਾ ਪਿਆ ਅਤੇ ਇਸ ਦੇ ਲਈ ਉਸ ਨੇ ਸ਼ਿਵ ਸੈਨਾ ਦੇ ਨਾਲ ਦੋਸਤੀ ਕਰ ਲਈ। ਇਹ ਸਮਾਂ ਦੱਸੇਗਾ ਕਿ ਕੀ ਸੱਜੇ ਪੱਖੀ ਹਿੰਸਕ ਫਿਰਕੂ ਪਾਰਟੀ ਦੇ ਨਾਲ ਗਠਜੋੜ ਨਾਲ ਉਸ ਦਾ ਭਲਾ ਹੋਵੇਗਾ ਜਾਂ ਬੁਰਾ ਹੋਵੇਗਾ?

ਤ੍ਰਾਸਦੀ ਦੇਖੋ, ਅੱਜ ਸ਼ਿਵ ਸੈਨਾ ਉਦਾਰਵਾਦੀਆਂ ਦੀ ਪਿਆਰੀ ਬਣ ਗਈ ਹੈ। ਅੱਜ ਵਿਰੋਧੀਆਂ ਨਾਲ ਪ੍ਰੇਮ ਕਰਨਾ ਸਿਆਸੀ ਕਾਰਜ ਸਾਧਕਤਾ ਬਣ ਗਿਆ ਹੈ। ਇਹ ਕਾਂਗਰਸ ਦੀ ਦੇਣ ਹੈ, ਜਿਸ ਨੇ ਖੱਬੇ ਪੱਖੀਆਂ ਦਾ ਵਿਰੋਧ ਕਰਨ ਲਈ ਸ਼ਿਵ ਸੈਨਾ ਦੇ ਬੀਜ ਬੀਜੇ ਸਨ। ਸਭ ਤੋਂ ਪਹਿਲਾਂ ਉਸ ਨੇ ਦੱਖਣ ਭਾਰਤੀਆਂ ਨੂੰ ਮਰਾਠੀ ਮਾਨੁਸ਼ ਦੇ ਦੁਸ਼ਮਣ ਮੰਨਿਆ, ਫਿਰ ਖੱਬੇ ਪੱਖੀਆਂ, ਬਿਹਾਰੀਆਂ, ਮੁਸਲਮਾਨਾਂ ਆਦਿ ਦਾ ਨੰਬਰ ਆਇਆ। ਉਦਾਰਵਾਦੀਆਂ ਦਾ ਕਹਿਣਾ ਹੈ ਕਿ ਸੱਤਾ ਵਿੱਚ ਬਣੇ ਰਹਿਣ ਲਈ ਸੈਨਾ ਗਿਰਗਿਟ ਵਾਂਗ ਰੰਗ ਬਦਲ ਲਵੇਗੀ, ਪਰ ਇਹ ਇੰਨਾ ਆਸਾਨ ਨਹੀਂ।

ਸ਼ਿਵ ਸੈਨਾ ਕਾਂਗਰਸ ਅਤੇ ਐਨ ਸੀ ਪੀ ਵੱਲੋਂ ਸਰਕਾਰੀ ਨੌਕਰੀਆਂ ਅਤੇ ਵਿਦਿਅਕ ਸੰਸਥਾਵਾਂ ਵਿੱਚ ਪੰਜ ਫੀਸਦੀ ਦਾ ਰਿਜ਼ਰਵੇਸ਼ਨ ਦੇਣ ਦੇ ਪ੍ਰਸਤਾਵ ਤੋਂ ਖੁਸ਼ ਨਹੀਂ। ਸੈਨਾ ਨੇ ਰਾਮ ਮੰਦਰ, ਰਾਸ਼ਟਰੀ ਨਾਗਰਿਕਤਾ ਰਜਿਸਟਰ ਅਤੇ ਹਿੰਦੂ ਮਹਾਸਭਾ ਦੇ ਮੋਢੀ ਵੀਰ ਸਾਵਰਕਰ ਨੂੰ ਭਾਰਤ ਰਤਨ ਦੇਣ ਦੇ ਮੁੱਦੇ 'ਤੇ ਭਾਜਪਾ ਤੋਂ ਵੱਧ ਕਾਹਲ ਦਿਖਾਈ ਹੈ, ਪਰ ਇਸ ਦੇ ਬਾਅਦ ਉਹ ਧਰਮ ਨਿਰਪੱਖਤਾ ਪ੍ਰਤੀ ਵਚਨਬੱਧ ਹੋ ਗਈ ਹੈ। ਉਸ ਨੂੰ ਮਸਾਂ 17 ਮਿੰਟ ਵਿੱਚ ਬਾਬਰੀ ਮਸਜਿਦ ਤਬਾਹ ਕਰਨ ਦੀਆਂ ਗੱਲਾਂ ਭੁੱਲਣੀਆਂ ਹੋਣਗੀਆਂ, ਬਿਹਾਰੀਆਂ ਦਾ ਮੁੰਬਈ ਵਿੱਚ ਸਵਾਗਤ ਕਰਨਾ ਹੋਵੇਗਾ। ਉਹ ਗੌਡਸੇ ਨੂੰ ਦੇਸ਼ਭਗਤ ਨਹੀਂ ਕਹਿ ਸਕਦੀ। ਇਸ ਪੱਖ ਤੋਂ ਉਧਵ ਠਾਕਰੇ ਨੇ ਪਹਿਲਾਂ ਹੀ ਕਦਮ ਚੁੱਕਣੇ ਸ਼ੁਰੂ ਕਰ ਦਿੱਤੇ ਹਨ। ਉਨ੍ਹਾਂ ਨੇ ਆਪਣਾ ਅਯੁੱਧਿਆ ਦੌਰਾ ਰੱਦ ਕਰ ਦਿੱਤਾ ਹੈ ਅਤੇ ਉਨ੍ਹਾਂ ਦੀ ਪਾਰਟੀ ਨਾਗਰਿਕਤਾ ਬਿੱਲ ਦਾ ਵਿਰੋਧ ਵੀ ਕਰ ਸਕਦੀ ਹੈ।


ਐਮਰਜੈਂਸੀ ਵਿੱਚ ਉਸ ਦੇ ਲਈ ਲਾਭਦਾਇਕ ਸਥਿਤੀ ਹੋ ਸਕਦੀ ਹੈ ਕਿਉਂਕਿ ਉਹ ਆਪਣੇ ਪੁਰਾਣੇ ਸਹਿਯੋਗੀ ਭਾਜਪਾ ਤੋਂ ਵੱਖ ਹੋਈ ਹੈ ਤੇ ਉਸ ਨੇ ਭਾਜਪਾ ਤੋਂ ਮੁੰਬਈ ਵਿੱਚ ਆਪਣੇ ਇੱਕ ਨੰਬਰ ਦਾ ਦਰਜਾ ਖੋਹਣ ਦਾ ਬਦਲਾ ਲਿਆ ਹੈ। ਮੁੱਢਲੇ ਸਾਲਾਂ ਵਿੱਚ ਭਾਜਪਾ ਸ਼ਿਵ ਸੈਨਾ ਦੀ ਜੂਨੀਅਰ ਬਣ ਕੇ ਰਹੀ, ਬਾਅਦ ਵਿੱਚ ਉਸ ਨੇ ਇਹ ਸਾਫ ਕਰ ਦਿੱਤਾ ਕਿ ਗਠਜੋੜ ਕਾਰਜ ਸਾਧਕਤਾ 'ਤੇ ਆਧਾਰਤ ਹੋਵੇਗਾ ਅਤੇ ਅੱਜ ਸ਼ਿਵ ਸੈਨਿਕ ਭਾਜਪਾ ਤੋਂ ਬਦਲਾ ਲੈਣ 'ਤੇ ਖੁਸ਼ ਹਨ, ਪਰ ਲੰਮੇ ਸਮੇਂ ਵਿੱਚ ਪਾਰਟੀ ਨੂੰ ਨੁਕਸਾਨ ਹੋ ਸਕਦਾ ਹੈ। ਭਾਜਪਾ ਨੂੰ ਰੋਕਣ ਲਈ ਮੁੱਖ ਧਾਰਾ ਵਿੱਚ ਆਉਣੇ ਦਾ ਯਤਨ ਕਰਨ ਨਾਲ ਇਹ ਦੁਵਿਧਾ ਦੀ ਸਥਿਤੀ ਵਿੱਚ ਫਸ ਸਕਦੀ ਹੈ।

ਭਾਜਪਾ ਆਪਣੇ ਮਿੱਤਰ ਤੋਂ ਦੁਸ਼ਮਣ ਬਣੀ ਸ਼ਿਵ ਸੈਨਾ ਨੂੰ ਸਬਕ ਸਿਖਾਉਣ ਲਈ ਕਸਰ ਨਹੀਂ ਛੱਡੇਗੀ ਅਤੇ ਉਹ ਹਿੰਦੂਤਵ ਦਾ ਪੱਖ ਲਵੇਗੀ ਅਤੇ ਸੈਨਾ ਵਿਰੁੱਧ ਮਹਾਰਾਸ਼ਟਰ ਨਵ ਨਿਰਮਾਣ ਸੈਨਾ ਨੂੰ ਵਰਤ ਸਕਦੀ ਹੈ। ਇਸ ਖੇਡ ਵਿੱਚ ਮੈਨ ਆਫ ਦਿ ਮੈਚ ਐਨ ਸੀ ਪੀ ਦੇ ਸ਼ਰਦ ਪਵਾਰ ਰਹੇ ਹਨ, ਪਰ ਉਹ ਪੂਰੇ ਸਫਲ ਨਹੀਂ ਹੋਏ। ਇਸ ਤੋਂ ਪਹਿਲਾਂ ਉਨ੍ਹਾਂ ਨੇ ਸੋਨੀਆ ਗਾਂਧੀ ਨੂੰ ਕਾਂਗਰਸ ਪ੍ਰਧਾਨ ਚੁਣੇ ਜਾਣ 'ਤੇ ਪਾਰਟੀ ਤੋਂ ਵੱਖ ਹੋਣ ਦਾ ਕਦਮ ਚੁੱਕਿਆ ਸੀ, ਪਰ ਯੂ ਪੀ ਏ-1 ਅਤੇ ਯੂ ਪੀ ਏ-2 ਵਿੱਚ ਉਹ ਕਾਂਗਰਸ ਗਠਜੋੜ ਦੇ ਸਹਿਯੋਗੀ ਰਹੇ ਅਤੇ ਮਹਾਰਾਸ਼ਟਰ ਵਿੱਚ ਦੋਵਾਂ ਪਾਰਟੀਆਂ ਨੇ ਸੱਤਾ ਵਿੱਚ ਹਿੱਸੇਦਾਰੀ ਕੀਤੀ। ਉਨ੍ਹਾਂ ਨੇ ਭਾਜਪਾ ਅਤੇ ਸ਼ਿਵ ਸੈਨਾ ਦਾ ਮੁਕਾਬਲਾ ਕੀਤਾ ਅਤੇ ਇਹ ਸਭ ਦੂਸਰੇ ਨੂੰ ਬੇਈਮਾਨ ਕਹਿੰਦੇ ਰਹੇ, ਪਰ ਉਹ ਮੋਦੀ ਨੂੰ ਆਪਣੇ ਮਿੱਤਰ ਦੱਸਦੇ ਹਨ ਅਤੇ ਪਿੱਛੇ ਜਿਹੇ ਉਨ੍ਹਾਂ ਨੇ ਮੋਦੀ ਨਾਲ ਮੁਲਾਕਾਤ ਵੀ ਕੀਤੀ। ਉਪਰੀ ਤੌਰ 'ਤੇ ਇਹ ਮੁਲਾਕਾਤ ਕਿਸਾਨਾਂ ਦੀ ਸਮੱਸਿਆ ਬਾਰੇ ਸੀ, ਪਰ ਚੋਣਾਂ ਤੋਂ ਪਹਿਲਾਂ ਐਨਫੋਰਸਮੈਂਟ ਡਾਇਰੈਕਟੋਰੇਟ ਨੇ ਉਨ੍ਹਾਂ ਨੂੰ ਇੱਕ ਘਪਲੇ ਵਿੱਚ ਨਾਮਜ਼ਦ ਕਰ ਦਿੱਤਾ ਸੀ। ਭਰਮ ਦੀ ਸਥਿਤੀ ਇਸ ਲਈ ਵਧੀ ਕਿ ਕੁਝ ਸਮਾਂ ਪਹਿਲਾਂ ਮੋਦੀ ਸਰਕਾਰ ਨੇ ਉਨ੍ਹਾਂ ਨੂੰ ਪਦਮ ਵਿਭੂਸ਼ਣ ਵੀ ਦਿੱਤਾ।

ਠਾਕਰੇ ਤੇ ਪਵਾਰ ਵਿਚਾਲੇ ਸਿਆਸੀ ਅਤੇ ਪਰਵਾਰਕ ਸੰਬੰਧ ਕਾਰੋਬਾਰੀ ਸੰਬੰਧਾਂ ਵਾਂਗ ਹਨ। ਇਹ ਮੰਨਣਾ ਉਚਿਤ ਨਹੀਂ ਹੋਵੇਗਾ ਕਿ ਮੋਦੀ ਅਤੇ ਸ਼ਾਹ ਨੇ ਹਾਰ ਮੰਨ ਲਈ ਹੈ। ਉਹ ਇਸ ਦਾ ਬਦਲਾ ਲੈਣਗੇ। ਇੱਕ ਸੰਭਾਵਨਾ ਇਹ ਹੈ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਵੱਖ-ਵੱਖ ਵਿਚਾਰਧਾਰਾ ਵਾਲੀਆਂ ਪਾਰਟੀਆਂ ਦੀ ਬੇਮੇਲ ਸਰਕਾਰ ਬਹੁਤੇ ਦਿਨ ਨਹੀਂ ਚੱਲੇਗੀ। ਦੂਸਰਾ, ਉਹ ਹਿੰਦੂਤਵ ਵਿਚਾਰਧਾਰਾ ਤਿਆਗਣ ਅਤੇ ਹਿੰਦੂ ਵਿਰੋਧੀ ਦਲਾਂ ਦੇ ਨਾਲ ਸਹਿਯੋਗ ਕਰਨ ਲਈ ਸ਼ਿਵ ਸੈਨਾ ਨੂੰ ਬਦਨਾਮ ਕਰ ਸਕਦੀ ਹੈ, ਜਿਸ ਨਾਲ ਉਹ ਹਿੰਦੂਤਵ ਦੇ ਇੱਕੋ-ਇੱਕ ਰੱਖਿਅਕ ਦੇ ਰੂਪ ਵਿੱਚ ਉਭਰੇਗੀ ਅਤੇ ਉਸ ਨੂੰ ਲਾਭ ਮਿਲੇਗਾ।

ਦੂਸਰੇ ਪਾਸੇ ਮਹਾਰਾਸ਼ਟਰ ਵਿੱਚ ਸੱਤਾ ਗੁਆਉਣਾ ਨਾ ਸਿਰਫ ਭਾਜਪਾ ਲਈ ਵੱਡਾ ਝਟਕਾ ਹੈ ਸਗੋਂ ਲੋਕ ਸਭਾ ਚੋਣਾਂ ਦੇ ਛੇ ਮਹੀਨੇ ਬਾਅਦ ਇਹ ਉਸ ਦੀ ਹਾਰ 'ਤੇ ਵੀ ਸਵਾਲੀਆ ਨਿਸ਼ਾਨ ਲਾ ਦਿੰਦਾ ਹੈ। ਹਰਿਆਣਾ ਵਾਂਗ ਮਹਾਰਾਸ਼ਟਰ ਵਿੱਚ ਵੀ ਪਾਰਟੀ ਮੁਕੰਮਲ ਬਹੁਮਤ ਨਹੀਂ ਹਾਸਲ ਕਰ ਸਕੀ। ਇਹ ਪਾਰਟੀ ਦੇ ਪਸਾਰ ਦੀ ਹੌਲੀ ਰਫਤਾਰ ਦਾ ਸੂਚਕ ਅੰਕ ਹੈ। ਅੱਜ ਸਭ ਦੀਆਂ ਨਜ਼ਰਾਂ ਝਾਰਖੰਡ 'ਤੇ ਲੱਗੀਆਂ ਹੋਈਆਂ ਹਨ, ਜਿੱਥੇ ਭਾਜਪਾ ਲਈ ਜਿੱਤ ਜ਼ਰੂਰੀ ਬਣ ਗਈ ਹੈ।

ਮਹਾਰਾਸ਼ਟਰ ਦੇ ਸਬਕ ਕੀ ਹਨ? ਪਾਰਟੀਆਂ ਨੂੰ ਸੱਤਾ ਨਾਲ ਚਿੰਬੜੇ ਨਹੀਂ ਰਹਿਣਾ ਚਾਹੀਦਾ, ਕਿਉਂਕਿ ਜੇ ਤੁਸੀਂ ਅਜਿਹੇ ਵਿਅਕਤੀ ਨੂੰ ਧੱਕਾ ਦਿਓਗੇ, ਜਿਸ ਕੋਲ ਗੁਆਉਣ ਲਈ ਕੁਝ ਨਹੀਂ ਹੈ ਤਾਂ ਇਹ ਉਨ੍ਹਾਂ ਦੀ ਆਪਣੀ ਹੋਂਦ ਲਈ ਖਤਰਾ ਹੋਵੇਗਾ। ਜਿੱਤ ਦਾ ਸਿਹਰਾ ਲੈਣ ਵਾਲੇ ਕਈ ਲੋਕ ਹੁੰਦੇ ਹਨ, ਪਰ ਹਾਰ ਅਨਾਥ ਜਿਹੀ ਹੁੰਦੀ ਹੈ। ਦੇਖਣਾ ਇਹ ਹੈ ਕਿ ਸੁਆਰਥੀ, ਬੇਮੇਲ ਪਾਰਟੀਆਂ ਦੀ ਸੱਤਾ ਹਾਸਲ ਕਰਨ ਦੀ ਇੱਛਾ ਦੀ ਏਕਤਾ ਬਣੀ ਰਹਿੰਦੀ ਹੈ ਜਾਂ ਨਹੀਂ। ਸਾਡੇ ਰਾਜ ਨੇਤਾਵਾਂ ਨੂੰ ਇਸ ਗੱਲ ਨੂੰ ਧਿਆਨ ਦਾ ਰੱਖਣਾ ਪਵੇਗਾ ਕਿ ਸਿਆਸੀ ਫੈਵੀਕੋਲ ਰਾਸ਼ਟਰ ਦੇ ਨੈਤਿਕ ਅਤੇ ਵਿਚਾਰਕ ਤਾਣੇ-ਬਾਣੇ ਨੂੰ ਨਹੀਂ ਜੋੜ ਸਕਦਾ ਅਤੇ ਨਾ ਹੀ ਤੁਰਤ-ਫੁਰਤ ਉਪਾਵਾਂ ਨਾਲ ਕੋਈ ਰਾਹਤ ਮਿਲਦੀ ਹੈ।



# ਖ਼ਬਰਾਂ ਪੰਜਾਬ ਦੀਆਂ






## ਪਤਨੀ ਦੇ ਨਾਂਅ ਕਰਜ਼ਾ ਲੈ ਕੇ ਵਿਦੇਸ਼ ਪਹੁੰਚਿਆ, ਏਅਰਪੋਰਟ ਤੋਂ ਪਤਨੀ ਨੂੰ ਮੋੜਿਆ

ਰੋਪੜ, 5 ਦਸੰਬਰ (ਪੋਸਟ ਬਿਊਰੋ)- ਵਿਆਹ ਦੇ ਬਾਅਦ ਦਾਜ ਲਈ ਤੰਗ ਕਰਨ ਦੇ ਕੇਸ ਆਮ ਹੁੰਦੇ ਹਨ, ਪਰ ਰੋਪੜ ਦਾ ਇੱਕ ਆਦਮੀ ਆਪਣੀ ਪਤਨੀ ਦੇ ਨਾਂਅ 'ਤੇ ਕਰਜ਼ਾ ਲੈ ਕੇ ਵਿਦੇਸ਼ ਚਲਾ ਗਿਆ। ਪੁਲਸ ਨੇ ਪਤਨੀ ਦੇ ਬਿਆਨ ਉਤੇ ਕੁਲਵਿੰਦਰ ਸਿੰਘ ਪੁੱਤਰ ਪ੍ਰਿਤਪਾਲ ਸਿੰਘ ਭਗਵੰਤਪੁਰਾ ਦੇ ਖਿਲਾਫ ਕੇਸ ਦਰਜ ਕਰ ਲਿਆ ਹੈ।
ਏ ਐੱਸ ਆਈ ਖੁਸ਼ਹਾਲ ਸਿੰਘ ਨੇ ਦੱਸਿਆ ਕਿ ਸ਼ਿਕਾਇਤ ਕਰਤਾ ਸੋਨੀਆ ਪੁੱਤਰੀ ਲਾਹੌਰੀ ਰਾਮ ਵਾਸੀ ਮਾਤਾ ਰਾਣੀ ਮੁਹੱਲਾ ਨੇ ਪੁਲਸ ਨੂੰ ਦੱਸਿਆ ਹੈ ਕਿ ਉਸ ਦਾ ਵਿਆਹ 2016 ਵਿੱਚ ਹੋਇਆ ਸੀ। ਉਸ ਦੇ ਪਤੀ ਨੇ ਵਿਆਹ ਦੇ ਬਾਅਦ ਸਵਿੱਟਜ਼ਰਲੈਂਡ ਜਾਣ ਲਈ ਘਰ ਦੀ ਜਾਇਦਾਦ ਗਹਿਣੇ ਰੱਖ ਕੇ 10 ਲੱਖ ਰੁਪਏ ਦਾ ਕਰਜ਼ਾ ਲਿਆ ਸੀ। ਇਸ ਦੇ ਬਾਅਦ ਉਸ ਨੇ ਸਵਿੱਟਜ਼ਰਲੈਂਡ ਦਾ ਵੀਜ਼ਾ ਵੀ ਲਗਵਾਇਆ ਸੀ। 12 ਨਵੰਬਰ ਨੂੰ ਜਦ ਦੋਸ਼ੀ ਕੁਲਵਿੰਦਰ ਸਿੰਘ ਦੇ ਨਾਲ ਸਵਿੱਟਜ਼ਰਲੈਂਡ ਜਾਣ ਦੇ ਲਈ ਉਹ ਦਿੱਲੀ ਏਅਰਪੋਰਟ ਪਹੁੰਚੀ ਤਾਂ ਓਥੇ ਪਤਾ ਲੱਗਾ ਕਿ ਦੋਸ਼ੀ ਦੀਆਂ ਭੈਣਾਂ ਨੇ ਪਾਸਪੋਰਟ ਖਰਾਬ ਕਰ ਦਿੱਤਾ ਹੈ। ਇਸ 'ਤੇ ਦੋਸ਼ੀ ਇਕੱਲਾ ਵਿਦੇਸ਼ ਚਲਾ ਗਿਆ ਅਤੇ ਉਸ ਨੂੰ ਏਅਰਪੋਰਟ ਤੋਂ ਵਾਪਸ ਮੁੜਨਾ ਪਿਆ। ਇਸ ਦੇ ਬਾਅਦ ਉਸ ਨੇ ਦੋਸ਼ੀ ਨੂੰ ਕਈ ਵਾਰ ਫੋਨ ਕੀਤਾ, ਪਰ ਫੋਨ ਨਹੀਂ ਚੁੱਕਿਆ ਅਤੇ ਨਾ ਪੈਸੇ ਵਾਪਸ ਦੇਣ ਦੀ ਕੋਈ ਗੱਲ ਕਰ ਰਿਹਾ ਹੈ। ਉਸ ਨੇ ਕਿਹਾ ਕਿ ਇਹ ਸਭ ਜਾਣਬੁੱਝ ਕੇ ਕੀਤਾ ਗਿਆ ਹੈ।

## ਸ਼ਿਵ ਸੈਨਾ ਦੇ ਪਿੱਛੋਂ ਅਕਾਲੀ ਦਲ ਵੀ ਭਾਜਪਾ ਤੋਂ ਦੂਰੀ ਬਣਾਉਣ ਨੂੰ ਤਿਆਰ





ਲੁਧਿਆਣਾ, 5 ਦਸੰਬਰ (ਪੋਸਟ ਬਿਊਰੋ)- ਭਾਰਤ ਦੇ ਵੱਖ-ਵੱਖ ਰਾਜਾਂ ਵਿੱਚ ਤਾਕਤਵਰ ਸਿਆਸੀ ਪਾਰਟੀਆਂ ਨਾਲ ਕੰਧੇ ਨਾਲ ਕੰਧਾ ਮਿਲਾ ਕੇ ਸਰਕਾਰ ਦਾ ਸੁਖ ਭੋਗਣ ਵਾਲੀ ਭਾਜਪਾ ਅੱਜਕੱਲ੍ਹ ਆਪਣੇ ਦਮ 'ਤੇ ਕੇਂਦਰ ਦੀ ਸਤਾ 'ਤੇ ਕਾਬਿਜ ਹੈ। ਸੱਤਾ ਦਾ ਮੋਹ ਸਿਆਸਤ ਵਿੱਚ ਦੋਸਤਾਂ ਦੇ ਦੁਸ਼ਮਣ ਬਨਣ ਦਾ ਅਹਿਮ ਕਾਰਨ ਹੁੰਦਾ ਹੈ, ਇਹ ਕਾਰਨ ਹੈ ਕਿ ਜਿਸ ਭਾਜਪਾ ਨਾਲ ਕਦੀ ਕੇਂਦਰ ਦੀ ਰਾਜਨੀਤੀ ਵਿੱਚ ਦਰਜਨ ਭਰ ਸਿਆਸੀ ਪਾਰਟੀਆਂ ਦਾ ਹੱਥ ਫੜ ਕੇ ਖੜੀ ਸੀ, ਅੱਜ ਉਹ ਇੱਕ-ਇੱਕ ਕਰ ਕੇ ਨਾ ਸਿਰਫ ਦੂਰ ਜਾ ਚੁੱਕੀਆਂ ਹਨ, ਸਗੋਂ ਭਾਜਪਾ ਨੂੰ ਘੇਰਨ ਲਈ ਨਵੇਂ ਭਾਗੀਦਾਰ ਤਲਾਸ਼ ਕਰ ਕੇ ਦੇਸ਼ ਦੀ ਰਾਜਨੀਤੀ ਵਿੱਚ ਲਾ-ਮਿਸਾਲ ਬਦਲਾਓ ਲਈ ਯਤਨ ਕਰ ਰਹੀਆਂ ਹਨ।
ਵਰਨਣ ਯੋਗ ਹੈ ਕਿ ਪਾਰਲੀਮੈਂਟ ਵਿੱਚ ਕਿਸੇ ਸਮੇਂ ਸਿਰਫ ਦੋ ਮੈਂਬਰਾਂ ਵਾਲੀ ਪਾਰਟੀ ਭਾਜਪਾ ਅੱਜ ਲੋਕ ਸਭਾ ਦੇ ਵਿੱਚ ਬਹੁਮਤ ਵਿੱਚ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਅਗਵਾਈ ਵਿੱਚ ਭਾਜਪਾ ਨੇ ਦੇਸ਼ ਦੇ ਉਨ੍ਹਾਂ ਰਾਕਾਂ ਵਿੱਚ ਰਿਕਾਰਡਤੋੜ ਸਫਲਤਾ ਹਾਸਿਲ ਕੀਤੀ ਜਿੱਥੇ ਕੁਝ ਸਾਲ ਪਹਿਲਾ ਭਾਜਪਾ ਦਾ ਝੰਡਾ ਉਠਾਉਣ ਵਾਲਾ ਕੋਈ ਨਹੀਂ ਸੀ। ਲਗਾਤਾਰ ਸੱਤਾ ਵਿੱਚ ਰਹੀ ਕਾਂਗਰਸ ਪਾਰਟੀ ਅੱਜ ਯੋਗ ਲੀਡਰਸ਼ਿਪ ਦੀ ਕਮੀ ਕਾਰਨ ਦੇਸ਼ ਵਿੱਚ ਖੂੰਜੇ ਲੱਗੀ ਪਏਕੀ ਹੈ। ਵਿਰੋਧੀ ਧਿਰ ਦਾ ਕਮਜ਼ੋਰ ਹੋਣਾ ਲੋਕਤੰਤਰ ਲਈ ਖਤਰੇ ਦੀ ਘੰਟੀ ਹੈ। ਇਸ ਕਾਰਨ ਨਾਲ ਭਾਜਪਾ 370 ਦੇ ਕਰੀਬ ਲੋਕ ਸਭਾ ਮੈਂਬਰਾਂ ਦੇ ਨਾਲ ਮਜ਼ਬੂਤ ਸਰਕਾਰ ਚਲਾ ਕਈ ਗੱਲਾਂ ਵਿੱਚ ਮਰਜ਼ੀ ਦੇ ਫੈਸਲੇ ਨਾਲ ਕਮਜ਼ੋਰ ਵਿਰੋਧੀ ਧਿਰ ਦਾ ਲਾਭ ਉਠਾ ਰਹੀ ਹੈ। ਉਸ ਦੀ ਇਹ ਤਾਕਤ ਤੇ ਹਰ ਗੱਲ ਵਿੱਚ ਮਰਜ਼ੀ ਚਲਾਉਣ ਦੀ ਆਦਤ ਦੇ ਕਾਰਨ ਉਸ ਦੀਆਂ ਭਾਈਵਾਲ ਸਿਆਸੀ ਪਾਰਟੀਆਂ ਇੱਕ-ਇੱਕ ਕਰਕੇ ਉਸ ਤੋਂ ਦੂਰ ਜਾ ਰਹੀਆਂ ਹਨ, ਜਿਸ ਦੇ ਨਤੀਜੇ ਆਉਣ ਵਾਲੇ ਸਮੇਂ ਵਿੱਚ ਖਤਰਨਾਕ ਹੋ ਸਕਦੇ ਹਨ। ਪਿਛਲੀਆਂ ਪਿਛਲੇ ਲੋਕ ਸਭਾ ਚੋਣਾਂ ਤੱਕ ਭਾਜਪਾ ਬੇਸ਼ਕ ਇਨੀ ਤਾਕਤਵਰ ਹੋ ਗਈ ਕਿ ਉਸ ਨੂੰ ਕਿਸੇ ਦੇ ਸਹਾਰੇ ਦੀ ਜ਼ਰੂਰਤ ਨਹੀਂ, ਪਰ ਆਪਣੇ ਬਲਬੂਤੇ ਮਿਲੇ ਬਹੁਮਤ ਨੇ ਪਾਰਟੀ ਦੀ ਸਿਖਰਲੀ ਲੀਡਰਸ਼ਿਪ ਦਾ ਵਿਹਾਰ ਸਹਿਯੋਗੀ ਪਾਰਟੀਆਂ ਲਈ ਏਨਾ ਬਦਲ ਦਿੱਤਾ ਕਿ ਹੌਲੀ-ਹੌਲੀ ਦੋਸਤ ਪਾਰਟੀਆਂ ਨਾ ਸਿਰਫ ਭਾਜਪਾ ਤੋਂ ਦੂਰ ਹੋ ਚੁੱਕੀਆਂ ਹਨ, ਸਗੋਂ ਹਾਲਾਤ ਇਹ ਹਨ ਕਿ ਉਹ ਨਵਾਂ ਬਦਲ ਤਿਆਰ ਕਰਨ ਅਤੇ ਭਾਜਪਾ ਨੂੰ ਸਬਕ ਸਿਖਾਉਣ ਲਈ ਵਿਰੋਧੀ ਵਿਚਾਰਾਂ ਵਾਲੀਆਂ ਪਾਰਟੀਆਂ, ਜਿਨ੍ਹਾਂ ਨਾਲ ਉਹ ਲੜਦੀਆਂ ਰਹੀਆਂ ਹਨ, ਨਾਲ ਮਿਲ ਰਹੀਆਂ ਹਨ। ਕਦੀ ਭਾਜਪਾ ਦੀਆਂ ਸਹਿਯੋਗੀ ਰਹੀਆਂ ਨੈਸ਼ਨਲ ਕਾਨਫਰੈਂਸ, ਪੀ ਡੀ ਪੀ, ਤ੍ਰਿਣਮੂਲ ਆਦਿ ਸਿਆਸੀ ਪਾਰਟੀਆਂ ਉਸ ਨੂੰ ਛੱਡ ਚੁੱਕੀਆਂ ਹਨ। ਮਹਾਰਾਸ਼ਟਰ ਵਿੱਚ ਪਿਛਲੇ ਦਿਨਾਂ ਦੇ ਨਾਟਕ ਪਿੱਛੋਂ ਭਾਜਪਾ ਦੀ ਸਭ ਤੋਂ ਪੁਰਾਣੀ ਮਿੱਤਰ ਸ਼ਿਵ ਸੈਨਾ ਜਿਸ ਕਾਂਗਰਸ ਦੀ ਨੀਤੀਆਂ ਦੇ ਖਿਲਾਫ ਆਪਣੇ ਜਨਮ ਵੇਲੇ ਤੋਂ ਲਗਾਤਾਰ ਲੜਦੀ ਆਈ ਸੀ, ਅੱਜ ਉਹ ਉਸ ਦੇ ਨਾਲ ਸਰਕਾਰ ਵਿੱਚ ਹੈ। ਇਹ ਭਾਜਪਾ ਦੇ ਲਈ ਵੱਡਾ ਝਟਕਾ ਹੈ।
ਪੰਜਾਬ ਵਿੱਚ ਚਿਰਾਂ ਤੋਂ ਭਾਜਪਾ ਦਾ ਸਾਥ ਦੇਣ ਵਾਲਾ ਅਕਾਲੀ ਦਲ ਵੀ ਹੌਲੀ-ਹੌਲੀ ਭਾਜਪਾ ਤੋਂ ਦੂਰੀ ਬਣਾਉਣ ਲੱਗਾ ਹੈ। ਸਭ ਤੋਂ ਵੱਡਾ ਮਾਮਲਾ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਫਾਂਸੀ ਦੇ ਹੁਕਮ ਵਾਲੇ ਬਲਵੰਤ ਸਿੰਘ ਰਾਜੋਆਣਾ ਦੀ ਸਜਾ ਨਾ ਮਾਫ ਕਰਨ ਬਾਰੇ ਦਿੱਤਾ ਬਿਆਨ ਹੈ। ਅਮਿਤ ਸ਼ਾਹ ਦੇ ਬਿਆਨ ਉਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਹੈ ਕਿ ਇਸ ਬਿਆਨ ਨੇ ਸਿੱਖਾਂ ਦੇ ਜਖਮਾਂ ਨੂੰ ਫਿਰ ਹਰਾ ਕਰਨ ਦਾ ਕੰਮ ਕੀਤਾ ਹੈ।

## ਅਮਰੀਕਾ ਵਿੱਚ ਜਾਨ ਗਵਾਉਣ ਵਾਲੇ ਪੁਲਸ ਅਫਸਰ ਦੀ ਜ਼ਮੀਨ 'ਤੇ ਰਿਸ਼ਤੇਦਾਰਾਂ ਨੇ ਕਬਜ਼ਾ ਕੀਤਾ



ਕਪੂਰਥਲਾ, 5 ਦਸੰਬਰ (ਪੋਸਟ ਬਿਊਰੋ)- ਆਪਣੀ ਇਮਾਨਦਾਰੀ ਅਤੇ ਬਹਾਦਰੀ ਨਾਲ ਅਮਰੀਕਾ ਵਿੱਚ ਦੇਸ਼ ਦਾ ਨਾਂਅ ਰੋਸ਼ਨ ਕਰਨ ਵਾਲੇ ਕਪੂਰਥਲਾ ਦੇ ਪਿੰਡ ਧਾਲੀਵਾਲ ਬੇਟ ਦੇ ਸੰਦੀਪ ਸਿੰਘ ਧਾਲੀਵਾਲ ਨੂੰ ਇਥੇ ਆਪਣਿਆਂ ਤੋਂ ਧੋਖਾ ਮਿਲ ਰਿਹਾ ਹੈ। ਅਮਰੀਕਾ ਦੇ ਸੀਨੀਅਰ ਪੁਲਸ ਅਧਿਕਾਰੀ ਰਹੇ ਸੰਦੀਪ ਸਿੰਘ ਦੀ ਹੱਤਿਆ ਪਿੱਛੋਂ ਜਿੱਥੇ ਅਮਰੀਕੀ ਸਰਕਾਰ ਨੇ ਉਨ੍ਹਾਂ ਦੀ ਯਾਦ ਵਿੱਚ ਸਟੈਚੂ ਬਣਾਉਣ ਦਾ ਐਲਾਨ ਕੀਤਾ ਹੈ, ਉਥੇ ਉਨ੍ਹਾਂ ਦੇ ਰਿਸ਼ਤੇਦਾਰਾਂ ਨੇ ਜਾਅਲੀ ਕਾਗਜ਼ ਬਣਾ ਕੇ ਪੰਜਾਬ ਵਿੱਚ ਉਨ੍ਹਾਂ ਦੀ ਜ਼ਮੀਨ 'ਤੇ ਕਬਜ਼ਾ ਕਰ ਲਿਆ ਹੈ। ਬੀਤੇ ਸਾਲ ਜਾਣਕਾਰੀ ਮਿਲਣ ਉੱਤੇ ਸੰਦੀਪ ਸਿੰਘ ਨੇ ਇਥੇ ਆ ਕੇ ਪੁਲਸ ਵਿੱਚ ਸ਼ਿਕਾਇਤ ਕੀਤੀ ਸੀ। ਜਾਂਚ ਦੇ ਬਾਅਦ ਐਸ ਐਸ ਪੀ ਦੇ ਹੁਕਮਾਂ ਉੱਤੇ ਪੁਲਸ ਨੇ ਨਛੱਤਰ ਸਿੰਘ, ਸਕੀਰਤ ਕੌਰ, ਰਮਨਜੀਤ ਕੌਰ, ਅਜੀਤ ਸਿੰਘ ਅਤੇ ਰੁਪਿੰਦਰ ਸਿੰਘ 'ਤੇ ਕੇਸ ਦਰਜ ਕਰ ਲਿਆ। ਸੰਦੀਪ ਦੇ ਮਾਸੜ ਸੁਖਦੇਵ ਸੰਧੂ ਨੇ ਦੱਸਿਆ ਕਿ ਸੰਦੀਪ ਸਿੰਘ ਦੀ ਮਾਂ ਅਤੇ ਮਾਸੀ ਦੇ ਨਾਂਅ ਪਿੰਡ ਸ਼ੇਖੂਪੁਰ ਵਿੱਚ ਚਾਰ ਏਕੜ 16 ਮਰਲੇ ਜ਼ਮੀਨ ਹੈ। ਇਸ ਉੱਤੇ ਕੁਝ ਰਿਸ਼ਤੇਦਾਰਾਂ ਦੀ ਨਜ਼ਰ ਸੀ। ਪਿਛਲੇ ਸਾਲ ਇਨ੍ਹਾਂ ਲੋਕਾਂ ਨੇ ਜਾਅਲੀ ਪਾਵਰ ਆਫ ਅਟਾਰਨੀ ਬਣਾ ਕੇ ਜ਼ਮੀਨ ਆਪਣੇ ਨਾਂਅ ਕਰਵਾ ਲਈ। ਪਤਾ ਲੱਗਾ ਤਾਂ ਸੰਦੀਪ ਸਿੰਘ ਇਥੇ ਆ ਕੇ ਕਪੂਰਥਲਾ ਪੁਲਸ ਵਿੱਚ ਸ਼ਿਕਾਇਤ ਦਰਜ ਕਰਵਾ ਕੇ ਗਏ ਸਨ। ਉਹ 13 ਅਕਤੂਬਰ 2019 ਨੂੰ ਅਸਲੀ ਕਾਗਜ਼ਾਤ ਲਿਆਉਣ ਵਾਲੇ ਸਨ। ਸੰਦੀਪ ਸਿੰਘ 10 ਸਾਲ ਪਹਿਲਾਂ ਸੀਨੀਅਰ ਪੁਲਸ ਅਧਿਕਾਰੀ ਭਰਤੀ ਹੋਏ ਸਨ। ਉਨ੍ਹਾਂ ਦੀ ਇਮਾਨਦਾਰੀ ਤੇ ਬਹਾਦਰੀ ਨੂੰ ਦੇਖਦੇ ਹੋਏ ਚਾਰ ਸਾਲ ਪਹਿਲਾਂ ਟੈਕਸਾਸ ਪੁਲਸ ਨੇ ਕਾਨੂੰਨ ਬਣਾ ਕੇ ਉਨ੍ਹਾਂ ਨੂੰ ਪੱਗ ਬੰਨ੍ਹਣ ਤੇ ਦਾੜ੍ਹੀ ਰੱਖਣ ਦੀ ਖੁੱਲ੍ਹ ਦਿੱਤੀ ਸੀ। ਉਨ੍ਹਾਂ ਨੇ ਅਗਸਤ 2017 ਵਿੱਚ ਟੈਕਸਾਸ ਵਿੱਚ ਹਾਰਵੀ ਤੂਫਾਨ ਦੀ ਤ੍ਰਾਸਦੀ ਦੇ ਦੌਰਾਨ ਪ੍ਰਭਾਵਤਾਂ ਦੀ ਖੂਬ ਮਦਦ ਕੀਤੀ ਸੀ। ਇਸ ਦੇ ਬਾਅਦ ਉਨ੍ਹਾਂ ਦੀ ਅਲਾਗ ਪਛਾਣ ਬਣ ਗਈ ਸੀ।

## ਡਾਕਟਰੀ ਇਮਤਿਹਾਨ ਦੇ ਦੌਰਾਨ ਕੱਕਾਰਾਂ ਤੋਂ ਪਾਬੰਦੀ ਹਟਾਉਣ ਦੇ ਹੁਕਮ



ਚੰਡੀਗੜ੍ਹ, 5 ਦਸੰਬਰ (ਪੋਸਟ ਬਿਊਰੋ)- ਡਾਕਟਰੀ ਕੋਰਸ (ਐਮ ਬੀ ਬੀ ਐਸ) ਵਿੱਚ ਦਾਖਲੇ ਵਾਸਤੇ ਹੁੰਦੇ ਸਾਂਝੇ ਟੈਸਟ ਵੇਲੇ ਸਿੱਖ ਉਮੀਦਵਾਰਾ ਨੂੰ ਇਮਤਿਹਾਨ ਹਾਲ ਵਿੱਚ ਕਕਾਰ ਪਹਿਨ ਕੇ ਜਾਣ ਦੀ ਖੁੱਲ੍ਹ ਦੇ ਦਿੱਤੀ ਗਈ ਹੈ।
ਇਸ ਸੰਬੰਧ ਵਿੱਚ ਕੇਂਦਰ ਸਰਕਾਰ ਦੇ ਤਾਜ਼ਾ ਅਤੇ ਅਹਿਮ ਫੈਸਲੇ ਮੁਤਾ-ਬਕ ਉਮੀਦਵਾਰਾਂ ਉੱਤੇ ਪ੍ਰੀਖਿਆ ਹਾਲ ਵਿੱਚ ਕੜਾ ਤੇ ਕ੍ਰਿਪਨ ਪਹਿਨ ਕੇ ਜਾਣ ਉੱਤੇ ਕੋਈ ਪਾਬੰਦੀ ਨਹੀਂ ਰਹੀ। ਇਸ ਤੋਂ ਪਹਿਲਾਂ ਕਈ ਵਾਰ ਸਿੱਖ ਉਮੀਦਵਾਰਾਂ ਨੂੰ ਪ੍ਰੀਖਿਆ ਹਾਲ ਵਿੱਚ ਕੱਕਾਰਾਂ ਸਣੇ ਦਾਖਲ ਹੋਣ ਦੀ ਆਗਿਆ ਨਾ ਮਿਲਣ ਕਾਰਨ ਉਨ੍ਹਾਂ ਦਾ ਡਾਕਟਰ ਬਣਨ ਦਾ ਸੁਫਨਾ ਟੁੱਟ ਜਾਂਦਾ ਰਿਹਾ ਹੈ। ਜਾਣਕਾਰ ਸੂਤਰਾਂ ਮੁਤਾਬਕ ਕੇਂਦਰ ਸਰਕਾਰ ਨੇ ਇਹ ਫੈਸਲਾ ਵਿਦੇਸ਼ਾਂ ਵਿੱਚ ਸਿੱਖ ਉਮੀਦਵਾਰਾਂ 'ਤੇ ਕੋਈ ਅਜਿਹੀ ਪਾਬੰਦੀ ਨਾ ਹੋਣ ਦੇ ਦਬਾਅ ਹੇਠ ਲਿਆ ਹੈ।
ਕੇਂਦਰੀ ਸਿਹਤ ਮੰਤਰਾਲੇ ਨੇ ਇਸ ਸਾਲ ਤੋਂ ਦੇਸ਼ ਦੇ ਸਾਰੇ ਸਰਕਾਰੀ ਅਤੇ ਗੈਰ ਸਰਕਾਰੀ ਮੈਡੀਕਲ ਕਾਲਜਾਂ ਅਤੇ ਯੂਨੀਵਰਸਿਟੀਆਂ ਵਾਸਤੇ ਨੀਟ (ਨੈਸ਼ਨਲ ਐਂਟਰੈਂਸ ਟੈਸਟ) ਲਾਜ਼ਮੀ ਕਰ ਦਿੱਤਾ ਹੈ ਅਤੇ ਇਥੋਂ ਤੱਕ ਕਿ ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼ (ਏਮਜ਼) ਦਿੱਲੀ ਅਤੇ ਜਵਾਹਰ ਲਾਲ ਨਹਿਰੂ ਇੰਸਟੀਚਿਊਟ ਆਫ ਮੈਡੀਕਲ ਐਂਡ ਰਿਸਰਚ ਪੁਡੂਚਰੀ ਵੀ ਨੀਟ ਰਾਹੀਂ ਦਾਖਲਾ ਕਰਨ ਦੇ ਪਾਬੰਦ ਹੋਣਗੇ। ਇੱਕ ਹੋਰ ਮਹੱਤਵ ਪੂਰਨ ਫੈਸਲੇ ਰਾਹੀਂ ਨੀਟ ਦੇ ਦੌਰਾਨ ਕੈਮਿਸਟਰੀ, ਫਿਜ਼ੀਕਸ ਅਤੇ ਬਾਇਓ ਦੇ ਪੇਪਰਾਂ ਦੇ ਨੰਬਰ ਬਰਾਬਰ ਕਰ ਦਿੱਤੇ ਗਏ ਹਨ। ਇਸ ਤੋਂ ਪਹਿਲਾਂ ਬਾਇਓ ਦੇ ਨੰਬਰ ਦੂਜੇ ਦੋ ਪੇਪਰਾਂ ਤੋਂ ਦੁੱਗਣੇ ਸਨ। ਨੀਟ ਦੀ ਰਜਿਸਟਰੇਸ਼ਨ ਕਰਾਉਣ ਦੀ ਆਖਰੀ ਤਰੀਕ 31 ਦਸੰਬਰ ਮਿਥੀ ਗਈ ਹੈ, ਜਦ ਕਿ ਫੀਸ ਇੱਕ ਜਨਵਰੀ ਤੱਕ ਜਮ੍ਹਾ ਕਰਵਾਈ ਜਾ ਸਕਦੀ ਹੈ।
ਪੰਜਾਬ ਦੇ ਤਿੰਨ ਸਰਕਾਰੀ ਮੈਡੀਕਲ ਕਾਲਜਾਂ ਅਤੇ ਹਸਪਤਾਲਾਂ ਵਿੱਚ ਡਾਕਟਰੀ ਦੀਆਂ 450 ਸੀਟਾਂ ਹਨ। ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼ ਬਠਿੰਡਾ ਵਿੱਚ ਅਗਲੇ ਵਿਦਿਅਕ ਸੈਸ਼ਨ ਤੋਂ ਕਲਾਸਾਂ ਸ਼ੁਰੂ ਹੋਣ ਵੇਲੇ ਸਰਕਾਰੀ ਕੋਟੇ ਦੀਆਂ 50 ਸੀਟਾਂ ਹੋਰ ਵੱਧ ਜਾਣਗੀਆਂ। ਪ੍ਰਾਈਵੇਟ ਕਾਲਜਾਂ ਨੂੰ 620 ਦੇ ਕਰੀਬ ਸੀਟਾਂ ਦਿੱਤੀਆਂ ਗਈਆਂ ਹਨ। ਨੀਟ ਦੇ ਮੁਤਾਬਕ ਹੀ ਬੀ ਡੀ ਐਸ ਅਤੇ ਫਿਜ਼ੀਓਥੈਰੇਪੀ ਦਾ ਦਾਖਲਾ ਹੋਵੇਗਾ। ਪੰਜਾਬ ਵਿੱਚ ਸਿਰਫ ਦੋ ਸਰਕਾਰੀ ਡੈਂਟਲ ਕਾਲਜ ਹਨ, ਜਦ ਕਿ ਪ੍ਰਾਈਵੇਟ ਕਾਲਜਾਂ ਦੀ ਗਿਣਤੀ ਡੇਢ ਦਰਜਨ ਤੋਂ ਵੱਧ ਹੈ।

## ਆੜ੍ਹਤੀਏ ਤੋਂ ਦੁਖੀ ਹੋਏ ਕਿਸਾਨ ਵੱਲੋਂ ਖੁਦਕੁਸ਼ੀ

ਬਠਿੰਡਾ, 5 ਦਸੰਬਰ (ਪੋਸਟ ਬਿਊਰੋ)- ਜ਼ਿਲ੍ਹੇ ਦੇ ਪਿੰਡ ਦੁੱਲੇਵਾਲਾ ਦੇ ਇੱਕ ਕਿਸਾਨ ਨੇ ਬਰਨਾਲਾ ਜ਼ਿਲ੍ਹੇ ਦੇ ਕਸਬਾ ਭਦੌੜ ਦੇ ਆੜ੍ਹਤੀਏ ਤੋਂ ਦੁਖੀ ਹੋ ਕੇ ਖੁਦਕੁਸ਼ੀ ਕਰ ਲਈ ਹੈ। ਮ੍ਰਿਤਕ ਦੇ ਖੁਦਕੁਸ਼ੀ ਨੋਟ ਉਤੇ ਪੁਲਸ ਨੇ ਆੜ੍ਹਤੀਏ ਕੁਲਦੀਪ ਕੁਮਾਰ ਵਾਸੀ ਭਦੌੜ ਦੇ ਖਿਲਾਫ ਕੇਸ ਦਰਜ ਕਰ ਲਿਆ ਹੈ।
ਮ੍ਰਿਤਕ ਕਿਸਾਨ ਗੁਰਤੇਜ ਸਿੰਘ (62) ਉਰਫ ਗੇਜੂ ਰੰਧਾਵਾ ਪੁੱਤਰ ਹਰੀ ਸਿੰਘ ਨੇੜਲੇ ਪਿੰਡ ਸਲਾਬਤਪੁਰਾ ਵਿੱਚ 15 ਏਕੜ ਜ਼ਮੀਨ ਠੇਕੇ ਉਤੇ ਲੈ ਕੇ ਖੇਤੀ ਕਰਦਾ ਸੀ। ਪਤਾ ਲੱਗਾ ਹੈ ਕਿ ਉਸ ਦੀ ਬਰਨਾਲਾ ਜ਼ਿਲ੍ਹੇ ਦੇ ਕਸਬਾ ਭਦੌੜ ਦੇ ਆੜ੍ਹਤੀਏ ਕੁਲਦੀਪ ਕੁਮਾਰ ਨਾਲ ਆੜ੍ਹਤ ਚਲੱਦੀ ਸੀ। ਉਹ ਆਪਣੀ ਫਸਲ ਉਸ ਆੜ੍ਹਤੀਏ ਕੋਲ ਵੇਚਦਾ ਆ ਰਿਹਾ ਸੀ। ਇਸ ਸੀਜ਼ਨ ਵਿੱਚ ਉਸ ਨੇ ਆਪਣੇ ਝੋਨੇ ਦੀ ਕਰੀਬ 9 ਲੱਖ ਰੁਪਏ ਦੀ ਫਸਲ ਵੇਚੀ ਸੀ। ਉਸ ਦੇ ਭਰਾ ਜਰਨੈਲ ਸਿੰਘ ਨੇ ਦੱਸਿਆ ਕਿ ਆੜ੍ਹਤੀਏ ਵੱਲ ਉਸਦਾ 8 ਲੱਖ ਰੁਪਈਆ ਬਣਦਾ ਸੀ, ਪਰ ਆੜ੍ਹਤੀਏ ਨੇ ਸਿਰਫ ਦੋ ਲੱਖ ਦੇ ਕੇ ਬਾਕੀ ਦੇਣ ਤੋਂ ਇਨਕਾਰ ਕਰ ਦਿੱਤਾ। ਜਿਸ ਤੋਂ ਦੁਖੀ ਹੋ ਕੇ ਗੁਰਤੇਜ ਸਿੰਘ ਨੇ ਕੀੜੇਮਾਰ ਦਵਾਈ ਪੀ ਲਈ।

## ਗਾਇਕ ਨੂੰ ਸ਼ੂਟਿੰਗ ਲਈ ਦੁਬਈ ਲੈ ਗਏ, ਇਕੱਲਾ ਛੱਡ ਕੇ ਸਾਰਾ ਕਰੂਅ ਦੇਸ਼ ਮੁੜਿਆ




ਪਟਿਆਲਾ, 5 ਦਸੰਬਰ (ਪੋਸਟ ਬਿਊਰੋ)- ਪੰਜਾਬੀ ਮਿਊਜ਼ਿਕ ਇੰਡਸਟਰੀ ਵਿੱਚ ਐਂਟਰੀ ਕਰਨ ਅਤੇ ਪਹਿਲਾਂ ਗਾਣੇ ਦੀ ਸ਼ੂਟਿੰਗ ਦੁਬਈ ਵਿੱਚ ਕਰਨ ਦੇ ਬਹਾਨੇ ਪੰਜਾਬੀ ਗਾਇਕ ਤੋਂ ਲੱਖਾਂ ਰੁਪਏ ਠੱਗੇ ਜਾਣ ਦੀ ਖਬਰ ਹੈ।
ਮਾਮਲਾ ਅਕਤੂਬਰ 2018 ਦਾ ਹੈ। ਪੀੜਤ ਗੌਰਵ ਸ਼ਰਮਾ ਪਿੰਡ ਭਸਮੜਾ, ਜੁਲਕਾ ਨੇ ਐੱਸ ਐੱਸ ਪੀ ਪਟਿਆਲਾ ਨੂੰ ਸ਼ਿਕਾਇਤ ਦੇ ਕੇ ਮੋਹਾਲੀ ਦੇ ਫੇਜ਼ ਇੱਕ ਦੇ ਵਾਸੀ ਹਰਮਨ ਸਿੰਘ 'ਤੇ ਕੇਸ ਦਰਜ ਕਰਾਇਆ ਹੈ ਤੇ ਹਰਮਨ ਸਿੰਘ ਦੀ ਗ੍ਰਿਫਤਾਰੀ ਲਈ ਥਾਣਾ ਇੰਚਾਰਜ ਗੁਰਪ੍ਰੀਤ ਸਿੰਘ ਭਿੰਡਰ ਨੇ ਟੀਮ ਬਣਾ ਕੇ ਛਾਪੇਮਾਰੀ ਸ਼ੁਰੂ ਕਰ ਦਿੱਤੀ ਹੈ। ਇਸ ਬਾਰੇ ਪੰਜਾਬੀ ਗਾਇਕ ਗੌਰਵ ਸ਼ਰਮਾ ਨੇ ਦੱਸਿਆ ਕਿ ਉਹ ਮਾਈ ਡ੍ਰੀਮ ਅਕੈਡਮੀ ਵਿੱਚ ਐਕਟਿੰਗ ਤੇ ਸੰਗੀਤ ਦੀ ਪੜ੍ਹਾਈ ਕਰ ਰਿਹਾ ਸੀ। ਇਥੇ ਉਸ ਦੇ ਕੁਝ ਦੋਸਤ ਬਣ ਗਏ। ਉਨ੍ਹਾਂ ਨੇ ਉਸ ਦੀ ਮੁਲਾਕ-ਾਤ ਹਰਮਨ ਸਿੰਘ ਨਾਲ ਕਰਵਾਈ। ਹਰਮਨ ਦੀ ਕੰਪਨੀ ਪਹਿਲਾਂ ਤੋਂ ਪੰਜਾਬੀ ਮਿਊਜ਼ਿਕ ਇੰਡਸਟਰੀ ਵਿੱਚ ਸਥਾਪਤ ਹੈ। ਉਨ੍ਹਾਂ ਨੇ ਉਸ ਨੂੰ ਕਿਹਾ ਕਿ 15 ਲੱਖ 82 ਹਜ਼ਾਰ ਰੁਪਏ ਵਿੱਚ ਗਾਣੇ ਦੀ ਵੀਡੀਓ ਤਿਆਰ ਕਰਵਾ ਦੇਣਗੇ ਤੇ ਸਾਰੇ ਚੈਨਲਾਂ 'ਤੇ ਪ੍ਰਮੋਸ਼ਨ ਵੀ ਕਰਾਉਣਗੇ। ਅਕਤੂਬਰ 2018 ਵਿੱਚ ਡੀਲ ਫਾਈਨਲ ਹੋਈ। ਚਾਰ ਅਕਤੂਬਰ ਨੂੰ ਪੂਰੀ ਯੂਨਿਟ ਗਾਣੇ ਦੀ ਸ਼ੂਟਿੰਗ ਦੇ ਲਈ ਦੁਬਈ ਪਹੁੰਚੀ। ਇਥੇ ਆਉਣ ਉੱਤੇ ਪਤਾ ਲੱਗਾ ਕਿ ਹਰਮਨ ਸਿੰਘ ਸੌਦੇ ਦੇ ਅਨੁਸਾਰ ਗਾਣੇ 'ਤੇ ਪੈਸਾ ਨਾ ਲਾ ਕੇ ਗਬਨ ਕਰ ਰਿਹਾ ਹੈ, ਜਿਸ ਦਾ ਉਸ ਨੇ ਵਿਰੋਧ ਕੀਤਾ। ਅਜਿਹੇ ਵਿੱਚ ਹਰਮਨ ਸਿੰਘ ਕਰੂਅ ਲੈ ਕੇ ਦੁਬਈ ਤੋਂ ਚੁਪਚਾਪ ਇੰਡੀਆ ਮੁੜ ਆਇਆ। ਉਸ ਦੇ ਬਾਅਦ ਉਸ ਨੇ ਪੁਲਸ ਨੂੰ ਸ਼ਿਕਾਇਤ ਦਿੱਤੀ।
ਦੂਸਰੇ ਪਾਸੇ ਹਰਮਨ ਸਿੰਘ ਨੇ ਕਿਹਾ ਕਿ ਇਹ ਸਾਰੇ ਦੋਸ਼ ਬੇਬੁਨਿਆਦ ਹਨ। ਗੌਰਵ ਕੋਲ ਉਨ੍ਹਾਂ ਦਾ ਸਕਿਓਰਟੀ ਚੈਕ ਵੀ ਸੀ, ਜਿਸ ਦਾ ਮਿਸਯੂਜ਼ ਹੋਇਆ ਹੈ। ਸਾਰੇ ਸਬੂਤ ਅਤੇ ਆਪਣਾ ਪੱਖ ਪੁਲਸ ਦੇ ਸਾਹਮਣੇ ਰੱਖ ਚੁੱਕੇ ਹਨ।

## ਬੈਂਕ ਵਿੱਚ ਪੰਜਾਹ ਹਜ਼ਾਰ ਜਮ੍ਹਾ ਕਰਵਾਉਣ ਗਏ ਨੌਜਵਾਨਾਂ ਨਾਲ ਠੱਗੀ



ਕੋਟਕਪੂਰਾ, 5 ਦਸੰਬਰ (ਪੋਸਟ ਬਿਊਰੋ)- ਏਥੋਂ ਦੇ ਫਰੀਦਕੋਟ ਰੋਡ 'ਤੇ ਇੱਕ ਬੈਂਕ ਵਿੱਚ ਪੰਜਾਹ ਹਜ਼ਾਰ ਰੁਪਏ ਜਮ੍ਹਾ ਕਰਵਾਉਣ ਆਏ ਦੋ ਨੌਜਵਾਨਾਂ ਨੂੰ ਬੈਂਕ ਦੇ ਬਾਹਰ ਮਿਲੇ ਦੋ ਠੱਗ ਪੰਜਾਹ ਹਜ਼ਾਰ ਦਾ ਚੂਨਾ ਲਾ ਗਏ।
ਪੁਲਸ ਨੇ ਨੌਜਵਾਨਾਂ ਵੱਲੋਂ ਦੱਸੇ ਮਾਮਲੇ ਅਨੁਸਾਰ ਜਾਂਚ ਸ਼ੁਰੂ ਕਰ ਦਿੱਤੀ ਹੈ, ਪਰ ਉਨ੍ਹਾਂ ਵੱਲੋਂ ਦੱਸੀ ਕਹਾਣੀ ਅਜੇ ਤੱਕ ਪੁਲਸ ਅਧਿਕਾਰੀਆਂ ਨੂੰ ਹਜ਼ਮ ਨਹੀਂ ਹੋ ਰਹੀ। ਕੋਟਕਪੂਰਾ ਦੇ ਮੁਹੱਲਾ ਸੁਰਗਾਪੁਰੀ ਦੇ ਵਪਾਰੀ ਪਰਵਾਰ ਦੇ ਨੌਜਵਾਨ ਸਾਗਰ ਪੁੱਤਰ ਸੋਹਣ ਲਾਲ ਅਤੇ ਉਸ ਦਾ ਸਾਥੀ ਖੁਸ਼ਵੰਤ ਸਿੰਘ ਗੁਰੀ ਕੱਲ੍ਹ ਸਵੇਰੇ ਫਰੀਦਕੋਟ ਰੋਡ ਦੇ ਯੂ ਕੋ ਬੈਂਕ ਵਿੱਚ ਕਰੀਬ ਪੰਜਾਹ ਹਜ਼ਾਰ ਰੁਪਏ ਜਮ੍ਹਾ ਕਰਵਾਉਣ ਗਏ ਸਨ। ਉਥੇ ਬੈਂਕ ਵਿੱਚ ਉਸ ਨੂੰ ਇੱਕ ਨੌਜਵਾਨ ਮਿਲਿਆ, ਜੋ ਉਸ ਨੂੰ ਥੋੜ੍ਹੀ ਜਿਹੀ ਮਿਹਨਤ ਨਾਲ ਪੈਸੇ ਕਮਾਉਣ ਦਾ ਲਾਲਚ ਦੇ ਕੇ ਬੈਂਕ ਦੇ ਬਾਹਰ ਲੈ ਆਇਆ। ਬਾਹਰ ਇੱਕ ਪ੍ਰਵਾਸੀ ਮਜ਼ਦੂਰ ਵਾਂਗ ਦਿਖਾਈ ਦਿੰਦਾ ਵਿਅਕਤੀ ਖੜ੍ਹਾ ਸੀ। ਬੈਂਕ ਵਿੱਚ ਮਿਲੇ ਨੌਜਵਾਨ ਨੇ ਉਨ੍ਹਾਂ ਨੂੰ ਦੱਸਿਆ ਕਿ ਇਹ ਮਜ਼ਦੂਰ ਕੋਟਕਪੂਰਾ ਦੇ ਕਿਸੇ ਸੰਸਥਾ ਵਿੱਚ ਕੰਮ ਕਰਦਾ ਸੀ ਤੇ ਮਾਲਕ ਨੇ ਉਸ ਨੂੰ ਕਾਫੀ ਸਮੇਂ ਤੋਂ ਤਨਖਾਹ ਨਹੀਂ ਦਿੱਤੀ। ਕੱਲ੍ਹ ਉਹ ਆਪਣੇ ਮਾਲਕ ਦੇ ਕਰੀਬ ਤਿੰਨ ਲੱਖ ਰੁਪਏ ਚੋਰੀ ਕਰ ਕੇ ਲਿਆਇਆ ਹੈ, ਪਰ ਖੁਦ ਬੈਂਕ ਜਾ ਕੇ ਪੈਸੇ ਜਮ੍ਹਾ ਕਰਾਉਣ ਤੋਂ ਡਰਦਾ ਹੈ ਕਿ ਮਾਲਕ ਨੇ ਬੈਂਕ ਜਾਂ ਪੁਲਸ ਨੂੰ ਫੋਨ ਨਾ ਕਰ ਦਿੱਤਾ ਹੋਵੇ ਜਿਸ ਕਾਰਨ ਫੜਿਆ ਜਾਵੇਗਾ। ਜੇ ਉਹ ਦੋਵੇਂ ਇਸ ਪੈਸੇ ਵਿੱਚੋਂ 2.5 ਲੱਖ ਉਸ ਦੇ ਖਾਤੇ ਵਿੱਚ ਜਮ੍ਹਾ ਕਰਵਾ ਦੇਣ ਤਾਂ ਉਹ ਉਨ੍ਹਾਂ ਨੂੰ ਬਦਲੇ ਬਾਕੀ ਬਚੇ ਪੈਸੇ ਦਿਵਾ ਦੇਵੇਗਾ। ਇਸ ਦੇ ਬਾਅਦ ਉਹ ਉਨ੍ਹਾਂ ਦੇ ਪੰਜਾਹ ਹਜ਼ਾਰ ਰੁਪਏ ਲੈ ਕੇ ਉਨ੍ਹਾਂ ਨੂੰ ਨਕਲੀ ਨੋਟ ਦੇ ਕੇ ਖਿਸਕ ਗਏ।

## 8 ਸਾਲਾ ਮਾਸੂਮ ਦੀ ਬੇਰਹਿਮੀ ਨਾਲ ਹੱਤਿਆ

ਡੇਰਾ ਬਾਬਾ ਨਾਨਕ, 5 ਦਸੰਬਰ (ਪੋਸਟ ਬਿਊਰੋ)- ਥਾਣਾ ਡੇਰਾ ਬਾਬਾ ਨਾਨਕ ਦੇ ਪਿੰਡ ਸਿੰਘਪੁਰਾ ਦਾ 8 ਸਾਲਾ ਰਾਜਾ ਮਸੀਹ, ਜੋ ਪਰਸੋਂ ਸ਼ਾਮ ਤੋਂ ਲਾਪਤਾ ਸੀ, ਦੀ ਬੇਰਹਿਮੀ ਨਾਲ ਹੱਤਿਆ ਕਰ ਦਿੱਤੀ ਗਈ ਹੈ। ਉਸ ਦੀ ਲਾਸ਼ ਕੱਲ੍ਹ ਸਵੇਰੇ ਸਰਕਾਰੀ ਸਕੂਲ ਦੀ ਗਰਾਉਂਡ 'ਚੋਂ ਮਿਲੀ, ਜਿਸ ਦੇ ਸਿਰ ਤੇ ਸਰੀਰ ਦੇ ਕਈ ਹਿੱਸਿਆਂ 'ਤੇ ਸੱਟਾਂ ਸਨ। ਇਸ ਘਟਨਾ ਦੀ ਜਾਣਕਾਰੀ ਮਿਲਦਿਆਂ ਸਾਰ ਡੀ ਐਸ ਪੀ ਲਖਵਿੰਦਰ ਸਿੰਘ ਕਲੇਰ ਅਤੇ ਐਸ ਐਚ ਓ ਦਲਜੀਤ ਸਿੰਘ ਪੱਡਾ ਨੇ ਮੌਕੇ 'ਤੇ ਪਹੁੰਚ ਕੇ ਤਫਤੀਸ਼ ਕੀਤੀ ਅਤੇ ਫੋਰੈਂਸਿਕ ਟੀਮ ਨੇ ਵੀ ਜਾਂਚ ਸ਼ੁਰੂ ਕਰ ਦਿੱਤੀ।


## ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੌਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ
ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224


## ਅੰਕਿਤਾ ਟੈਲੀ ਸ਼ਾਪਿੰਗ ਦਾ ਮਾਲਕ ਬਲਾਤਕਾਰ ਦੇ ਦੋਸ਼ 'ਚ ਗ੍ਰਿਫਤਾਰ



ਜਲੰਧਰ, 5 ਦਸੰਬਰ (ਪੋਸਟ ਬਿਊਰੋ)- ਨਰਿੰਦਰ ਸਿਨੇਮਾ ਨੇੜਲੇ ਛਿਨਮਸਤਿਕਾ ਕੰਪਲੈਕਸ ਵਿੱਚੋਂ ਅੰਕਿਤਾ ਟੈਲੀਸ਼ਾਪਿੰਗ ਦੇ ਮਾਲਕ ਨੂੰ ਆਪਣੀ ਇੱਕ ਮਹਿਲਾ ਮੁਲਾਜ਼ਮ ਨਾਲ ਬਲਾਤਕਾਰ ਦੇ ਦੋਸ਼ ਵਿੱਚ ਗ੍ਰਿਫਤਾਰ ਕਰ ਕੇ ਪੁਲਸ ਨੇ ਜੇਲ੍ਹ ਭੇਜ ਦਿੱਤਾ ਹੈ। ਦੋਸ਼ੀ ਦੀ ਪਛਾਣ ਨਿਊ ਰਾਜਾ ਗਾਰਡਨ ਐਕਸਟੈਂਸ਼ਨ ਦੇ ਰਾਕੇਸ਼ ਸ਼ਰਮਾ ਵਜੋਂ ਹੋਈ ਹੈ।
ਰਾਕੇਸ਼ ਸ਼ਰਮਾ ਉਤੇ ਦੋਸ਼ ਹੈ ਕਿ ਉਸ ਨੇ ਆਪਣੀ ਕੰਪਨੀ ਦੀ ਮੁਲਾਜ਼ਮ ਨੂੰ ਪਹਿਲਾਂ ਆਪਣੇ ਝਾਂਸੇ ਵਿੱਚ ਫਸਾਇਆ ਤੇ ਫਿਰ ਉਸ ਦੀਆਂ ਨਿੱਜੀ ਫੋਟੋ ਖਿੱਚ ਕੇ ਉਸ ਨਾਲ ਸੱਤ ਸਾਲ ਤੱਕ ਕਈ ਵਾਰ ਬਲਾਤਕਾਰ ਕੀਤਾ। ਥਾਣਾ ਬਸਤੀ ਬਾਵਾ ਖੇਲ ਪੁਲਸ ਦੇ ਐੱਸ ਐੱਚ ਓ ਮੇਜਰ ਸਿੰਘ ਨੇ ਦੱਸਿਆ ਕਿ 28 ਸਾਲਾ ਪੀੜਤਾ ਨੇ ਦੱਸਿਆ ਕਿ ਉਹ ਦੋਸ਼ੀ ਦੇ ਕੋਲ ਅੱਠ ਸਾਲ ਤੋਂ ਨੌਕਰੀ ਕਰ ਰਹੀ ਸੀ। ਦੋਸ਼ੀ ਨੇ ਉਸ ਨੂੰ ਕਿਹਾ ਸੀ ਕਿ ਉਸ ਦੀ ਆਪਣੀ ਪਤਨੀ ਦੇ ਨਾਲ ਨਹੀਂ ਬਣਦੀ। ਇਸ ਪਿੱਛੋਂ ਛੇ-ਸੱਤ ਸਾਲ ਤੱਕ ਦੋਸ਼ੀ ਨੇ ਉਸ ਦੀ ਮਰਜ਼ੀ ਦੇ ਖਿਲਾਫ ਸਰੀਰਕ ਸੰਬੰਧ ਬਣਾਏ। ਉਹ ਜਦ ਵੀ ਵਿਰੋਧ ਕਰਦੀ ਤਾਂ ਦੋਸ਼ੀ ਉਸ ਨੂੰ ਉਸ ਦੀਆਂ ਇਤਰਾਜ਼ ਯੋਗ ਹਾਲਤ ਵਿੱਚ ਖਿੱਚੀਆਂ ਫੋਟੋ ਦਿਖਾ ਕੇ ਬਲੈਕਮੇਲ ਕਰਦਾ ਤੇ ਕਹਿੰਦਾ ਕਿ ਜੇ ਉਸ ਨੇ ਇਹ ਗੱਲ ਕਿਸੇ ਨੂੰ ਦੱਸੀ ਤਾਂ ਉਹ ਉਸ ਦੇ ਭਰਾ ਤੇ ਉਸ ਨੂੰ ਜਾਨ ਤੋਂ ਮਾਰ ਦੇਵੇਗਾ। ਉਹ ਬੁਰੀ ਤਰ੍ਹਾਂ ਡਰ ਗਈ ਸੀ, ਜਿਸ ਕਾਰਨ ਉਸ ਨੇ ਇਹ ਗੱਲ ਕਿਸੇ ਨੂੰ ਨਹੀਂ ਦੱਸੀ। ਅਕਤੂਬਰ 2019 ਵਿੱਚ ਪੀੜਤਾ ਦਾ ਵਿਆਹ ਹੋ ਗਿਆ ਤਾਂ ਉਹ ਜਲੰਧਰ ਛੱਡ ਕੇ ਦੂਸਰੇ ਜ਼ਿਲੇ ਵਿੱਚ ਆਪਣੇ ਸਹੁਰੇ ਘਰ ਪਤੀ ਨਾਲ ਰਹਿਣ ਲੱਗੀ। ਦੋਸ਼ੀ ਨੇ ਉਸ ਨੂੰ ਵਿਆਹ ਪਿੱਛੋਂ ਵੀ ਤੰਗ ਕਰਨਾ ਨਹੀਂ ਛੱਡਿਆ। ਉਹ ਉਸ ਦੀਆਂ ਨਿੱਜੀ ਫੋਟੋ ਤੇ ਉਸ ਬਾਰੇ ਗਲਤ ਸਟੇਟਸ ਸੋਸ਼ਲ ਮੀਡੀਆ 'ਤੇ ਪਾਉਂਦਾ ਰਿਹਾ। ਕੁਝ ਦਿਨ ਪਹਿਲਾਂ ਦੋਸ਼ੀ ਨੇ ਉਸ ਦੇ ਭਰਾ ਨੂੰ ਫੋਨ ਕਰ ਕੇ ਉਸ ਦਾ ਨਵਾਂ ਮੋਬਾਈਲ ਨੰਬਰ ਮੰਗਿਆ ਤੇ ਕਿਹਾ ਕਿ ਜੇ ਨੰਬਰ ਨਹੀਂ ਦਿੱਤਾ ਤਾਂ ਉਹ ਉਸ (ਪੀੜਤਾ) ਦਾ ਘਰ ਬਰਬਾਦ ਕਰ ਦੇਵੇਗਾ। ਐੱਸ ਐੱਚ ਓ ਮੇਜਰ ਸਿੰਘ ਨੇ ਕਿਹਾ ਕਿ ਇਸ ਸ਼ਿਕਾਇਤ 'ਤੇ ਪੁਲਸ ਨੇ ਦੋਸ਼ੀ ਦੇ ਖਿਲਾਫ ਕੇਸ ਦਰਜ ਕੀਤਾ ਅਤੇ ਉਸ ਨੂੰ ਉਸ ਦੇ ਘਰੋਂ ਗ੍ਰਿਫਤਾਰ ਕਰਨ ਦੇ ਬਾਅਦ ਕੋਰਟ ਵਿੱਚ ਪੇਸ਼ ਕੀਤਾ, ਜਿੱਥੋਂ ਉਸ ਨੂੰ ਜੇਲ੍ਹ ਭੇਜ ਦਿੱਤਾ ਗਿਆ।





# ਗੁਜਰਾਲ ਦੀ ਸਲਾਹ ਮੰਨ ਕੇ ਫ਼ੌਜ ਬੁਲਾਈ ਹੁੰਦੀ ਤਾਂ ਸ਼ਾਇਦ '84 ਦੇ ਦੰਗੇ ਨਾ ਹੁੰਦੇ: ਡਾ. ਮਨਮੋਹਨ ਸਿੰਘ

ਨਵੀਂ ਦਿੱਲੀ, 5 ਦਸੰਬਰ (ਪੋਸਟ ਬਿਊਰੋ)- ਸਾਲ 1984 ਨੂੰ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਮਗਰੋਂ ਲਗਾਤਾਰ ਵਿਗੜ ਰਹੇ ਹਾਲਾਤ ਵੇਖ ਕੇ ਇੰਦਰ ਕੁਮਾਰ ਗੁਜਰਾਲ ਨੇ ਉਸੇ ਦਿਨ ਸ਼ਾਮ ਨੂੰ ਓਦੋਂ ਦੇ ਗ੍ਰਹਿ ਮੰਤਰੀ ਨਰਸਿਮਾ ਰਾਓ ਨੂੰ ਸੁਚੇਤ ਕਰਦਿਆਂ ਫ਼ੌਜ ਬੁਲਾਉਣ ਦੀ ਸਲਾਹ ਦਿੱਤੀ ਸੀ। ਜੇ ਉਸ ਵੇਲੇ ਇੰਦਰ ਕੁਮਾਰ ਗੁਜਰਾਲ ਦੀ ਸਲਾਹ ਮੰਨ ਲਈ ਹੁੰਦੀ ਤਾਂ ਉਸ ਵੇਲੇ ਦੰਗਿਆਂ ਤੋਂ ਬਚਿਆ ਜਾ ਸਕਦਾ ਸੀ।



ਇਹ ਵਿਚਾਰ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਦਿੱਲੀ 'ਚ ਹੋਏ ਇੱਕ ਸਮਾਗਮ 'ਚ ਪ੍ਰਗਟ ਕੀਤੇ ਹਨ। ਡਾ. ਮਨਮੋਹਨ ਸਿੰਘ ਇੰਡੀਆ ਇੰਟਰਨੈਸ਼ਨਲ ਸੈਂਟਰ 'ਚ ਮਰਹੂਮ ਸਾਬਕਾ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ ਦੇ 100ਵੇਂ ਜਨਮ ਦਿਵਸ ਮੌਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰ ਰਹੇ ਸਨ। ਉਨ੍ਹਾਂ ਨੇ ਆਈ ਕੇ ਗੁਜਰਾਲ ਨੂੰ ਸ਼ਰਧਾਂਜਲੀ 'ਚ ਉਨ੍ਹਾਂ ਦੇ ਪੰਜਾਬ ਨਾਲ ਵਿਸ਼ੇਸ਼ ਮੋਹ ਦਾ ਵੀ ਜ਼ਿਕਰ ਕੀਤਾ। ਡਾ. ਮਨਮੋਹਨ ਸਿੰਘ ਨੇ ਗੁਜਰਾਲ ਦੇ ਮਾਸਕੋ ਵਿਖੇ ਭਾਰਤ ਦੇ ਰਾਜਦੂਤ ਰਹਿੰਦੇ ਸਮੇਂ ਦੌਰਾਨ ਕੁਝ ਮੁਲਾਕਾਤਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਹ ਪੰਜਾਬ 'ਚ ਵੱਧ ਰਹੇ ਖਾੜਕੂਵਾਦ ਨੂੰ ਬਾਰੇ ਅਕਸਰ ਫ਼ਿਕਰਮੰਦ ਰਹਿੰਦੇ ਸਨ ਅਤੇ ਹਰ ਆਉਣ-ਜਾਣ ਵਾਲੇ ਤੋਂ ਪੰਜਾਬ ਦੀਆਂ ਸਰਗਰਮੀਆਂ ਬਾਰੇ ਜਾਣਨ ਦੀ ਕੋਸ਼ਿਸ਼ ਕਰਦੇ ਸਨ, ਜਿਸ ਦੀ ਚਰਚਾ ਹੁੰਦੀ ਰਹਿੰਦੀ ਸੀ। ਇੰਦਰ ਕੁਮਾਰ ਗੁਜਰਾਲ ਦੇ ਬੇਟੇ ਅਤੇ ਰਾਜ ਸਭਾ ਮੈਂਬਰ ਨਰੇਸ਼ ਗੁਜਰਾਲ ਵੱਲੋਂ ਕਰਵਾਏ ਸਮਾਗਮ 'ਚ ਭਾਰਤ ਦੇ 12ਵੇਂ ਪ੍ਰਧਾਨ ਮੰਤਰੀ ਆਈ ਕੇ ਗੁਜਰਾਲ ਦੀ ਵਿਦੇਸ਼ ਨੀਤੀ ਦੇ ਮੂਲ ਮੰਤਰ, ਜਿਸ ਨੂੰ 'ਗੁਜਰਾਲ ਸਿਧਾਂਤ' ਕਿਹਾ ਜਾਂਦਾ ਹੈ, ਉਤੇ ਚਰਚਾ ਕੀਤੀ ਗਈ। ਕੀ ਗੁਜਰਾਲ ਸਿਧਾਂਤ, ਜਿਸ ਨੂੰ ਭਾਰਤੀ ਵਿਦੇਸ਼ ਨੀਤੀ ਦਾ ਮੀਲ ਪੱਥਰ ਕਿਹਾ ਜਾਂਦਾ ਹੈ, ਅਜੋਕੇ ਸਮੇਂ 'ਚ ਵੀ ਢੁਕਵਾਂ ਹੈ। ਇਸ ਮੌਕੇ ਮੌਜੂਦ ਵਿਦੇਸ਼ ਮੰਤਰੀ ਐਸ ਜੈ ਸ਼ੰਕਰ ਨੇ ਕਿਹਾ ਕਿ ਜਦੋਂ ਗੁਜਰਾਲ ਨੇ ਇਹ ਸਿਧਾਂਤ ਉਲੀਕਿਆਂ ਸੀ, ਓਦੋਂ ਵਿਦੇਸ਼ਾਂ ਅਤੇ ਖ਼ਾਸ ਤੌਰ 'ਤੇ ਗੁਆਂਢੀ ਦੇਸ਼ ਨਾਲ ਸਾਡੇ ਸਬੰਧ 'ਚ ਉਮੀਦ ਦੀ ਸੰਭਾਵਨਾ ਸੀ। ਵਿਦੇਸ਼ ਮੰਤਰੀ ਨੇ ਅਸਿੱਧੇ ਤੌਰ 'ਤੇ ਪਾਕਿ-ਸਤਾਨ ਦਾ ਜ਼ਿਕਰ ਕਰਦਿਆਂ ਸਮੇਂ ਦੇ ਨਾਲ ਹੋਏ ਬਦਲਾਅ ਦਾ ਵੀ ਜ਼ਿਕਰ ਕੀਤਾ, ਜਿਸ 'ਚ ਪਾਰਲੀਮੈਂਟ 'ਚ ਹੋਏ ਅਤੇ ਮੁੰਬਈ 'ਚ ਹੋਇਆ ਅੱਤਵਾਦੀ ਹਮਲਾ ਵਿਸ਼ੇਸ਼ ਤੌਰ 'ਤੇ ਸ਼ਾਮਲ ਸੀ।

# ਬਲਾਤਕਾਰ ਦੇ ਭਗੌੜੇ ਸਾਧ ਨਿਤਿਆਨੰਦ ਨੇ ਨਵਾਂ ਦੇਸ਼ 'ਕੈਲਾਸਾ' ਬਣਾ ਧਰਿਆ

ਨਵੀਂ ਦਿੱਲੀ, 5 ਦਸੰਬਰ (ਪੋਸਟ ਬਿਊਰੋ)- ਆਪਣੀਆਂ ਸ਼ਰਧਾਲੂ ਔਰਤਾਂ ਨਾਲ ਬਲਾਤਕਾਰ ਅਤੇ ਬੱਚਿਆਂ ਨੂੰ ਅਗਵਾ ਕਰਨ ਦੇ ਦੋਸ਼ ਲੱਗਣ ਪਿੱਛੋਂ ਦੇਸ਼ ਤੋਂ ਭਗੌੜੇ ਹੋਏ ਵਿਵਾਦਤ ਸੁਆਮੀ ਨਿਤਿਆਨੰਦ ਬਾਰੇ ਇੱਕ ਅਹਿਮ ਖੁਲਾਸਾ ਹੋਇਆ ਹੈ। ਮੀਡੀਆ ਰਿਪੋਰਟਾਂ ਮੁਤਾਬਕ ਉਸ ਨੇ ਅਮਰੀਕਾ ਦੇ ਦੇਸ਼ ਇਕਵਾਡੋਰ ਵਿੱਚ ਇੱਕ ਟਾਪੂ ਖਰੀਦ ਕੇ ਉਸ ਨੂੰ ਆਪਣਾ ਆਜ਼ਾਦ ਦੇਸ਼ ਐਲਾਨ ਦਿੱਤਾ ਹੈ ਅਤੇ ਇਸ ਦੇਸ਼ ਦਾ ਨਾਂਅ 'ਕੈਲਾਸਾ' ਰਖਿਆ ਹੈ।



ਨਿਤਿਆਨੰਦ ਨੇ ਇਸੇ ਨਾਂਅ ਦੀ ਵੈਬਸਾਈਟ ਬਣਾ ਕੇ 'ਕੈਲਾਸਾ' ਨੂੰ ਹਿੰਦੂ ਰਾਸ਼ਟਰ ਐਲਾਨ ਦਿੱਤਾ ਅਤੇ ਇਸ ਦੇ ਝੰਡੇ ਦਾ ਨਾਂਅ 'ਰਿਸ਼ਭ ਧਵਜ' ਰੱਖਿਆ ਹੈ। 21 ਅਕਤੂਬਰ 2018 ਨੂੰ ਬਣਾਈ ਅਤੇ 10 ਅਕਤੂਬਰ 2019 ਨੂੰ ਅਪਗ੍ਰੇਡ ਕੀਤੀ ਗਈ ਇਹ ਵੈਬਸਾਈਟ ਪਨਾਮਾ ਵਿੱਚ ਰਾਜਿਸਟਰਡ ਹੈ ਅਤੇ ਇਸ ਦੀ ਆਈ ਪੀ ਅਮਰੀਕਾ ਦੇ ਡਲਾਸ 'ਚ ਸਥਿਤ ਹੈ। ਕੈਲਾਸਾ ਦੀ ਵੈਬਸਾਈਟ ਅਨੁਸਾਰ ਇਹ ਟਾਪੂ ਨੁਮਾ ਦੇਸ਼ ਤ੍ਰਿਨਿਦਾਦ ਅਤੇ ਟੋਬਾਗੋ ਦੇਸ਼ਾਂ ਕੋਲ ਹੈ ਅਤੇ ਇਸ ਦੇਸ਼ 'ਚ ਕਿਸੇ ਵੀ ਦੇਸ਼ ਵਾਂਗ ਸਭ ਸਰਕਾਰੀ ਅਹੁਦਿਆਂ 'ਤੇ ਲੋਕਾਂ ਨੂੰ ਨਿਯੁਕਤ ਕੀਤਾ ਗਿਆ ਹੈ, ਜਿਵੇਂ ਪ੍ਰਧਾਨ ਮੰਤਰੀ, ਕੈਬਨਿਟ ਮੰਤਰੀ, ਫੌਜੀ ਕਮਾਂਡਰ ਆਦਿ। ਵੈਬਸਾਈਟ 'ਤੇ ਸੰਵਿਧਾਨ ਤੇ ਸਰਕਾਰੀ ਢਾਂਚੇ ਦੀ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਹੈ ਕਿ ਨਿਤਿਆਨੰਦ ਦੀ ਇੱਕ ਕਰੀਬੀ ਸ਼ਰਧਾਲੂ 'ਮਾਂ' ਨੂੰ ਪ੍ਰਧਾਨ ਮੰਤਰੀ ਨਿਯੁਕਤ ਕੀਤਾ ਗਿਆ ਹੈ। ਇਸ ਵੈਬਸਾਈਟ ਮੁਤਾਬਕ ਸਾਰੇ ਮੰਤਰਾਲਿਆਂ, ਵਿਭਾਗਾਂ ਦੇ ਨਾਲ ਰਾਸ਼ਟਰੀ ਪਸ਼ੂ, ਪੰਛੀ, ਫੁੱਲ, ਰੁੱਖਾਂ ਦਾ ਵੀ ਐਲਾਨ ਕੀਤਾ ਗਿਆ ਤੇ ਇਥੋਂ ਦੀ ਅਰਥ ਵਿਵਸਥਾ ਨੂੰ 'ਧਾਰਮਿਕ ਅਕਾਨਮੀ' ਦਾ ਕਿਹਾ ਗਿਆ ਹੈ। ਕੈਲਾਸਾ ਇੱਕ ਗੈਰ-ਰਾਜਨੀਤਕ ਦੇਸ਼ ਹੋਵੇਗਾ, ਜਿਸ ਦਾ ਮਕਸਦ ਮਨੁੱਖੀ ਭਲਾਈ ਕਰਨਾ ਹੈ ਤੇ ਕੋਈ ਵੀ ਦਾਨ ਦੇ ਕੇ ਏਥੇ ਨਾਗਰਿਕ ਬਣ ਸਕਦਾ ਹੈ। ਇਹ ਦੇਸ਼ ਹਿੰਦੂ ਧਰਮ ਦੀ ਸੱਭਿਅਤਾ ਤੇ ਸੱਭਿਆਚਾਰ ਮੁਤਾ-ਬਕ ਚੱਲੇਗਾ, ਜਿਥੇ ਸਾਕਾਹਾਰ, ਅਧਿਆਤਮਵਾਦ, ਧਾਰਮਿਕ ਸਿੱਖਿਆ ਨੂੰ ਪਹਿਲ ਦਿੱਤੀ ਜਾਵੇਗੀ। ਕੈਲਾਸਾ ਦੇ ਦੋ ਤਰ੍ਹਾਂ ਦੇ ਪਾਸਪੋਰਟ ਸੁਨਹਿਰੀ ਤੇ ਲਾਲ ਰੰਗ ਦੇ ਬਣਾਏ ਗਏ ਹਨ ਅਤੇ ਇਸ ਦੇ ਝੰਡੇ ਦਾ ਰੰਗ ਮੈਰੂਨ ਹੈ। ਇਸ ਉੱਤੇ ਦੋ ਪ੍ਰਤੀਕ ਹਨ: ਇੱਕ ਸਿੰਘਾਸਨ 'ਤੇ ਨਿਤਿਆਨੰਦ ਅਤੇ ਦੂਸਰੇ 'ਤੇ 'ਨੰਦੀ' ਬਿਰਾਜਮਾਨ ਹੈ।

ਦੱਸਣ ਯੋਗ ਹੈ ਕਿ ਨਿਤਿਆਨੰਦ ਦੇ ਪ੍ਰਚਾਰ ਦਾ ਕੇਂਦਰ ਤਾਮਿਲ ਨਾਡੂ ਤੇ ਗੁਜਰਾਤ ਰਹੇ ਹਨ ਅਤੇ ਇਨ੍ਹਾਂ ਦੋਵਾਂ ਸੂਬਿਆਂ ਸਮੇਤ ਦੇਸ਼ ਵਿੱਚ ਉਸ ਦੇ 10-15 ਆਸ਼ਰਮ ਹਨ। ਪਿਛਲੇ ਮਹੀਨੇ ਉਸਦੇ ਅਹਿਮਦਾਬਾਦ ਦੇ ਆਸ਼ਰਮ ਤੋਂ ਦੋ ਲੜਕੀਆਂ ਦੇ ਲਾਪਤਾ ਹੋਣ ਪਿੱਛੋਂ ਉਸ ਉੱਤੇ ਗੁਜਰਾਤ ਪੁਲਸ ਨੇ ਕੇਸ ਦਰਜ ਕੀਤਾ ਹੈ। ਇਸ ਵਿਵਦਾਤ ਧਰਮ ਉਪਦੇਸ਼ਕ ਦੀ 2010 'ਚ ਇੱਕ ਅਭਿਨੇਤਰੀ ਨਾਲ ਇਤਰਾਜ਼ ਯੋਗ ਆਸਣ 'ਚ ਵੀਡੀਓ ਵਾਇਰਲ ਹੋਣ ਦੀ ਵੀ ਚਰਚਾ ਹੋਈ ਸੀ।

## ਸੁਰੱਖਿਆ ਬਲਾਂ ਉੱਤੇ ਸਭ ਤੋਂ ਵੱਡਾ ਮੁਕੱਦਮਾ ਚਲ ਸਕਦੈ

ਜਗਦਲਪੁਰ, 5 ਦਸੰਬਰ (ਪੋਸਟ ਬਿਊਰੋ)- ਛੱਤੀਸਗੜ੍ਹ ਸਥਿਤ ਸਾਰਕੇਗੁੜਾ ਪਿੰਡ ਵਿੱਚ 2012 ਵਿੱਚ ਨਕਸਲੀਆਂ ਦੇ ਨਾਲ ਫਰਜ਼ੀ ਮੁਕਾਬਲੇ ਵਿੱਚ ਪਿੰਡ ਦੇ17 ਲੋਕਾਂ ਦੀ ਹੱਤਿਆ ਦਾ ਮੁੱਦਾ ਭਖਦਾ ਜਾ ਰਿਹਾ ਹੈ।

ਜਸਟਿਸ ਵੀ ਕੇ ਅਗਰਵਾਲ ਦੀ ਅਗਵਾਈ ਵਾਲੇ ਜੁਡੀਸ਼ਲ ਕਮਿਸ਼ਨ ਦੀ ਰਿਪੋਰਟ ਆਉਣ ਪਿੱਛੋਂ ਨਕਸਲ ਮੋਰਚੇ 'ਤੇ ਤੈਨਾਤ ਸੁਰੱਖਿਆ ਬਲਾਂ ਉੱਤੇ ਭਾਰਤ ਦਾ ਸਭ ਤੋਂ ਵੱਡਾ ਮੁਕ-ੱਦਮਾ ਚੱਲ ਸਕਦਾ ਹੈ। ਕਾਂਗਰਸੀ ਨੇਤਾਵਾਂ ਵੱਲੋਂ ਗਵਰਨਰ ਅਤੇ ਮੁੱਖ ਮੰਤਰੀ ਨੂੰ ਮਿਲ ਕੇ ਜੁਡੀਸ਼ਲ ਜਾਂਚ ਕਮਿਸ਼ਨ ਦੀ ਰਿਪੋਰਟ 'ਤੇ ਕਾਰਵਾਈ ਦੀ ਮੰਗ ਕਰਨ ਮਗਰੋਂ ਇਸ ਕੇਸ ਵਿੱਚ ਸੂਬਾ ਸਰਕਾਰ ਨੇ ਵੀ ਸਖਤੀ ਦਾ ਸੰਕੇਤ ਦਿੱਤਾ ਹੈ। ਸਾਰਕੇਗੁੜਾ ਫਰਜ਼ੀ ਮੁਕਾਬਲੇ ਦੀ ਘਟਨਾ ਵਿੱਚ ਸ਼ਾਮਲ ਕੇਂਦਰੀ ਰਿਜ਼ਰਵ ਫੋਰਸ ਅਤੇ ਛੱਤੀਸਗੜ੍ਹ ਪੁਲਸ ਦੇ 190 ਤੋਂ ਵੱਧ ਜਵਾਨਾਂ ਅਤੇ ਅਫਸਰਾਂ ਉਤੇ ਕੇਸ ਦਰਜ ਹੋ ਸਕਦਾ ਹੈ। ਅਜੇ ਇਨ੍ਹਾਂ ਸੁਰੱਖਿਆ ਬਲਾਂ ਦਾ ਨਾਂਅ ਜਨਤਕ ਨਹੀਂ ਕੀਤਾ ਗਿਆ। ਜੁਡੀਸ਼ਲ ਜਾਂਚ ਰਿਪੋਰਟ ਸਰਕਾਰ ਨੂੰ ਪਹੁੰਚ ਚੁੱਕੀ ਹੈ ਅਤੇ ਨਿਆਂ ਵਿਭਾਗ ਦੇ ਅਧਿਕਾਰੀ ਇਸ ਦਾ ਅਧਿਐਨ ਕਰ ਰਹੇ ਹਨ। ਜਾਂਚ ਰਿਪੋਰਟ ਵਿੱਚ ਪੁਲਸ ਵੱਲੋਂ ਕੀਤੇ ਝੂਠੇ ਮੁਕਾਬਲੇ ਦੀ ਜਾਂਚ ਵਿੱਚ ਅਸਲੀਅਤ ਸਾਹਮਣੇ ਆਉਣ ਪਿੱਛੋਂ ਕੁਝ ਪੁਲਸ ਅਫਸਰਾਂ ਅਤੇ ਸੁਰੱਖਿਆ ਬਲਾਂ ਦੇ ਗਾਈਡ ਦੀ ਭੂਮਿਕਾ ਨਿਭਾਉਣ ਵਾਲੇ ਜਵਾਨ ਕਾਰਵਾਈ ਦੀ ਲਪੇਟ ਵਿੱਚ ਆ ਸਕਦੇ ਹਨ।

## ਲੱਕੀ ਡਰਾਅ ਵਿੱਚ ਮਹਿੰਗੀ ਕਾਰ ਜਿੱਤਣ ਦੇ ਲਾਲਚ ਨਾਲ 10 ਲੱਖ ਠੱਗ ਲਏ

ਨਵੀਂ ਦਿੱਲੀ, 5 ਦਸੰਬਰ (ਪੋਸਟ ਬਿਊਰੋ)- ਉਤਰੀ ਜ਼ਿਲੇ ਵਿੱਚ ਬਾੜਾ ਹਿੰਦੂਰਾਓ ਇਲਾਕੇ ਵਿੱਚ ਠੱਗਾਂ ਨੇ ਲੱਕੀ ਡਰਾਅ ਵਿੱਚ ਮਹਿੰਗੀ ਕਾਰ ਜਿੱਤਣ ਦਾ ਸੁਫਨਾ ਦਿਖਾ ਕੇ ਇੱਕ ਆਦਮੀ ਤੋਂ 10 ਲੱਖ ਰੁਪਏ ਠੱਗ ਲਏ।

ਪਤਾ ਲੱਗਾ ਹੈ ਕਿ ਦੋਸ਼ੀਆਂ ਨੇ ਕਾਰ ਜਿੱਤਣ ਦੀ ਕਾਲ ਕੀਤੀ ਸੀ। ਜਿਸ ਵਿਅਕਤੀ ਨੂੰ ਕਾਲ ਕੀਤੀ, ਉਨ੍ਹਾਂ ਦੇ ਜਾਲ ਵਿੱਚ ਅਜਿਹਾ ਫਸਦਾ ਚਲਾ ਗਿਆ ਕਿ ਇੱਕ ਸਾਲ ਵਿੱਚ 10 ਲੱਖ ਰੁਪਏ ਗੁਆ ਲਏ। ਪੀੜਤ ਦੀ ਸ਼ਿਕਾਇਤ ਉਤੇ ਪੁਲਸ ਇਸ ਬਾਰੇ ਕੇਸ ਦਰਜ ਕਰ ਕੇ ਜਾਂਚ ਕਰ ਰਹੀ ਹੈ। ਗੋਵਿੰਦਾ ਗੁਪਤਾ ਨੇ ਸ਼ਿਕਾਇਤ ਕੀਤੀ ਹੈ ਕਿ ਉਹ ਚਸ਼ਮੇ ਵੇਚਦਾ ਹੈ ਅਤੇ ਮਹਾਵੀਰ ਗਲੀ ਵਿੱਚ ਰਹਿੰਦਾ ਹੈ। ਉਸ ਨੂੰ ਪਿਛਲੇ ਸਾਲ ਅਗਸਤ ਵਿੱਚ ਫੋਨ ਆਇਆ ਸੀ, ਜਿਸ ਵਿੱਚ ਦੱਸਿਆ ਗਿਆ ਕਿ ਤੁਸੀਂ ਲੱਕੀ ਡਰਾਅ ਵਿੱਚ ਕਾਰ ਜਿੱਤੇ ਹੋ। ਗੋਵਿੰਦਾ ਨੇ ਸੋਚਿਆ ਕਿ ਕਾਰ ਲੈ ਕੇ ਉਹ ਕੀ ਕਰਨਗੇ, ਤਾਂ ਉਨ੍ਹਾਂ ਨੇ ਪੁੱਛਿਆ ਕਿ ਕਾਰ ਦੇ ਬਦਲੇ ਪੈਸੇ ਦੇ ਦਿਓ। ਫੋਨ ਕਰਨ ਵਾਲਾ ਇਸ ਸ਼ਰਤ 'ਤੇ ਮੰਨ ਗਿਆ। ਦੋਸ਼ੀ ਨੇ ਕਿਹਾ ਕਿ ਗੋਵਿੰਦਾ ਨੂੰ ਕੁਝ ਹਜ਼ਾਰ ਰੁਪਏ ਦੇਣੇ ਹਨ ਤੇ ਫਿਰ ਚਮਕਦੀ ਕਾਰ ਉਨ੍ਹਾਂ ਦੀ ਹੋਵੇਗੀ। ਗੋਵਿੰਦਾ ਝਾਂਸੇ ਵਿੱਚ ਆ ਗਿਆ ਤੇ ਉਸ ਨੇ ਕਰੀਬ 1600 ਰੁਪਏ ਦੋਸ਼ੀ ਦੇ ਦੱਸੇ ਖਾਤੇ ਵਿੱਚ ਟਰਾਂਸਫਰ ਕਰ ਦਿੱਤੇ। ਇਸ ਦੇ ਬਾਅਦ ਕਦੇ ਕਿਸੇ ਨਾਂਅ ਉਤੇ ਤਾਂ ਕਦੇ ਕਿਸੇ ਨਾਂਅ ਤੇ ਪੈਸੇ ਦੀ ਮੰਗ ਹੁੰਦੀ ਰਹੀ। ਦੋਸ਼ੀ ਨੇ ਇੱਕ ਸਾਲ ਦੇ ਅੰਦਰ ਕਰੀਬ 10 ਲੱਖ ਰੁਪਏ ਲੈ ਲਏ।

### ਮਨਜਿੰਦਰ ਸਿੰਘ ਸਿਰਸਾ ਦੀ ਮੰਗ

# ਦਿੱਲੀ ਦੀਆਂ ਗਲੀਆਂ ਤੇ ਸੜਕਾਂ ਤੋਂ ਬਾਬਰ ਤੇ ਔਰੰਗਜ਼ੇਬ ਦੇ ਨਾਂਅ ਹਟਾਏ ਜਾਣ

ਨਵੀਂ ਦਿੱਲੀ, 5 ਦਸੰਬਰ (ਪੋਸਟ ਬਿਊਰੋ)- ਸੀਨੀਅਰ ਅਕਾਲੀ ਆਗੂ ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਗ੍ਰਹਿ ਮਤੰਰੀ ਅਮਿਤ ਸ਼ਾਹ ਨੂੰ ਅਪੀਲ ਕੀਤੀ ਹੈ ਕਿ ਦਿੱਲੀ ਦੀਆਂ ਗਲੀਆਂ ਅਤੇ ਸੜਕਾਂ ਤੋਂ ਬਾਬਰ ਅਤੇ ਔਰੰਗਜ਼ੇਬ ਦਾ ਨਾਂਅ ਹਟਾਉਣ ਦੇ ਹੁਕਮ ਜਾਰੀ ਕੀਤੇ ਜਾਣ।



ਅਮਿਤ ਸ਼ਾਹ ਨੂੰ ਲਿਖੇ ਪੱਤਰ ਵਿੱਚ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਉਨ੍ਹਾਂ ਨੂੰ ਦਿੱਲੀਆਂ ਦੀਆਂ ਸੜਕਾਂ ਤੋਂ ਬਾਬਰ ਤੇ ਔਰੰਗਜ਼ੇਬ ਦਾ ਨਾਂਅ ਹਟਾਉਣ ਬਾਰੇ ਸੋਚਣਾ ਚਾਹੀਦਾ ਹੈ, ਕਿਉਂਕਿ ਦੋਵੇਂ ਤਾਨਾਸ਼ਾਹ ਅਤੇ ਜੱਲਾਦ ਰਾਜੇ ਸਨ। ਉਨ੍ਹਾਂ ਕਿਹਾ ਕਿ ਬਾਬਰ ਨੇ ਜਿੱਥੇ ਵੀ ਹਮਲਾ ਕੀਤਾ, ਉਥੇ ਲੋਕਾਂ ਦੀ ਹਰ ਤਰ੍ਹਾਂ ਲੁੱਟ ਖਸੁੱਟ ਕੀਤੀ ਸੀ ਅਤੇ ਔਰਤਾਂ ਨਾਲ ਬਲਾਤਕਾਰ ਕੀਤੇ ਗਏ, ਪੁਰਸ਼ ਮਾਰ ਦਿੱਤੇ ਗਏ ਤੇ ਉਨ੍ਹਾਂ ਉੱਤੇ ਹਰ ਤਰ੍ਹਾਂ ਤਸ਼ੱਦਦ ਕੀਤਾ ਗਿਆ। ਉਨ੍ਹਾਂ ਕਿਹਾ ਕਿ ਮੁਗਲ ਰਾਜੇ ਔਰੰਗਜ਼ੇਬ ਦਾ ਵੀ ਇਹੋ ਸੁਭਾਅ ਸੀ, ਜਿਸ ਨੇ ਜਬਰੀ ਹਿੰਦੂਆਂ ਨੂੰ ਮੁਸਲਮਾਨ ਬਣਾਇਆ ਅਤੇ ਲੱਖਾਂ ਹਿੰਦੂ ਮਾਰ ਦਿੱਤੇ ਸਨ। ਉਨ੍ਹਾਂ ਦੱਸਿਆ ਕਿ ਔਰੰਗਜ਼ੇਬ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ 1675 ਵਿੱਚ ਦਿੱਲੀ ਦੇ ਚਾਂਦਨੀ ਚੌਕ ਵਿੱਚ ਸ਼ਹੀਦ ਕੀਤਾ ਤੇ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਾਇਆ ਸੀ, ਕਿਉਂਕਿ ਉਨ੍ਹਾਂ ਨੇ ਇਸਲਾਮ ਧਾਰਨ ਕਰਨ ਤੋਂ ਨਾਂਹ ਕਰ ਦਿੱਤੀ ਸੀ। ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਇਹ ਆਮ ਰਾਏ ਹੈ ਕਿ ਅਜਿਹੇ ਨਿਰਦਈ, ਅਣਮਨੁੱਖੀ ਤੇ ਤਾਨਾਸ਼ਾਹ ਬਿਰਤੀ ਦੇ ਲੋਕਾਂ, ਜਿਨ੍ਹਾਂ ਮਹਾਨ ਗੁਰੂ ਸਾਹਿਬਾਨ ਦਾ ਨੁਕਸਾਨ ਕੀਤਾ, ਦੇ ਨਾਂਅ 'ਤੇ ਸੜਕਾਂ ਦੇ ਨਾਂਅ ਕਿਉਂ ਰੱਖੇ ਜਾਣ। ਉਨ੍ਹਾਂ ਕਿਹਾ ਕਿ ਇਹ ਨਾਂਅ ਦੀਵਾਨ ਟੋਡਰ ਮੱਲ, ਮੋਤੀ ਰਾਮ ਮਹਿਰਾ ਅਤੇ ਸ਼ੇਰ ਮੁਹੰਮਦ ਖਾਨ ਵਰਗੇ ਮਹਾਨ ਲੋਕਾਂ ਦੇ ਨਾਂਅ 'ਤੇ ਰੱਖਣੇ ਚਾਹੀਦੇ ਹਨ। ਸਿਰਸਾ ਨੇ ਸ਼ਾਹ ਨੂੰ ਅਪੀਲ ਕੀਤੀ ਕਿ ਦੇਸ਼ ਦੇ ਲੋਕਾਂ ਖਾਸ ਤੌਰ ਉਤੇ ਸਿੱਖਾਂ ਦੀਆਂ ਭਾਵਨਾਵਾਂ ਦਾ ਖਿਆਲ ਰੱਖ ਕੇ ਦਿੱਲੀ ਦੇ ਮੁੱਖ ਮੰਤਰੀ ਅਤੇ ਨਵੀਂ ਦਿੱਲੀ ਨਗਰ ਨਿਗਮ ਨੂੰ ਹਦਾਇਤ ਕਰਨੀ ਚਾਹੀਦੀ ਹੈ ਕਿ ਦਿੱਲੀ ਦੀਆਂ ਗਲੀਆਂ ਤੇ ਸੜਕਾਂ ਤੋਂ ਬਾਬਰ ਤੇ ਔਰੰਗਜ਼ੇਬ ਦੇ ਨਾਂਅ ਮਿਟਾ ਦਿੱਤੇ ਜਾਣ।

# ਗੁਰਕੀਰਤ ਕੋਟਲੀ ਵੱਲੋਂ ਦੋਸ਼, ਰਾਜੋਆਣਾ ਕੇਸ ਵਿੱਚ ਦੇਸ਼ ਨੂੰ ਗੁਮਰਾਹ ਕਰ ਰਹੇ ਹਨ ਅਮਿਤ ਸ਼ਾਹ

ਸ਼ਿਮਲਾ, 5 ਦਸੰਬਰ (ਪੋਸਟ ਬਿਊਰੋ)- ਪੰਜਾਬ ਦੇ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਪੋਤੇ ਗੁਰਕੀਰਤ ਸਿੰਘ ਕੋਟਲੀ ਨੇ ਕੇਂਦਰ ਸਰਕਾਰ ਉਤੇ ਦੇਸ਼ ਦੇ ਲੋਕਾਂ ਨੂੰ ਗੁਮਰਾਹ ਕਰਨ ਦਾ ਦੋਸ਼ ਲਾਇਆ ਹੈ। ਇੱਕ ਦਿਨ ਪਹਿਲਾ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਪਾਰਲੀਮੈਂਟ ਨੂੰ ਦੱਸਿਆ ਸੀ ਕਿ ਬੇਅੰਤ ਸਿੰਘ ਕਤਲ ਕੇਸ ਦੇ ਦੋਸ਼ੀ ਬਲਵੰਤ ਸਿੰਘ ਰਾਜੋਆਣਾ ਨੂੰ ਫਾਂਸੀ ਦੀ ਸਜ਼ਾ ਤੋਂ ਮਾਫੀ ਨਹੀਂ ਦਿੱਤੀ ਗਈ। ਗੁਰਕੀਰਤ ਸਿੰਘ ਕੋਟਲੀ ਨੇ ਸਤੰਬਰ ਵਿੱਚ ਗ੍ਰਹਿ ਮੰਤਰਾਲੇ ਵੱਲੋਂ ਪੰਜਾਬ ਸਰਕਾਰ ਨੂੰ ਭੇਜਿਆ ਪੱਤਰ ਜਾਰੀ ਕੀਤਾ ਹੈ, ਜਿਸ ਵਿੱਚ ਦੱਸਿਆ ਗਿਆ ਹੈ ਕਿ ਬਲਵੰਤ ਸਿੰਘ ਰਾਜੋਆਣਾ ਦੀ ਮੌਤ ਦੀ ਸਜਾ ਨੂੰ ਉਮਰ ਕੈਦ ਦੀ ਸਜਾ ਵਿੱਚ ਬਦਲ ਦਿੱਤਾ ਗਿਆ ਹੈ। ਚੰਡੀਗੜ੍ਹ ਵਿੱਚ ਪੰਜਾਬ ਸਕੱਤਰਤੇ ਦੇ ਬਾਹਰ ਇੱਕ ਧਮਾਕੇ ਦੀ ਵਾਰਦਾਤ ਵਿੱਚ ਸ਼ਾਮਲ ਹੋਣ ਕਾਰਨ ਪੰਜਾਬ ਪੁਲਸ ਦੇ ਸਾਬਕਾ ਸਿਪਾਹੀ ਰਾਜੋਆਣਾ ਨੂੰ ਮੌਤ ਦੀ ਸਜਾ ਹੋਈ ਸੀ। ਸਾਲ 1995 ਵਿੱਚ ਹੋਏ ਇਸ ਧਮਾਕੇ ਵਿੱਚ ਓਦੋਂ ਦੇ ਮੁੱਖ ਮੰਤਰੀ ਬੇਅੰਤ ਸਿੰਘ ਤੇ 16 ਹੋਰ ਵਿਅਕਤੀ ਮਾਰੇ ਗਏ ਸਨ। ਅਧਿਕਾਰੀਆਂ ਨੇ ਬੀਤੇ ਸਤੰਬਰ ਵਿੱਚ ਸੰਕੇਤ ਦਿੱਤਾ ਸੀ ਕਿ ਕੇਂਦਰ ਸਰਕਾਰ ਨੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਤੋਂ ਪਹਿਲਾ ਮਨੁੱਖੀ ਆਧਾਰ 'ਤੇ ਉਸ ਦੀ ਮੌਤ ਦੀ ਸਜਾ ਘੱਟ ਕਰਨ ਦਾ ਫੈਸਲਾ ਕੀਤਾ ਹੈ। ਗੁਰਕੀਰਤ ਸਿੰਘ ਕੋਟਲੀ ਨੇ ਦੱਸਿਆ, 'ਇਸ ਮੁਦੇ 'ਤੇ ਲੋਕ ਸਭਾ ਵਿੱਚ ਅਮਿਤ ਸ਼ਾਹ ਦੇ ਬਿਆਨ ਤੋਂ ਅਸੀਂ ਸੰਤੁਸ਼ਟ ਨਹੀਂ, ਉਹ ਦੇਸ਼ ਨੂੰ ਗੁਮਰਾਹ ਕਰ ਰਿਹਾ ਅਤੇ ਮੁਦੇ ਨੂੰ ਘੁਮਾਉਣ ਦਾ ਯਤਨ ਕਰ ਰਿਹਾ ਹੈ।'' ਕੋਟਲੀ ਦੁ ਰਿਸ਼ਤੇਦਾਰ ਤੇ ਪਾਰਲੀਮੈਂਟ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਲੋਕ ਸਭਾ ਵਿੱਚ ਮੁਦਾ ਉਠਾਇਆ ਸੀ ਤਾਂ ਉਸ ਨੂੰ ਇਸ ਮਾਮਲੇ ਵਿੱਚ ਮੀਡੀਆ ਦੀਆਂ ਖਬਰਾਂ 'ਤੇ ਧਿਆਨ ਨਾ ਦੇਣ ਦੀ ਅਪੀਲ ਕਰਦੇ ਹੋਏ ਗ੍ਰਹਿ ਮੰਤਰੀ ਨੇ ਕਿਹਾ ਸੀ, ''ਕੋਈ ਮੁਆਫੀ ਨਹੀਂ ਦਿੱਤੀ ਗਈ।''

# ਜੇ ਐਨ ਯੂ ਕੇਸ ਵਿਚ ਹਾਈ ਕੋਰਟ ਨੇ ਦਿੱਲੀ ਸਰਕਾਰ ਨੂੰ ਨਿਰਦੇਸ਼ ਦੇਣ ਤੋਂ ਨਾਂਹ ਕੀਤੀ

ਨਵੀਂ ਦਿੱਲੀ, 5 ਦਸੰਬਰ (ਪੋਸਟ ਬਿਊਰੋ)- ਦਿੱਲੀ ਹਾਈ ਕੋਰਟ ਨੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ (ਜੇ ਐਨ ਯੂ) ਦੀ ਵਿਦਿਆਰਥੀ ਯੂਨੀਅਨ ਦੇ ਸਾਬਕਾ ਪ੍ਰਧਾਨ ਕਨ੍ਹੱਈਆ ਕੁਮਾਰ ਅਤੇ ਉਮਰ ਖਾਲਿਦ ਤੋਂ ਦੇਸ਼ ਧ੍ਰੋਹ ਕੇਸ 'ਚ ਪੁੱਛਗਿੱਛ ਲਈ ਦਿੱਲੀ ਸਰਕਾਰ ਨੂੰ ਨਿਰਦੇਸ਼ ਜਾਰੀ ਕਰਨ ਤੋਂ ਨਾਂਹ ਕਰ ਦਿੱਤੀ ਹੈ। ਅਦਾਲਤ ਨੇ ਕਿਹਾ ਕਿ ਇਸ ਬਾਰੇ ਪਹਿਲਾਂ ਹੀ ਹਦਾਇਤਾਂ ਜਾਰੀ ਕੀਤੀਆਂ ਜਾ ਚੁੱਕੀਆਂ ਹਨ, ਨਵੇਂਨਿਰਦੇਸ਼ਾਂ ਦੀ ਲੋੜ ਨਹੀਂ ਹੈ। ਪਟੀਸ਼ਨ ਦਾ ਨਿਬੜਾ ਕਰਦੇ ਹੋਏ ਹਾਈ ਕੋਰਟ ਨੇ ਕਿਹਾ ਕਿ ਇਸ ਕੇਸ 'ਚ ਉਚ ਤਾਕਤੀ ਕਮੇਟੀ ਬਣਾਉਣ ਦਾ ਕੋਈ ਕਾਰਨ ਨਹੀਂ ਦਿੱਸਦਾ।



ਚੀਫ ਜਸਟਿਸ ਡੀ ਐਨ ਪਟੇਲ ਅਤੇ ਜਸਟਿਸ ਸੀ, ਹਰੀਸ਼ੰਕਰ ਦੇ ਬੈਂਚ ਨੇ ਕਿਹਾ ਕਿ ਉਹ ਇਸ ਬਾਰੇ ਕਿਸੇ ਤਰ੍ਹਾਂ ਦੀਆਂ ਹਦਾਇਤਾਂ ਪਾਸ ਨਹੀਂ ਕਰ ਸਕਦੀ ਤੇ ਦਿੱਲੀ ਸਰਕਾਰ ਨੂੰ ਇਸ ਕੇਸ ਦੇ ਮੌਜੂਦਾ ਨਿਯਮਾਂ, ਨੀਤੀ, ਕਾਨੂੰਨ ਤੇ ਤੱਥਾਂ ਅਨੁਸਾਰ ਫੈਸਲਾ ਲੈਣਾ ਚਾਹੀਦਾ ਹੈ ਕਿ ਕੇਸ ਚਲਾਉਣ ਲਈ ਪ੍ਰਵਾਨਗੀ ਦੇਵੇ ਜਾਂ ਨਹੀਂ। ਅਦਾਲਤ ਨੇ ਕਿਹਾ ਕਿ ਲਗਦਾ ਹੈ ਕਿ ਪਟੀਸ਼ਨਰ (ਭਾਜਪਾ ਦੇ ਸਾਬਕਾ ਵਿਧਾਇਕ ਨੰਦ ਕਿਸ਼ੋਰ ਗਰਗ) ਦੀ ਇਸ ਕੇਸ ਵਿੱਚ ਨਿੱਜੀ ਰੁਚੀ ਹੈ। ਐਡਵੋਕੇਟ ਸ਼ਸ਼ਾਂਕ ਦਿਓ ਸੁਧੀ ਵੱਲੋਂ ਦਾਇਰ ਪਟੀਸ਼ਨ ਵਿੱਚ ਗਰਗ ਨੇ ਦੋਸ਼ ਲਾਇਆ ਸੀ ਕਿ ਕਨ੍ਹੱਈਆ ਕੁਮਾਰ ਨਾਲ ਸਬੰਧਤ ਕੇਸ ਨੂੰ ਹਲਕੇ ਢੰਗ ਨਾਲ ਲਿਆ ਗਿਆ ਅਤੇ ਦਿੱਲੀ ਸਰਕਾਰ ਇਸ ਦੀ ਮਨਜ਼ੂਰੀ ਦੇਣ ਵਿੱਚ ਨਾਕਾਮ ਰਹੀ ਹੈ। ਪੁਲਸ ਨੇ 14 ਜਨਵਰੀ ਨੂੰ ਕਨ੍ਹੱਈਆ ਕੁਮਾਰ ਅਤੇ ਜੇ ਐਨ ਯੂ ਦੇ ਹੋਰ ਸਾਬਕਾ ਵਿਦਿਆਰਥੀਆਂ ਉਮਰ ਖਾਲਿਦ ਅਤੇ ਅਨਿਰਬਾਨ ਭੱਟਾਚਾਰੀਆ ਸਮੇਤ ਹੋਰਾਂ ਖਿਲਾਫ ਅਦਾਲਤ 'ਚ ਦੋਸ਼ ਪੱਤਰ ਦਾਇਰ ਕੀਤਾ ਸੀ।

# ਨਕਸਲੀ ਵਾਰਦਾਤਾਂ 43 ਫੀਸਦੀ ਘਟੀਆਂ

ਨਵੀਂ ਦਿੱਲੀ, 5 ਦਸੰਬਰ (ਪੋਸਟ ਬਿਊਰੋ)- ਕੇਂਦਰ ਸਰਕਾਰ ਨੇ ਕੱਲ੍ਹ ਕਿਹਾ ਹੈ ਕਿ ਪਿਛਲੇ ਲਗੱਭਗ ਚਾਰ ਸਾਲਾਂ ਵਿੱਚ 3169 ਨਕਸਲੀਆਂ ਨੇ ਆਤਮ ਸਮਰਪਣ ਕੀਤਾ ਹੈ। ਇਸ ਕਾਰਨ ਨਕਸਲੀ ਹਿੰਸਾ ਵਿੱਚ ਕਮੀ ਆਈ ਹੈ। ਕੇਂਦਰੀ ਗ੍ਰਹਿ ਰਾਜ ਮੰਤਰੀ ਜੀ ਕਿਸ਼ਨ ਰੈਡੀ ਨੇ ਰਾਜ ਸਭਾ ਵਿੱਚ ਇਹ ਜਾਣਕਾਰੀ ਦਿੱਤੀ। ਜ਼ੀਰੋ ਆਵਰ ਦੌਰਾਨ ਰਾਜ ਮੰਤਰੀ ਜੀ ਕਿਸ਼ਨ ਰੈਡੀ ਨੇ ਦੱਸਿਆ ਕਿ ਕਈ ਇਲਾਕਿਆਂ ਤੋਂ ਨਕਸਲੀਆਂ ਦਾ ਪ੍ਰਭਾਵ ਘੱਟ ਹੋਇਆ ਹੈ। ਉਨ੍ਹਾਂ ਦੱਸਿਆ ਕਿ ਸਾਲ 2016 ਵਿੱਚ 1442, ਜਦ ਕਿ 2017 ਵਿੱਚ 685 ਅਤੇ ਸਾਲ 2018 ਵਿੱਚ 644 ਨਕਸਲੀਆਂ ਨੇ ਹੱਥਿਆਰ ਸੁੱਟੇ ਸਨ। ਸਾਲ 2016 ਤੋਂ ਇਸ ਸਾਲ 15 ਨਵੰਬਰ ਤੱਕ ਨਕਸਲੀ ਹਿੰਸਾ ਦੇ 3368 ਕੇਸ ਹੋਏ ਹਨ। ਉਨ੍ਹਾਂ ਕਿਹਾ ਕਿ ਮਈ 2014 ਤੋਂ ਅਪ੍ਰੈਲ 2019 ਵਿਚਾਲੇ ਨਕਸਲੀ ਹਿੰਸਾ ਦੀਆਂ ਘਟਨਾਵਾਂ ਪਿਛਲੇ ਪੰਜ ਸਾਲਾਂ ਦੇ ਮੁਕਾਬਲੇ 43 ਫੀਸਦੀ ਘੱਟ ਹੋਈਆਂ ਹਨ। ਸਾਲ 2019 ਵਿੱਚ ਨਕਸਲੀ ਹਿੰਸਾ ਵਿੱਚ ਗਿਰਾਵਟ ਜਾਰੀ ਹੈ। ਰੈਡੀ ਨੇ ਨਕਸਲ ਪ੍ਰਭਾਵਤ ਖੇਤਰਾਂ ਵਿੱਚ ਕੀਤੇ ਜਾ ਰਹੇ ਵਿਕਾਸ ਕਾਰਜਾਂ ਦੀ ਚਰਚਾ ਕੀਤੀ ਤੇ ਦੱਸਿਆ ਕਿ ਨਕਸਲ ਪ੍ਰਭਾਵਿਤ ਖੇਤਰਾਂ ਵਿੱਚ 5422 ਕਿਲੋਮੀਟਰ ਹਾਈਵੇ ਮਨਜ਼ੂਰ ਕੀਤੇ ਗਏ ਹਨ, ਇਨ੍ਹਾਂ ਵਿੱਚੋਂ 4832 ਕਿਲੋਮੀਟਰ ਹਾਈਵੇ ਦਾ ਕੰਮ ਹੋ ਚੁੱਕਾ ਹੈ, ਜਦ ਕਿ 1082 ਕਿਲੋਮੀਟਰ ਦਾ ਕੰਮ ਜਾਰੀ ਹੈ। ਅਜਿਹੇ ਖੇਤਰਾਂ ਲਈ ਤਜਵੀਜ਼ ਸ਼ੁਦਾ 4,072 ਮੋਬਾਈਲ ਟਾਵਰਾਂ ਵਿੱਚੋਂ ਲਗੱਭਗ 2330 ਲਾ ਦਿੱਤੇ ਗਏ ਹਨ। ਪ੍ਰਭਾਵਿਤ ਖੇਤਰਾਂ ਵਿੱਚ 26 ਆਈ ਟੀ ਆਈ ਦੇ ਨਾਲ 55 ਕੌਸ਼ਲ ਵਿਕਾਸ ਕੇਂਦਰ ਵੀ ਸਥਾਪਤ ਕੀਤੇ ਗਏ ਹਨ। ਸੱਤ ਕੇਂਦਰੀ ਵਿਦਿਆਲਿਆਂ ਤੇ ਛੇ ਜਵਾਹਰ ਨਵੋਦਿਆ ਵਿਦਿਆਲਿਆਂ ਲਈ ਮਨਜ਼ੂਰੀ ਦਿੱਤੀ ਗਈ ਹੈ। ਸਮਾਜਵਾਦੀ ਪਾਰਟੀ ਦੇ ਮੈਂਬਰ ਵਿਸ਼ਵੰਭਰ ਪ੍ਰਸਾਦ ਨਿਸ਼ਾਟ ਨੇ ਕਿਹਾ ਕਿ ਉਹ ਮੰਤਰੀ ਦੇ ਜਵਾਬ ਤੋਂ ਸੰਤੁਸ਼ਟ ਨਹੀਂ।

BEST TRUCK REPAIR & TIRE CENTRE
We also Specialize in Engine, AC, Transmission, Differential Rebuild, Safety Inspection & All Kinds of Electric Work
ਟਰੱਕਾਂ ਦੀ ਸਸਤੀ ਏ-ਸੀ ਰਿਪੇਅਰ ਤੇ ਟਾਇਰਾਂ ਦੀ ਭਾਰੀ ਸੇਲ
SPECIAL ON TRUCK ALIGNMENT
BRAND NEW MACHINES 2018

Brake & Drum - Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
4 Mechanics Needed Urgently
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲ੍ਹਾ
30 Truck Parking Also Available!
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055



## ਡੋਨਾਲਡ ਟਰੰਪ ਦਾ ਸਹੀ ਸਵਾਗਤ ਨਾ ਕਰਨ ਉੱਤੇ ਮਹਾਰਾਣੀ ਨੇ ਧੀ ਨੂੰ ਝਿੜਕਿਆ



ਲੰਡਨ, 5 ਦਸੰਬਰ (ਪੋਸਟ ਬਿਊਰੋ)- ਇੰਟਰਨੈੱਟ ਉੱਤੇ ਮਹਾਰਾਣੀ ਐਲਿਜ਼ਾਬੇਥ ਦਾ ਇਕ ਵੀਡੀਓ ਵਾਇਰਲ ਹੋ ਰਿਹਾ ਹੈ। ਇਸ ਵੀਡੀਓ ਵਿਚ ਉਨ੍ਹਾਂ ਨਾਲ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਉਨ੍ਹਾਂ ਦੀ ਪਤਨੀ ਮੇਲਾਨੀਆ ਟਰੰਪ ਨਜ਼ਰ ਆ ਰਹੀ ਹੈ। ਵੀਡੀਓ ਵਿਚ ਨਜ਼ਰ ਆ ਰਿਹਾ ਹੈ ਕਿ ਬ੍ਰਿਟੇਨ ਦੀ ਰਾਜਕੁਮਾਰੀ ਐਨੀ, ਰਾਸ਼ਟਰਪਤੀ ਡੋਨਾਲਡ ਟਰੰਪ ਦਾ ਠੀਕ ਤਰ੍ਹਾਂ ਸਵਾਗਤ ਨਹੀਂ ਕਰ ਸਕੀ। ਸਾਹਮਣੇ ਆਈ ਵੀਡੀਓ ਬਕਿੰਘਮ ਪੈਲੇਸ ਦੀ ਹੈ।

ਮਹਾਰਾਣੀ ਐਲੀਜ਼ਾਬੈਥ ਨੇ ਮੰਗਲਵਾਰ ਨਾਟੋ ਲੀਡਰਾਂ ਲਈ ਰਿਸੈਪਸ਼ਨ ਦਾ ਪ੍ਰਬੰਧ ਕੀਤਾ ਸੀ। ਫੁਟੇਜ ਵਿੱਚ ਸਾਫ ਦਿੱਸਦਾ ਹੈ ਕਿ ਇਸ ਗੱਲ ਬਾਰੇ ਮਹਾਰਾਣੀ ਤੇ ਉਸ ਦੀ ਇਕਲੌਤੀ ਬੇਟੀ ਰਾਜਕੁਮਾਰੀ ਐਨੀ ਦੇ ਵਿਚਾਲੇ ਹਲਕੀ-ਫੁਲਕੀ ਨੋਕ-ਝੋਕ ਹੋ ਰਹੀ ਹੈ। ਡੇਲੀ ਮੇਲ ਦੇ ਮੁਤਾਬਕ ਵੀਡੀਓ ਵਿਚ ਮਹਾਰਾਣੀ ਆਪਣੇ ਬੇਟੇ ਪ੍ਰਿੰਸ ਚਾਰਲਸ ਤੇ ਉਸ ਦੀ ਪਤਨੀ ਕੈਮਿਲਾ, ਜਿਸ ਨੂੰ ਡੱਚਿਜ਼ ਆਫ ਕਾਰਨਵਾਲ ਕਹਿੰਦੇ ਹਨ, ਨਾਲ ਡੋਨਾਲਡ ਟਰੰਪ ਅਤੇ ਮੇਲਾਨੀਆ ਦਾ ਸਵਾਗਤ ਕਰ ਰਹੀ ਹੈ। ਸ਼ਾਹੀ ਪਰਿਵਾਰ ਦੇ ਲੋਕ ਜਿਥੇ ਟਰੰਪ ਤੇ ਉਨ੍ਹਾਂ ਦੀ ਪਤਨੀ ਨਾਲ ਹੱਥ ਮਿਲਾਉਂਦੇ ਹਨ, ਉਥੇ ਰਾਜਕੁਮਾਰੀ ਐਨੀ ਪੈਲੇਸ ਦੇ ਸਟੇਟ ਰੂਮਸ ਵਿਚ ਜਾਣ ਲਈ ਦਰਵਾਜ਼ੇ ਕੋਲ ਖੜੀ ਇੰਤਜ਼ਾਰ ਕਰ ਰਹੀ ਹੈ।

ਟਰੰਪ ਜੋੜੇ ਦਾ ਸਵਾਗਤ ਕਰਨ ਤੋਂ ਬਾਅਦ ਮਹਾਰਾਣੀ ਆਪਣੀ ਬੇਟੀ ਵੱਲ ਦੇਖਦੀ ਹੈ ਤੇ ਜੋੜੇ ਦਾ ਸਵਾਗਤ ਕਰਨ ਲਈ ਕਹਿੰਦੀ ਹੈ ਤੇ 69 ਸਾਲਾ ਰਾਜਕੁਮਾਰੀ ਆਪਣੀ ਮਾਂ ਨੂੰ ਕੁਝ ਕਹਿੰਦੀ ਹੈ। ਇਹ ਸਾਫ ਨਹੀਂ ਹੁੰਦਾ ਕਿ ਰਾਜਕੁਮਾਰੀ ਨੇ ਕੀ ਕਿਹਾ, ਪਰ ਗੱਲਬਾਤ ਨੋਕ-ਝੋਕ ਵਾਲੀ ਲੱਗਦੀ ਹੈ। ਇਸ ਵੀਡੀਓ ਵਿਚ ਬ੍ਰਿਟੇਨ, ਕੈਨੇਡਾ, ਫਰਾਂਸ ਅਤੇ ਨੀਦਰਲੈਂਡ ਦੇ ਨੇਤਾ ਟਰੰਪ ਦਾ ਮਜ਼ਾਕ ਉਡਾਉਂਦੇ ਹੋਏ ਵੀ ਨਜ਼ਰ ਆ ਰਹੇ ਹਨ।

## ਸੁਡਾਨ ਵਿੱਚ ਫੈਕਟਰੀ ਵਿੱਚ ਅੱਗ, 18 ਭਾਰਤੀਆਂ ਸਣੇ 23 ਮੌਤਾਂ



*ਅੱਗ ਬੁਝਾਉਣ ਦਾ ਯਤਨ ਕਰਦੇ ਹੋਏ ਫਾਇਰ ਬ੍ਰਿਗੇਡ ਕਰਮੀ।*

ਖਾਰਤੂਮ, 5 ਦਸੰਬਰ (ਪੋਸਟ ਬਿਊਰੋ)- ਸੂਡਾਨ 'ਚ ਇੱਕ ਚੀਨੀ ਮਿੱਟੀ ਦੀ ਫੈਕਟਰੀ 'ਚ ਐਲ ਪੀ ਜੀ ਗੈਸ ਦੇ ਟੈਂਕਰ 'ਚ ਧਮਾਕਾ ਹੋਣ ਕਾਰਨ 18 ਭਾਰਤੀਆਂ ਸਮੇਤ 23 ਲੋਕਾਂ ਦੀ ਮੌਤ ਹੋ ਗਈ, ਜਦ ਕਿ 130 ਲੋਕ ਜ਼ਖਮੀ ਹੋ ਗਏ ਅਤੇ ਇਸ ਬਾਰੇ ਪੂਰੇ ਵੇਰਵਿਆਂ ਦੀ ਹਾਲੇ ਉਡੀਕ ਕੀਤੀ ਜਾ ਰਹੀ ਹੈ।

ਭਾਰਤੀ ਮਿਸ਼ਨ ਨੇ ਕੱਲ੍ਹ ਦੱਸਿਆ ਕਿ ਰਾਸ਼ਟਰੀ ਰਾਜਧਾਨੀ ਖਾਰਤੂਮ 'ਚ ਬਾਹਰੀ ਇਲਾਕੇ 'ਚ ਸੀਲਾ ਚੀਨੂ ਮਿੱਟੀ ਦੀ ਫੈਕਟਰੀ 'ਚ ਵਾਪਰੇ ਹਾਦਸੇ ਦੇ ਬਾਅਦ 16 ਭਾਰਤੀ ਲਾਪਤਾ ਹਨ। ਤਾਜ਼ਾ ਰਿਪੋਰਟਾਂ ਅਨੁਸਾਰ 18 ਦੀ ਮੌਤ ਹੋ ਗਈ ਹੈ, ਪਰ ਅਜੇ ਇਨ੍ਹਾਂ ਦੀ ਪੁਸ਼ਟੀ ਨਹੀਂ ਹੋਈ। ਲਾਪਤਾ ਵਿਅਕਤੀਆਂ ਵਿੱਚੋਂ ਕੁਝ ਮ੍ਰਿਤਕਾਂ ਦੀ ਸੂਚੀ 'ਚ ਹੋ ਸਕਦੇ ਹਨ। ਲਾਸ਼ਾਂ ਦੇ ਸੜ ਜਾਣ ਕਾਰਨ ਉਨ੍ਹਾਂ ਦੀ ਪਛਾਣ ਕਰਨੀ ਮੁਸ਼ਕਲ ਹੈ। ਅੰਬੈਸੀ ਨੇ ਕੱਲ੍ਹ ਹਸਪਤਾਲ 'ਚ ਦਾਖਲ, ਲਾਪਤਾ ਜਾਂ ਬਚ ਗਏ ਭਾਰਤੀਆਂ ਦੀ ਸੂਚੀ ਜਾਰੀ ਕੀਤੀ। ਅੰਕੜਿਆਂ ਅਨੁਸਾਰ ਸੱਤ ਵਿਅਕਤੀ ਹਸਪਤਾਲ 'ਚ ਦਾਖਲ ਹਨ, ਜਿਨ੍ਹਾਂ 'ਚੋਂ ਚਾਰ ਦੀ ਹਾਲਤ ਗੰਭੀਰ ਹੈ। ਸੁਰੱਖਿਅਤ ਬਚੇ 34 ਭਾਰਤੀਆਂ ਨੂੰ ਸਲੂਮੀ ਸੇਰਾਮਿਕਸ ਫੈਕਟਰੀ ਦੀ ਰਿਹਾਇਸ਼ 'ਚ ਠਹਿਰਾਇਆ ਗਿਆ ਹੈ ਅਤੇ ਅਗਲੇ ਪ੍ਰਬੰਧ ਕੀਤੇ ਜਾ ਰਹੇ ਹਨ।

ਖਬਰ ਏਜੰਸੀ ਨੇ ਸੂਡਾਨੀ ਸਰਕਾਰ ਦੇ ਹਵਾਲੇ ਨਾਲ ਕਿਹਾ ਕਿ ਹਾਦਸੇ 'ਚ 23 ਲੋਕਾਂ ਦੀ ਮੌਤ ਹੋ ਗਈ, ਜਦ ਕਿ 130 ਤੋਂ ਵੱਧ ਲੋਕ ਜ਼ਖਮੀ ਹੋਏ। ਮੁਢਲੀਆਂ ਰਿਪੋਰਟਾਂ ਇਸ ਗੱਲ ਦਾ ਸੰਕੇਤ ਦੇਂਦੀਆਂ ਹਨ ਕਿ ਘਟਨਾ ਵਾਪਰਨ ਸਮੇਂ ਓਥੇ ਸੁਰੱਖਿਆ ਯੰਤਰ ਨਹੀਂ ਸਨ। ਇਥੇ ਜਲਣਸ਼ੀਲ ਪਦਾਰਥ ਵੀ ਗਲਤ ਤਰੀਕੇ ਨਾਲ ਰੱਖਿਆ ਗਿਆ ਸੀ, ਜਿਸ ਨਾਲ ਅੱਗ ਛੇਤੀ ਫੈਲ ਗਈ।

## ਰਿਤਿਕ ਰੋਸ਼ਨ ਇਸ ਦਹਾਕੇ ਦੇ ਸਭ ਤੋਂ ਸੈਕਸੀ ਏਸ਼ੀਆਈ ਮਰਦ ਚੁਣੇ ਗਏ

ਲੰਡਨ, 5 ਦਸੰਬਰ (ਪੋਸਟ ਬਿਊਰੋ)- ਲੰਡਨ ਵਿਚ ਕੱਲ੍ਹ ਜਾਰੀ ਇੱਕ ਆਨਲਾਈਨ ਸਰਵੇ ਮੁਤਾਬਕ ਬਾਲੀਵੁੱਡ ਸਟਾਰ ਰਿਤਿਕ ਰੋਸ਼ਨ ਨੂੰ 2019 ਦੇ ਨਾਲ ਇਸ ਦਹਾਕੇ ਦਾ ਸਭ ਤੋਂ ਸੈਕਸੀ ਏਸ਼ੀਅਨ ਮਰਦ ਚੁਣਿਆਂ ਗਆ ਹੈ।

ਪਿਛਲੇ ਦਿਨੀਂ 'ਵਾਰ' ਅਤੇ 'ਸੁਪਰ 30' ਵਰਗੀਆਂ ਸੁਪਰ ਹਿੱਟ ਫਿਲਮਾਂ ਦੇਣ ਵਾਲੇ 45 ਸਾਲਾ ਅਭਿਨੇਤਾ ਰਿਤਿਕ ਰੋਸ਼ਨ ਬ੍ਰਿਟਿਸ਼ ਹਫਤਾਵਾਰੀ ਅਖਬਾਰ ਈਸਟਰਨ ਆਈ ਵੱਲੋਂ ਜਾਰੀ ਸਾਲਾਨਾ ਸੈਕਸੀਐਸਟ ਏਸ਼ੀਅਨ ਮੇਲ ਰੈਂਕਿੰਗ ਵਿੱਚ ਸਿਖਰ ਉੱਤੇ ਹਨ। ਇਨ੍ਹਾਂ ਦੀ ਚੋਣ ਦੁਨੀਆ ਭਰ ਦੇ ਫਿਲਮ ਪ੍ਰਬੰਧਕਾਂ ਦੇ ਵੋਟਾਂ, ਸੋਸ਼ਲ ਨੈਟਵਰਕਿੰਗ ਸਾਈਟਾਂ ਉੱਤੇ ਚਰਚਿਆਂ ਦੇ ਨਾਲ ਸਾਲ ਭਰ ਰਹੇ ਉਨ੍ਹਾਂ ਦੇ ਵਿਆਪਕ ਪ੍ਰਭਾਵ ਦੇ ਆਧਾਰ 'ਤੇ ਕੀਤੀ ਗਈ ਹੈ। ਰੋਸ਼ਨ ਨੇ ਦੋਹਰੀ ਸਫਲਤਾ ਹਾਸਲ ਕੀਤੀ ਹੈ, ਕਿਉਂਕਿ ਉਨ੍ਹਾਂ ਨੇ ਪਿਛਲੇ 10 ਸਾਲਾਂ ਲਈ ਜਾਰੀ ਓਵਰਆਲ ਰੈਂਕਿੰਗ ਦਾ ਪਹਿਲਾ ਸਥਾਨ ਹਾਸਲ ਕੀਤਾ ਸੀ। ਉਸ ਨੇ ਕਿਹਾ ਕਿ ਮੈਂ ਹਰ ਕਿਸੇ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ, ਜੋ ਅਜਿਹਾ ਮਹਿਸੂਸ ਕਰਦਾ ਹੈ ਤੇ ਮੈਨੂੰ ਵੋਟ ਦਿੱਤਾ ਹੈ। ਮੈਂ ਖੁਸ਼ ਹਾਂ। ਉਨ੍ਹਾਂ ਕਿਹਾ ਕਿ ਚੀਜ਼ਾਂ ਦੇ ਵੱਡੇ ਦ੍ਰਿਸ਼ 'ਚ ਸਿਰਫ ਇੱਕ ਵਿਅਕਤੀ ਦਾ ਰੂਪ ਪ੍ਰਸੰਗੀ ਨਹੀਂ ਹੁੰਦਾ। ਮੈਂ ਲੋਕਾਂ ਨੂੰ ਉਨ੍ਹਾਂ ਦੇ ਦੇਖਣ ਦੇ ਤਰੀਕੇ ਨਾਲ ਨਹੀਂ ਭਾਂਪਦਾ। ਇਸੇ ਤਰ੍ਹਾਂ ਮੈਂ ਆਪਣੇ ਆਪ ਨੂੰ ਜਿਸ ਤਰ੍ਹਾਂ ਦੇਖਦਾ ਹਾਂ ਉਸ ਦੇ ਅਨੁਸਾਰ ਖੁਦ ਨੂੰ ਨਹੀਂ ਭਾਂਪਦਾ। ਉਨ੍ਹਾਂ ਕਿਹਾ ਕਿ ਕਿਸੇ ਵਿਅਕਤੀ ਵਿੱਚ ਆਕਰਸ਼ਿਕ ਚੀਜ਼ ਕੀ ਹੁੰਦੀ ਹੈ, ਉਹ ਇਸ ਦੀ ਕਹਾਣੀ, ਯਾਤਰਾ ਅਤੇ ਉਸ ਦਾ ਤਰੀਕਾ ਹੁੰਦਾ ਹੈ, ਜਿਸ ਦੇ ਰਾਹੀਂ ਉਹ ਵਿਅਕਤੀ ਆਪਣੇ ਜੀਵਨ ਵਿੱਚ ਵੱਖ-ਵੱਖ ਹਾਲਾਤ ਨਾਲ ਨਿਪਟਦਾ ਹੈ।

## ਅਮਰੀਕੀ ਪਾਰਲੀਮੈਂਟ 'ਚ ਉਈਗਰ ਮਨੁੱਖੀ ਅਧਿਕਾਰ ਬਿੱਲ ਪਾਸ



ਵਾਸ਼ਿੰਗਟਨ, 5 ਦਸੰਬਰ (ਪੋਸਟ ਬਿਊਰੋ)- ਅਮਰੀਕਾ ਦੀ ਪਾਰਲੀਮੈਂਟ ਨੇ ਉਈਗਰ ਮਨੁੱਖੀ ਅਧਿਕਾਰ ਨੀਤੀ ਬਿੱਲ ਨੂੰ ਮਨਜ਼ੂਰੀ ਦੇ ਦਿੱਤੀ ਹੈ। ਪਾਰਲੀਮੈਂਟ ਦੇ ਹੇਠਲੇ ਸਦਨ ਪ੍ਰਤੀਨਿਧ ਸਭਾ ਵਿੱਚ ਇੱਕ ਦੇ ਮੁਕਾ-ਬਲੇ 407 ਵੋਟਾਂ ਨਾਲ ਪਾਸ ਇਸ ਬਿੱਲ ਵਿੱਚ ਅਮਰੀਕਾ ਵੱਲੋਂ ਚੀਨ 'ਚ ਨਜ਼ਰਬੰਦ ਕੀਤੇ ਗਏ 10 ਲੱਖ ਉਈਗਰ ਮੁਸਲਮਾਨਾਂ ਅਤੇ ਹੋਰ ਮੁਸਲਿਮ ਘੱਟ-ਗਿਣਤੀਆਂ ਤੱਕ ਵਸੀਲਿਆਂ ਨੂੰ ਪਹੁੰਚਾਉਣ ਦਾ ਮਤਾ ਪੇਸ਼ ਕੀਤਾ ਗਿਆ ਹੈ। ਬਿੱਲ ਸੈਨੇਟ ਤੋਂ ਪਹਿਲਾਂ ਹੀ ਪਾਸ ਹੋ ਚੁੱਕਾ ਹੈ, ਇਸ ਲਈ ਇਸ ਦੇ ਅੱਗੇ ਕੋਈ ਅੜਿੱਕਾ ਨਹੀਂ ਰਿਹਾ।

ਰਿਪਬਲਿਕਨ ਨੇਤਾ ਕੇਵਿਨ ਮੈਕਾਰਥੀ ਨੇ ਕਿਹਾ, 'ਉਈਗਰਾਂ 'ਤੇ ਤਸ਼ੱਦਦ ਮਨੁੱਖੀ ਅਧਿਕਾਰਾਂ ਦਾ ਘੋਰ ਉਲੰਘਣ ਹੈ। ਇਸ ਬਿੱਲ ਨੂੰ ਪਾਸ ਕਰਕੇ ਪਾਰਲੀਮੈਂਟ ਨੇ ਦਿਖਾ ਦਿੱਤਾ ਹੈ ਕਿ ਅਮਰੀਕਾ ਉਈਗਰਾਂ ਦੇ ਤਸ਼ੱਦਦ ਤੋਂ ਮੂੰਹ ਨਹੀਂ ਮੋੜੇਗਾ। ਇਸ ਤੋਂ ਪਹਿਲਾਂ ਅਸੀਂ ਹਾਂਗਕਾਂਗ ਲੋਕਤੰਤਰ ਤੇ ਮਨੁੱਖੀ ਅਧਿਕਾਰ ਕਾਨੂੰਨ ਬਣਾ ਕੇ ਚੀਨ ਦੀ ਕਮਿਊਨਿਸਟ ਪਾਰਟੀ ਨੂੰ ਮਜ਼ਬੂਤ ਸੰਦੇਸ਼ ਦਿੱਤਾ ਸੀ। ਸਾਡਾ ਮੰਨਣਾ ਹੈ ਕਿ ਲੋਕਾਂ ਦੇ ਅਧਿਕਾਰਾਂ ਨੂੰ ਕੁਚਲ ਕੇ ਸੱਤਾ ਨੂੰ ਕਾਇਮ ਨਹੀਂ ਰੱਖਿਆ ਜਾ ਸਕਦਾ।' ਸੈਨੇਟ ਦੀ ਵਿਦੇਸ਼ ਮਾਮਲਿਆਂ ਦੀ ਕਮੇਟੀ ਦੇ ਮੈਂਬਰ ਮਾਰਕੋ ਰੂਬੀਓ ਤੇ ਬੌਬ ਮੈਂਡੇਜ ਨੇ ਦੱਸਿਆ ਕਿ ਇਹ ਬਿੱਲ ਸ਼ਿਨਜਿਯਾਂਗ ਉਈਗਰ ਖੁਦਮੁਖਤਿਆਰ ਰਹੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦਾ ਮੁਕਾਬਲਾ ਕਰੇਗਾ। ਬਿੱਲ ਅਮਰੀਕਾ ਦੇ ਵੱਖ-ਵੱਖ ਸਰਕਾਰੀ ਵਿਭਾਗਾਂ ਨੂੰ ਨਿਰਦੇਸ਼ ਦਿੰਦਾ ਹੈ ਕਿ ਉਹ ਉਈਗਰਾਂ ਖਿਲਾਫ ਚੀਨ ਵੱਲੋਂ ਕੀਤੇ ਜਾ ਰਹੇ ਤਸ਼ੱਦਦ 'ਤੇ ਰਿਪੋਰਟ ਤਿਆਰ ਕਰਨ।

## ਜ਼ਮੀਨ ਤੋਂ 11,500 ਫੁੱਟ ਉਚਾਈ ਉੱਤੇ ਉਡਣ ਵਾਲੀ ਕਾਰ

ਮਿਯਾਮੀ, 5 ਦਸੰਬਰ (ਪੋਸਟ ਬਿਊਰੋ)- ਜ਼ਮੀਨ 'ਤੇ ਚਲਣ ਅਤੇ ਹਵਾ ਵਿੱਚ ਉਡਣ ਵਾਲੀ ਦੁਨੀਆ ਦੀ ਪਹਿਲੀ ਕਾਰ ਅਮਰੀਕਾ ਵਿੱਚ ਪੇਸ਼ ਕੀਤੀ ਗਈ ਹੈ। ਇਹ ਹਵਾ ਵਿੱਚ ਵੱਧ ਤੋਂ ਵੱਧ 321 ਅਤੇ ਜ਼ਮੀਨ ਉਤੇ 160 ਕਿਲੋਮੀਟਰ ਪ੍ਰਤੀ ਘੰਟਾ ਉੱਡ ਸਕਦੀਹੈ। ਇਸ ਦਾ ਨਾਮ 'ਪਲ-ਵੀ' (ਪਾਯੂਨਿਅਰ ਪਸਰਨਲ ਏਅਰ ਲੈਂਡਿੰਗ ਵੀਕਲ) ਹੈ।

ਨੀਦਰਲੈਂਡ ਦੀ ਕੰਪਨੀ ਦੀ ਇਸ 'ਪਲ-ਵੀ' ਕਾਰ ਦੀ ਕੀਮਤ 4.29 ਕਰੋੜ ਰੁਪਏ ਰਖੀ ਗਈ ਹੈ ਤੇ ਇਸ ਦੀ ਡਿਲੀਵਰੀ 2021 ਤੋਂ ਸ਼ੁਰੂ ਹੋਵੇਗੀ। ਰਿਪੋਰਟ ਦੇ ਮੁਤਾਬਕ ਕਾਰ ਦਾ ਉਤਪਾਦਨ ਸ਼ੁਰੂ ਹੋ ਚੁੱਕਾ ਹੈ। ਇਸ ਸਮੇਂ ਦੁਨੀਆ ਦੀਆਂ ਕਈ ਵੱਡੀਆਂ ਕੰਪਨੀਆਂ ਉਡਣ ਵਾਲੀ ਕਾਰ ਦੇ ਕੰਸੈਪਟ 'ਤੇ ਕੰਮ ਕਰ ਰਹੀਆਂ ਹਨ, ਪਰ 'ਪਲ-ਵੀ' ਖਰੀਦਾਰੀ ਦੇ ਲਈ ਉਪਲਬਧ ਪਹਿਲੀ ਕਾਰ ਹੈ। ਕੰਪਨੀ ਦਾ ਦਾਵਾ ਹੈ ਕਿ ਇਹ ਕਾਰ 11.500 ਫੁੱਟ ਉਚਾਈ ਤੱਕ ਪਹੁੰਚ ਸਕਦੀ ਹੈ। ਇਸ ਕਾਰ ਵਿੱਚ ਦੋ ਲੋਕ ਬੈਠ ਸਕਦੇ ਹਨ। ਕਾਰ ਵਿੱਚ ਪੈਟ੍ਰੋਲ ਨਾਲ ਚਲਣ ਵਾਲਾ ਚਾਰ ਸਿਲੈਂਡਰ ਇੰਜਣ ਲੱਗਾ ਹੈ। 10 ਮਿੰਟ ਵਿੱਚ ਤਿੰਨ ਟੈਰਾਂ ਵਾਲੀ ਕਾਰ ਦੇ ਇੱਕ ਗਿਰੋਕਾਪਟਰ ਵਿੱਚ ਬਦਲ ਜਾਂਦੀ ਹੈ ਅਤੇ 8 ਸੈਕੇਂਡ ਵਿੱਚ 0 ਤੋਂ 96 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ 'ਤੇ ਪਹੁੰਚ ਸਕਦੀ ਹੈ। ਕੰਪਨੀ ਦਾ ਕਹਿਣਾ ਹੈ ਕਿ ਇਹ ਫਲਾਈਂਗ ਕਾਰ ਮੌਜੂਦਾ ਰੈਗੂਲੇਸ਼ਨ ਦੇ ਤਹਿਤ ਹੀ ਬਣਾਈ ਗਈ ਹੈ। ਇਸ ਕਾਰ ਨੂੰ ਉਡਾਣ ਭਰਨ ਦੇ ਲਈ 540 ਫੁੱਟ ਲੰਬੇ ਰਨਵੇ ਦੀ ਜ਼ਰੂਰਤ ਹੋਵੇਗੀ, ਜਦਕਿ ਸਿਰਫ 100 ਮੀਟਰ ਲੰਬੇ ਰਨਵੇ 'ਤੇ ਕਾਰ ਲੈਂਡ ਕੀਤੀ ਜਾ ਸਕਦੀ ਹੈ।

## ਭਾਰਤੀ ਮੂਲ ਦੀ ਕਮਲਾ ਹੈਰਿਸ ਅਮਰੀਕੀ ਰਾਸ਼ਟਰਪਤੀ ਚੋਣ ਦੀ ਦੌੜ ਵਿੱਚੋਂ ਬਾਹਰ ਹੋ ਗਈ



ਵਾਸ਼ਿੰਗਟਨ, 5 ਦਸੰਬਰ (ਪੋਸਟ ਬਿਊਰੋ)- ਭਾਰਤੀ ਮੂਲ ਦੀ ਅਮਰੀਕੀ ਪਾਰਲੀਮੈਂਟ ਮੈਂਬਰ ਕਮਲਾ ਹੈਰਿਸ ਨੇ ਸਾਲ 2020 ਵਿੱਚ ਹੋਣ ਵਾਲੀਆਂ ਅਮਰੀਕੀ ਰਾਸ਼ਟਰਪਤੀ ਅਹੁਦੇ ਦੀਆਂ ਚੋਣਾਂ 'ਚੋਂ ਆਪਣਾ ਨਾਂਅ ਵਾਪਸ ਲੈ ਲਿਆ ਹੈ। 55 ਸਾਲਾ ਹੈਰਿਸ ਨੇ ਮੰਗਲਵਾਰ ਨੂੰ ਆਪਣੀ ਪ੍ਰਚਾਰ ਮੁਹਿੰਮ ਬਾਰੇ ਟਵੀਟ ਕਰ ਕੇ ਜਾਣਕਾਰੀ ਦਿੱਤੀ।

ਹੈਰਿਸ ਨੇ ਟਵਿੱਟਰ 'ਤੇ ਦੱਸਿਆ, ਮੈਂ ਅਫਸੋਸ ਨਾਲ ਆਪਣੇ ਸਮਰਥਕਾਂ ਤੋਂ ਮੁਆਫੀ ਮੰਗ ਕੇ ਦੱਸਣਾ ਚਾਹੁੰਦੀ ਹਾਂ ਕਿ ਮੈਂ ਅੱਜ ਆਪਣੀ ਚੋਣ ਮੁਹਿੰਮ ਖਤਮ ਕਰ ਰਹੀ ਹਾਂ, ਪਰ ਮੈਂ ਇਹ ਸਪੱਸ਼ਟ ਕਰ ਦੇਣਾ ਚਾਹੁੰਦੀ ਹਾਂ ਕਿ ਲੋਕਾਂ ਨੂੰ ਨਿਆਂ ਅਤੇ ਸਾਰਿਆਂ ਨੂੰ ਨਿਆਂ ਲਈ ਚਲਾਈ ਇਸ ਮੁਹਿੰਮ ਲਈ ਮੈਂ ਰੋਜ਼ ਲੜਾਂਗੀ। ਕੈਲੀਫੋਰਨੀਆ ਤੋਂ ਡੈਮੋਕ੍ਰੇਟਿਕ ਪਾਰਟੀ ਦੀ ਸ਼ਕਤੀਸ਼ਾਲੀ ਪਾਰਲੀਮੈਂਟ ਮੈਂਬਰ ਨੇ ਕਿਹਾ, ਰਾਸ਼ਟਰਪਤੀ ਚੋਣਾਂ ਲਈ ਪ੍ਰਚਾਰ ਮੁਹਿੰਮ ਜਾਰੀ ਰੱਖਣ ਲਈ ਮੇਰੇ ਕੋਲ ਵਿੱਤੀ ਸਰੋਤ ਨਹੀਂ ਹਨ, ਮੈਂ ਅਰਬਪਤੀ ਨਹੀਂ ਹਾਂ। ਹੈਰਿਸ ਨੇ ਅਗਲੇ ਨਵੰਬਰ ਦੀਆਂ ਰਾਸ਼ਟਰਪਤੀ ਚੋਣਾਂ ਲਈ ਜਦ ਆਪਣੀ ਉਮੀਦਵਾਰੀ ਦਾ ਐਲਾਨ ਕੀਤਾ ਸੀ ਤਾਂ ਪ੍ਰਚਾਰ ਸ਼ੁਰੂ ਕਰਨ ਤੋਂ ਪਹਿਲਾਂ ਉਨ੍ਹਾਂ ਨੂੰ ਇਸ ਉਚ ਅਹੁਦੇ ਲਈ ਮਜ਼ਬੂਤ ਦਾਅਵੇਦਾਰ ਕਿਹਾ ਜਾ ਰਿਹਾ ਸੀ। ਉਨ੍ਹਾਂ ਨੇ ਆਪਣੇ ਨਗਰ ਆਕਲੈਂਡ ਕੈਲੀਫੋਰਨੀਆ ਵਿੱਚ ਸਮਰਥਕਾਂ ਦੀ ਭੀੜ ਵਿਚਕਾਰ ਇਸ ਸਾਲ ਜਨਵਰੀ 'ਚ ਚੋਣ ਮੁਹਿੰਮ ਦੀ ਸ਼ੁਰੂਆਤ ਕੀਤੀ ਸੀ। ਡੈਮੋਕ੍ਰੇਟਿਕ ਪਾਰਲੀਮੈਂਟ ਮੈਂਬਰ ਕਮਲਾ ਹੈਰਿਸ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਮੁੱਖ ਆਲੋਚਕ ਹੈ। ਕੈਲੀਫੋਰਨੀਆ ਦੀ ਸਾਬਕਾ ਅਟਾਰਨੀ ਜਨਰਲ ਕਮਲਾ ਹੈਰਿਸ 2016 ਵਿੱਚ ਪਹਿਲੀ ਵਾਰ ਅਮਰੀਕੀ ਸੈਨੇਟ ਦੀ ਮੈਂਬਰ ਚੁਣੀ ਗਈ ਸੀ।

## ਹਜ਼ਾਰਾਂ ਪਾਕਿਸਤਾਨੀ ਹਿੰਦੂਆਂ ਦੀਆਂ ਅਸਥੀਆਂ ਸ਼ਮਸ਼ਾਨ ਘਾਟ ਦੇ ਕਮਰੇ ਵਿਚ ਕੈਦ

ਇਸਲਾਮਾਬਾਦ, 5 ਦਸੰਬਰ (ਪੋਸਟ ਬਿਊਰੋ)- ਪਾਕਿਸਤਾਨ ਵਿਚ ਪਿਛਲੇ 20 ਸਾਲਾਂ ਵਿਚ ਮਰਨ ਵਾਲੇ ਹਜ਼ਾਰਾਂ ਹਿੰਦੂਆਂ ਦੀਆਂ ਅਸਥੀਆਂ ਹਿੰਦੁਸਤਾਨ ਵਿਚ ਗੰਗਾ ਵਿਚ ਪਾਏ ਜਾਣ ਦੀ ਉਡੀਕ ਕਰ ਰਹੀਆਂ ਹਨ। ਇਨ੍ਹਾਂ ਲੋਕਾਂ ਦੀ ਅੰਤਮ ਇੱਛਾ ਪੂਰੀ ਹੋਣ ਵਿਚ ਭਾਰਤ-ਪਾਕਿਸਤਾਨ ਦੇ ਵਿਚਾਲੇ ਰਹਿਣ ਵਾਲਾ ਤਣਾਅ ਇੱਕ ਵੱਡਾ ਰੋੜਾ ਹੈ। ਇੱਕ ਅਖਬਾਰ ਦੀ ਖਬਰ ਮੁਤਾਬਕ ਤਣਾਅ ਦੇ ਕਾਰਨ ਅਸਥੀਆਂ ਦਾ ਗੰਗਾ ਵਿਚ ਪਾਉਣ ਦੇ ਹੱਕ ਲਈ ਭਾਰਤ ਸਰਕਾਰ ਅਤੇ ਪਾਕਿਸਤਾਨ ਵਿਚਾਲੇ ਇਸ ਬਾਰੇ ਗੱਲਬਾਤ ਨਹੀਂ ਹੋ ਰਹੀ। ਨਾ ਭਾਰਤ ਵਿਚ ਵਧੇਰੇ ਸਮਾਂ ਸੱਤਾ ਉੱਤੇ ਰਹੀ ਕਾਂਗਰਸ ਸਰਕਾਰ ਨੇ ਤੇ ਨਾ ਭਾਜਪਾ ਸਰਕਾਰ ਨੇ ਇਸ ਬਾਰੇ ਧਿਆਨ ਦਿੱਤਾ ਹੈ। ਮ੍ਰਿਤਕਾਂ ਦੀਆਂ ਅਸਥੀਆਂ 20 ਸਾਲਾਂ ਤੋਂ ਪਾਕਿਸਤਨ ਦੇ ਸ਼ਮਸ਼ਾਨ ਘਾਟ ਵਿਚ ਬੰਦ ਹਨ। ਇਸ ਸਾਰੇ ਕੇਸ ਨੂੰ ਦੁਬਈ ਦੇ ਵਪਾਰੀ ਤੇ ਭਾਰਤੀ ਮੂਲ ਦੇ ਜੋਗਿੰਦਰਪਾਲ ਸਲਾਰੀਆ ਨੇ ਚੁੱਕਿਆ ਹੈ।

## ਭਾਰਤ ਪੰਜਵਾਂ ਸਭ ਤੋਂ ਪ੍ਰਦੂਸ਼ਿਤ ਦੇਸ਼, ਮਰਨ ਵਾਲੇ ਸਭ ਤੋਂ ਵੱਧ

ਮੈਡਰਿਡ, 5 ਦਸੰਬਰ (ਪੋਸਟ ਬਿਊਰੋ)- ਵਾਤਵਰਨ 'ਚ ਬਦਲਾਅ ਦੇ ਮਾੜੇ ਅਸਰਾਂ 'ਤੇ ਚਰਚਾ ਦੌਰਾਨ ਪ੍ਰਭਾਵਿਤ ਦੇਸ਼ਾਂ ਦੀ ਸੂਚੀ ਸਾਹਮਣੇ ਆਈ ਹੈ। ਇਨ੍ਹਾਂ ਦੇਸ਼ਾਂ 'ਚ ਅਮੀਰ ਤੇ ਗਰੀਬ, ਦੋਵਾਂ ਤਰ੍ਹਾਂ ਦੇ ਦੇਸ਼ਾਂ 'ਤੇ ਵਾਤਾਵਰਨ ਦਾ ਬਦਲਾਅ ਅਸਰ ਪਾ ਰਿਹਾ ਹੈ। ਭਾਰਤ ਇਸ ਸੰਸਾਰ ਸੂਚੀ 'ਚ ਪੰਜਵੇਂ ਸਥਾਨ 'ਤੇ ਹੈ। ਕਲਾਈਮੇਟ ਰਿਸਕ ਇੰਡੈਕਸ 2020 ਨਾਂ ਦੀ ਇਹ ਸਾਲਾਨਾ ਰਿਪੋਰਟ ਜਰਮਨ ਵਾਚ ਨੇ ਤਿਆਰ ਕੀਤੀ ਹੈ।

ਸਪੇਨ ਦੀ ਰਾਜਧਾਨੀ ਮੈਡਰਿਡ ਵਿੱਚ ਹੁੰਦੇ ਕਰੀਬ 200 ਦੇਸ਼ਾਂ ਦੇ ਕੌਮਾਂਤਰੀ ਵਾਤਾਵਰਣ ਸੰਮੇਲਨ 'ਤੋਂ ਵੱਖਰੇ ਹੋਏ ਇੱਕ ਪ੍ਰੋਗਰਾਮ 'ਚ ਇਹ ਰਿਪੋਰਟ ਪੇਸ਼ ਕੀਤੀ ਗਈ। ਇਹ ਪ੍ਰੋਗਰਾਮ ਵਾਤਾਵਰਨ ਸੁਧਾਰ ਲਈ ਰੂਪਰੇਖਾ ਬਣਾਉਣ ਲਈ ਗਠਿਤ ਯੂ ਐੱਨ ਓ ਦੇ ਮੈਂਬਰ ਦੇਸ਼ਾਂ ਦੇ ਸੰਗਠਨ ਨੇ ਕਰਾਇਆ ਸੀ। ਇਸ ਰਿਪੋਰਟ ਦੇ ਮੁਤਾਬਕ ਵਾਤਾਵਰਨ ਦੇ ਬਦਲਾਅ ਦੇ ਮਾੜੇ ਅਸਰਾਂ ਨੂੰ ਭਾਰਤ ਬੁਰੀ ਤਰ੍ਹਾਂ ਝੱਲ ਰਿਹਾ ਹੈ। 2018 'ਚ ਭਾਰਤ ਵੀ ਪੰਜਵੇਂ ਸਥਾਨ 'ਤੇ ਸੀ। ਇੱਥੇ ਪ੍ਰਦੂਸ਼ਣ ਕਾਰਨ ਪੈਦਾ ਹੋਣ ਵਾਲੇ ਰੋਗਾਂ ਤੋਂ ਮਰਨ ਵਾਲਿਆਂ ਦੀ ਗਿਣਤੀ ਦੁਨੀਆਂ 'ਚ ਸਭ ਤੋਂ ਵੱਧ ਹੈ।

ਜਨਤਕ ਨੁਕਸਾਨ ਤੋਂ ਇਲਾਵਾ ਮਾਲੀ ਨੁਕਸਾਨ 'ਚ ਭਾਰਤ ਦਾ ਦੂਜਾ ਸਥਾਨ ਹੈ। ਪ੍ਰਦੂਸ਼ਣ ਕਾਰਨ ਭਾਰਤ ਨੂੰ ਹਰ ਸਾਲ ਕਰੋੜਾਂ ਡਾਲਰ ਦਾ ਨੁਕਸਾਨ ਹੋ ਰਿਹਾ ਹੈ। ਪ੍ਰਦੂਸ਼ਣ ਤੋਂ ਪ੍ਰਭਾਵਤ ਦੇਸ਼ਾਂ ਦੀ ਸੂਚੀ 'ਚ ਭਾਰਤ ਦਾ ਸਥਾਨ 2017 ਤੋਂ ਬਾਅਦ ਖਤਰਨਾਕ ਢੰਗ ਨਾਲ ਉਪਰ ਚੜ੍ਹਿਆ ਹੈ। 2107 'ਚ ਭਾਰਤ ਸੰਸਾਰ ਸੂਚੀ 'ਚ ਪ੍ਰਦੂਸ਼ਣ ਤੋਂ ਪ੍ਰਭਾਵਿਤ ਦੇਸ਼ਾਂ 'ਚ 14ਵੇਂ ਸਥਾਨ ਉੱਤੇ ਸੀ, ਪਰ ਅਗਲੇ ਸਾਲ ਚੜ੍ਹ ਕੇ ਪੰਜਵੇਂ ਸਥਾਨ 'ਤੇ ਆ ਗਿਆ। ਮਿਆਮਾਰ ਤੇ ਹੈਤੀ ਵਰਗੇ ਛੋਟੇ ਤੇ ਗਰੀਬ ਦੇਸ਼ ਵੀ ਗੰਭੀਰ ਰੂਪ 'ਚ ਪ੍ਰਦੂਸ਼ਣ ਜੀ ਮਾਰ ਝੱਲ ਰਹੇ ਹਨ। ਖੁਸ਼ਹਾਲ ਜਾਪਾਨ 2018 'ਚ ਵਾਤਾਵਰਨ 'ਚ ਬਦਲਾਅ ਦੀ ਗੰਭੀਰ ਸਮੱਸਿਆ ਝੱਲ ਰਿਹਾ ਹੈ। ਜਰਮਨੀ ਤੇ ਕੈਨੇਡਾ ਸਭ ਤੋਂ ਵੱਧ ਪ੍ਰਭਾਵਿਤ ਦਸ ਦੇਸ਼ਾਂ ਦੀ ਸੂਚੀ 'ਚ ਸਭ ਤੋਂ ਉਪਰ ਹਨ। ਇਹ ਸੂਚੀ ਤਾਪਮਾਨ ਵਿੱਚ ਹੋ ਰਹੇ ਵਾਧੇ ਦੇ ਕਾਰਨ ਬਣਾਈ ਗਈ ਹੈ।

ਭਾਰਤ ਬਾਰੇ ਸਥਿਤੀ ਸਪੱਸ਼ਟ ਕਰਦਿਆਂ ਸੰਸਥਾ ਦੇ ਮਾਹਰ ਡੇਵਿਡ ਏਕਸਟੀਨ ਨੇ ਕਿਹਾ ਕਿ ਏਥੇ ਹੋਈ ਗੰਭੀਰ ਬਾਰਿਸ਼ ਵਾਤਾਵਰਨ ਦੇ ਬਦਲਾਅ ਦਾ ਨਤੀਜਾ ਸੀ। ਇਸ ਕਾਰਨ ਦੇਸ਼ ਦੇ ਕਈ ਇਲਾਕਿਆਂ 'ਚ ਜ਼ਬਰਦਰਸਤ ਹੜ੍ਹ ਆਏ ਤੇ ਲੈਂਡ ਸਲਾਈਡਿੰਗ ਹੋਈ। ਇਨ੍ਹਾਂ ਕੁਦਰਤੀ ਆਫਤਾਂ 'ਚ ਇੱਕ ਹਜ਼ਾਰ ਤੋਂ ਵੱਧ ਲੋਕ ਮਾਰੇ ਗਏ। ਆਫਤ ਕਾਰਨ ਕੇਰਲ ਬੁਰੀ ਤਰ੍ਹਾਂ ਪ੍ਰਭਾਵਤ ਹੋਇਆ। ਉਥੇ ਬੀਤੇ 100 ਸਾਲ ਦੇ ਸਭ ਤੋਂ ਖਤਰਨਾਕ ਹੜ੍ਹ ਆਏ। ਇਸ ਤੋਂ ਇਲਾਵਾ ਅਕਤੂਬਰ ਤੇ ਨਵੰਬਰ 2018 'ਚ ਭਾਰਤ 'ਚ ਦੋ ਵੱਡੇ ਚਕਰਵਾਤ ਆਏ। ਇਨ੍ਹਾਂ 'ਚੋਂ ਇੱਕ ਹਜ਼ਾਰ ਤੋਂ ਵੱਧ ਲੋਕ ਮਾਰੇ ਗਏ। ਭਾਰਤ ਵੱਧ ਰਹੇ ਤਾਪਮਾਨ ਦੇ ਅਸਰ ਨੂੰ ਵੀ ਝੱਲ ਰਿਹਾ ਹੈ। ਇਸ ਕਾਰਨ ਵੱਡਾ ਆਰਥਿਕ ਨੁਕਸਾਨ ਹੋ ਰਿਹਾ ਹੈ। ਇਸ ਸੂਚੀ 'ਚ ਵਿਅਤਨਾਮ ਛੇਵੇਂ, ਬੰਗਲਾਦੇਸ਼ ਸੱਤਵੇਂ, ਅਮਰੀਕਾ 12ਵੇਂ ਤੇ ਫਰਾਂਸ 15ਵੇਂ ਸਥਾਨ 'ਤੇ ਹਨ।

## ਪਾਕਿ ਦੇ ਸਾਬਕਾ ਪ੍ਰਧਾਨ ਮੰਤਰੀ ਅੱਬਾਸੀ ਸਮੇਤ 10 ਜਣਿਆਂ ਦੇ ਖਿਲਾਫ ਕੇਸ ਦਰਜ



ਲਾਹੌਰ, 5 ਦਸੰਬਰ (ਪੋਸਟ ਬਿਊਰੋ)- ਪਾਕਿਸਤਾਨ 'ਚ ਭ੍ਰਿਸ਼ਟਾਚਾਰ ਰੋਕੂ ਸੰਗਠਨ ਨੇ ਸਾਬਕਾ ਪ੍ਰਧਾਨ ਮੰਤਰੀ ਸ਼ਾਹਿਦ ਖਾਕਾਨ ਅੱਬਾਸੀ ਖਿਲਾਫ ਐਲ ਐਨ ਜੀ ਟਰਮੀਨਲ ਦਾ ਠੇਕਾ ਇੱਕ ਫਰਮ ਨੂੰ ਦੇਣ 'ਚ ਬੇਨਿਯਮੀਆਂ ਦਾ ਮਾਮਲਾ ਦਰਜ ਕੀਤਾ ਹੈ। ਕੌਮੀ ਜਵਾਬਦੇਹੀ ਬਿਊਰੋ (ਐਨ ਏ ਬੀ) ਵੱਲੋਂ ਦਾਇਰ ਕੀਤੇ ਕੇਸ 'ਚ ਸਾਬਕਾ ਵਿੱਤ ਮੰਤਰੀ ਇਸਮਾਈਲ ਅਤੇ ਅੱਠ ਹੋਰਨਾਂ ਨੂੰ ਵੀ ਨਾਮਜ਼ਦ ਕੀਤਾ ਗਿਆ ਹੈ, ਜਿਨ੍ਹਾਂ 'ਚ ਪਾਕਿਸਤਾਨ ਸਟੇਟ ਆਇਲ ਦਾ ਸਾਬਕਾ ਮੈਨੇਜਿੰਗ ਡਾਇਰੈਕਟਰ ਵੀ ਸ਼ਾਮਲ ਕੀਤਾ ਗਿਆ ਹੈ ਅਤੇ ਪੜਤਾਲ ਚੱਲ ਰਹੀ ਹੈ।

ਅੱਬਾਸੀ ਅਤੇ ਹੋਰਾਂ ਉਤੇ ਦੋਸ਼ ਹੈ ਕਿ ਉਨ੍ਹਾਂ ਕੁਦਰਤੀ ਗੈਸ (ਐਲ ਐਨ ਜੀ) ਟਰਮੀਨਲ ਦਾ ਠੇਕਾ 15 ਸਾਲਾਂ ਲਈ ਆਪਣੀ ਪਸੰਦ ਦੀ ਕੰਪਨੀ ਨੂੰ ਦਿੱਤਾ ਅਤੇ ਸਰਕਾਰੀ ਖਜ਼ਾਨੇ ਨੂੰ ਨੁਕਸਾਨ ਪੁਚਾਇਆ। ਟਰਮੀਨਲ ਦਾ ਕੰਮ ਕਤਰ ਤੋਂ ਇੰਪੋਰਟ ਕੀਤੇ ਐਲ ਐਨ ਜੀ ਦੇ ਭੰਡਾਰ ਲਈ ਹੋਣਾ ਸੀ। ਐਨ ਏ ਬੀ ਨੇ ਜੱਜ ਮੁਹੰਮਦ ਬਸ਼ੀਰ ਦੀ ਜਵਾਬਦੇਹੀ ਅਦਾਲਤ 'ਚ ਕੇਸ ਦਰਜ ਕੀਤਾ ਸੀ। ਦੱਸਿਆ ਜਾਂਦਾ ਹੈ ਕਿ ਉਕਤ ਕੰਪਨੀ ਨੇ ਮਾਰਚ 2015 ਤੋਂ ਇਸ ਵਰ੍ਹੇ ਸਤੰਬਰ ਮਹੀਨੇ ਤੱਕ ਲਗੱਭਗ 21 ਅਰਬ ਰੁਪਏ ਦਾ ਮੁਨਾਫਾ ਕਮਾਇਆ।

## ਚੀਨੀ ਮਰਦਾਂ ਨੂੰ ਵਿਆਹ ਦੇ ਬਹਾਨੇ 629 ਪਾਕਿ ਕੁੜੀਆਂ ਵੇਚੀਆਂ ਗਈਆਂ



ਇਸਲਾਮਾਬਾਦ, 5 ਦਸੰਬਰ (ਪੋਸਟ ਬਿਊਰੋ)- ਪਾਕਿਸਤਾਨ ਦੀਆਂ ਲਗਭਗ 629 ਕੁੜੀਆਂ ਅਤੇ ਔਰਤਾਂ ਨੂੰ ਲਾੜੀ ਦੇ ਰੂਪ ਵਿੱਚ ਚੀਨੀ ਪੁਰਸ਼ਾਂ ਨੂੰ ਵੇਚਿਆ ਗਿਆ ਹੈ, ਜੋ ਉਨ੍ਹਾਂ ਨੂੰ ਚੀਨ ਲੈ ਗਏ।

ਦੇਸ਼ ਦੇ ਗਰੀਬ ਅਤੇ ਕਮਜ਼ੋਰ ਵਰਗ ਦੇ ਲੋਕਾਂ ਦਾ ਸ਼ੋਸ਼ਣ ਕਰਨ ਵਾਲੇ ਤਸਕਰਾਂ ਦੇ ਨੈਟਵਰਕ ਦਾ ਪਰਦਾ ਫਾਸ਼ ਕਰਨ ਦਾ ਸੰਕਲਪ ਲੈਣ ਵਾਲੇ ਪਾਕਿਸਤਾਨੀ ਜਾਂਚ ਕਰਤਾਵਾਂ ਨੇ ਇਹ ਸੂਚੀ ਤਿਆਰ ਕੀਤੀ ਹੈ। ਇਹ ਸੂਚੀ 2018 ਤੋਂ ਬਾਅਦ ਤਸਕਰੀ ਦੀਆਂ ਯੋਜਨਾਵਾਂ ਵਿੱਚ ਫਸੀਆਂ ਔਰਤਾਂ ਦੀ ਸਭ ਤੋਂ ਠੀਕ ਗਿਣਤੀ ਉਪਲਬਧ ਕਰਾਉਂਦੀ ਹੈ। ਜਾਂਚ ਦੀ ਜਾਣਕਾਰੀ ਰੱਖਣ ਵਾਲੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਸਰਕਾਰੀ ਅਧਿਕਾਰੀਆਂ ਦੇ ਦਬਾਅ ਕਾਰਨ ਹੈ, ਜੋ ਪਾਕਿਸਤਾਨ ਦੇ ਚੀਨ ਨਾਲ ਮੁਨਾਫਾ ਸੰਬੰਧਾਂ ਨੂੰ ਠੇਸ ਪੁਚਾਉਣ ਤੋਂ ਡਰਦੇ ਹਨ। ਅਕਤੂਬਰ ਵਿੱਚ ਫੈਸਲਾਬਾਦ ਦੀ ਇੱਕ ਅਦਾਲਤ ਨੇ ਤਸਕਰੀ ਕੇਸ ਦੇ ਦੋਸ਼ੀ 31 ਚੀਨੀ ਨਾਗਰਿਕਾਂ ਨੂੰ ਬਰੀ ਕਰ ਦਿੱਤਾ ਸੀ। ਅਦਾਲਤ ਦੇ ਇੱਕ ਅਧਿਕਾਰੀ ਤੇ ਕੇਸ ਦੀ ਜਾਣਕਾਰੀ ਰੱਖਣ ਵਾਲੇ ਇੱਕ ਪੁਲਸ ਅਧਿਕਾਰੀ ਨੇ ਨਾਂਅ ਨਾ ਦੱਸਣ ਦੀ ਸ਼ਰਤ 'ਤੇ ਦੱਸਿਆ ਕਿ ਜਿਹੜੀਆਂ ਔਰਤਾਂ ਦਾ ਪੁਲਸ ਨੇ ਇੰਟਰਵਿਊ ਲਿਆ, ਉਨ੍ਹਾਂ ਵਿੱਚੋਂ ਕਈਆਂ ਨੇ ਗਵਾਹੀ ਦੇਣ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਉਨ੍ਹਾਂ ਨੰ ਜਾਂ ਧਮਕੀ ਦਿੱਤੀ ਗਈ ਸੀ ਜਾਂ ਉਨ੍ਹਾਂ ਨੂੰ ਚੁੱਪ ਕਰਵਾ ਦਿੱਤਾ ਗਿਆ ਸੀ। ਇਸ ਸਮੇਂ ਸਰਕਾਰ ਨੇ ਤਸਕਰੀ ਦੇ ਨੈਟਵਰਕ ਦਾ ਪਿੱਛਾ ਕਰਨ ਵਾਲੀ ਫੈਡਰਲ ਜਾਂਚ ਏਜੰਸੀ ਉੱਤੇ ਦਬਾਅ ਪਾਉਂਦੇ ਹੋਏ ਜਾਂਚ ਰੋਕਣ ਦੀ ਮੰਗ ਕੀਤੀ ਹੈ।

ਇੱਕ ਈਸਾਈ ਕਾਰਕੁਨ ਸਲੀਮ ਇਕਬਾਲ, ਜਿਸ ਨੇ ਚੀਨ ਤੋਂ ਕਈ ਨੌਜਵਾਨ ਕੁੜੀਆਂ ਬਚਾਉਣ ਵਿੱਚ ਮਾਤਾ-ਪਿਤਾ ਦੀ ਮਦਦ ਕੀਤੀ ਹੈ ਅਤੇ ਏਦਾਂ ਕਰਨ ਤੋਂ ਦੂਜਿਆਂ ਨੂੰ ਰੋਕਿਆ ਹੈ, ਨੂੰ ਉਥੇ ਭੇਜਿਆ ਜਾ ਰਿਹਾ ਹੈ। ਇਕਬਾਲ ਨੇ ਇੱਕ ਇੰਟਰਵਿਊ ਵਿੱਚ ਕਿਹਾ, ਕੁਝ ਐੱਫ ਆਈ ਏ ਅਧਿਕਾਰੀਆਂ ਦਾ ਤਬਾਦਲਾ ਕੀਤਾ ਗਿਆ ਸੀ। ਸ਼ਿਕਾਇਤਾਂ ਬਾਰੇ ਪੁੱਛੇ ਜਾਣ ਦੇ ਪਾਕਿਸਤਾਨ ਦੇ ਗ੍ਰਹਿ ਤੇ ਵਿਦੇਸ਼ ਮੰਤਰਾਲੇ ਨੇ ਟਿੱਪਣੀ ਕਰਨ ਤੋਂ ਇਨਕ-ਾਰ ਕਰ ਦਿੱਤਾ। ਚੀਨ ਦੇ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਉਹ ਇਸ ਸੂਚੀ ਤੋਂ ਅਣਜਾਣ ਹੈ। ਅਧਿਕਾਰੀਆਂ ਨੇ ਕਿਹਾ ਕਿ ਕੋਈ ਵੀ ਕੁੜੀਆਂ ਦੀ ਮਦਦ ਲਈ ਕੁਝ ਨਹੀਂ ਕਰਦਾ। ਪੂਰਾ ਰੈਕੇਟ ਜਾਰੀ ਹੈ ਤੇ ਵੱਧ ਰਿਹਾ ਹੈ। ਜਾਂਚ ਕਰਤਾਵਾਂ ਨੇ ਪਾਕਿਸਤਾਨ ਦੀ ਯੂਨੀਫਾਈਡ ਸੀਮਾ ਪ੍ਰਬੰਧ ਪ੍ਰਣਾਲੀ ਤੋਂ 629 ਔਰਤਾਂ ਦੀ ਸੂਚੀ ਨੂੰ ਇਕੱਠੇ ਕੀਤਾ, ਜੋ ਦੇਸ਼ ਦੇ ਹਵਾਈ ਅੱਡਿਆਂ ਉੱਤੇ ਡਿਜੀਟਲ ਦਸਤਾਵੇਜ਼ਾਂ ਨੂੰ ਰਿਕਾਰਡ ਕਰਦੀ ਹੈ।

FIRST CHOICE FINANCIAL LIMITED
TRUCK LOANS

ਟੱਰਕ ਲੌਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ

ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing

- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada

For more Information Contact
Rajdeep: 647.707.4167
Office: 905.678.2424

# ਗੁਜਰਾਤ ਵਿੱਚ ਮਸਾਂ 12 ਘੰਟੇ ਦਾ ਜੋੜਾ, ਦੁਪਹਿਰ ਤਿੰਨ ਵਜੇ ਫੇਰੇ ਲਏ, ਰਾਤ ਤਿੰਨ ਵਜੇ ਛੱਡ-ਛੁਡਾਈ



ਅਹਿਮਦਾਬਾਦ, 5 ਦਸੰਬਰ (ਪੋਸਟ ਬਿਊਰੋ)- ਲਾੜਾ ਦਿੱਲੀ ਤੋਂ ਬਾਰਾਤ ਲੈ ਕੇ ਅਹਿਮਦਾਬਾਦ ਪਹੁੰਚਿਆ। ਦੁਪਹਿਰ ਤਿੰਨ ਵਜੇ ਵਿਆਹ ਹੋਇਆ। ਸ਼ਾਮ ਸੱਤ ਵਜੇ ਰਿਸੈਪਸ਼ਨ। ਇਸੇ ਦੌਰਾਨ ਲਾੜੇ ਨੇ ਵਿਆਹ ਦੀ ਇੱਕ ਰਸਮ ਦਾ ਵਿਰੋਧ ਕੀਤਾ ਤਾਂ ਦੋਵਾਂ ਧਿਰਾਂ ਵਿੱਚ ਹੰਗਾਮਾ ਹੋ ਗਿਆ। ਨਤੀਜਾ ਇਹ ਸੀ ਕਿ ਲਾੜਾ-ਲਾੜੀ-ਬਰਾਤੀ ਸਾਰੇ ਥਾਣੇ ਪਹੁੰਚ ਗਏ। ਵਿਆਹ ਤੋੜਨ ਦੀ ਦੋਵਾਂ ਧਿਰਾਂ ਦੀ ਸਹਿਮਤੀ ਨਾਲ ਹੰਗਾਮਾ ਖਤਮ ਹੋਇਆ। ਲਾੜਾ ਬਿਨਾਂ ਲਾੜੀ ਦੇ ਦਿੱਲੀ ਮੁੜ ਗਿਆ।

ਕੇਸ ਅਹਿਮਦਾਬਾਦ ਦੇ ਸੋਲਾ ਖੇਤਰ ਦਾ ਹੈ। ਪੁਲਸ ਇੰਸਪੈਕਟਰ ਜੇ ਪੀ ਜਡੇਜਾ ਨੇ ਦੱਸਿਆ ਕਿ ਰਾਤ ਤਿੰਨ ਵਜੇ ਤੱਕ ਚੱਲੀ ਮਨ-ਮਨੌਟੀ ਦੇ ਅੰਤ ਵਿੱਚ ਲਾੜਾ-ਲਾੜੀ ਦੇ ਵਿਆਹ ਖਤਮ ਕਰਨ ਦੀ ਸਹਿਮਤੀ 'ਤੇ ਹੰਗਾਮਾ ਖਤਮ ਹੋਇਆ। ਥਾਣੇ ਤੱਕ ਆਉਣ ਕਾਰਨ ਸਟੇਸ਼ਨ ਦੀ ਡਾਇਰੀ ਵਿੱਚ ਕੇਸ ਦਰਜ ਹੋ ਗਿਆ ਹੈ। ਦੋਵਾਂ ਧਿਰਾਂ ਨੇ ਪੁਲਸ ਨੂੰ ਸ਼ਿਕਾਇਤ ਤੋਂ ਇਨਕਾਰ ਕਰ ਦਿੱਤਾ, ਇਸ ਲਈ ਬਿਆਨ ਲੈ ਕੇ ਜਾਣ ਦਿੱਤਾ ਗਿਆ। ਲਾੜਾ-ਲਾੜੀ ਦੇ ਨਾਲ ਉਨ੍ਹਾਂ ਦੇ ਰਿਸ਼ਤੇਦਾਰ ਅਤੇ ਬਰਾਤੀਆਂ ਸਮੇਤ 300 ਲੋਕ ਵੀ ਸਨ। ਰਾਤ ਨੌਂ ਵਜੇ ਤੋਂ ਥਾਣਾ ਕੰਪਲੈਕਸ ਵਿੱਚ ਦੋਵਾਂ ਧਿਰਾਂ ਦੇ ਬਜ਼ੁਰਗਾਂ, ਸਨਮਾਨਿਤ ਲੋਕਾਂ ਨੇ ਮੌਕਾ ਸੰਭਾਲਣ ਦੀ ਕੋਸ਼ਿਸ਼ ਕੀਤੀ। ਰਿਸੈਪਸ਼ਨ ਦੇ ਬਾਅਦ ਰਾਤ ਅੱਠ ਵਜੇ ਹੰਗਾਮਾ ਉਦੋਂ ਸ਼ੁਰੂ ਹੋਇਆ ਸੀ, ਜਦ 'ਦੁੱਧ ਪੀਤੀ' ਰਸਮ ਹੋਣੀ ਸੀ। ਹਾਸੇ-ਮਜ਼ਾਕ ਦੇ ਬਾਅਦ ਇਹ ਰਸਮ ਹੰਗਾਮੇ ਵਿੱਚ ਉਲਝ ਗਈ ਅਤੇ ਵਿਆਹ ਖਤਮ ਕਰਨ ਦਾ ਐਲਾਨ ਕਰਨਾ ਪਿਆ, ਜਿਸ ਦੀ ਹਰ ਪਾਸੇ ਚਰਚਾ ਹੈ।

# ਅਜ਼ੀਮ ਪ੍ਰੇਮਜੀ ਏਸ਼ੀਆ ਦੇ ਸਭ ਵੱਡੇ ਦਾਨੀ ਬਣੇ

ਨਵੀਂ ਦਿੱਲੀ, 5 ਦਸੰਬਰ (ਪੋਸਟ ਬਿਊਰੋ)- ਭਾਰਤ ਦੇ ਦਿੱਗਜ਼ ਕਾਰੋਬਾਰੀ ਅਜ਼ੀਮ ਪ੍ਰੇਮਜੀ ਏਸ਼ੀਆ ਦੇ ਸਭ ਤੋਂ ਵੱਡੇ ਦਾਨੀ ਬਣ ਗਏ ਦੱਸੇ ਜਾਂਦੇ ਹਨ। ਟੈਕ ਕੰਪਨੀ ਵਿਪਰੋ ਵਿੱਚ ਆਪਣੇ 7.6 ਅਰਬ ਡਾਲਰ (55 ਹਜ਼ਾਰ ਕਰੋੜ ਰੁਪਏ) ਦੇ ਸ਼ੇਅਰ ਸਿੱਖਿਆ ਦੇ ਲਈ ਸਮਰੱਪਤ ਅਜ਼ੀਮ ਪ੍ਰੇਮਜੀ ਫਾਊਂਡੇਸ਼ਨ ਦੇ ਰਾਹੀਂ ਲੋਕ ਭਲੇ ਲਈ ਲਾ ਚੁੱਕੇ ਕਾਰੋਬਾਰੀ ਅਜ਼ੀਮ ਪ੍ਰੇਮ ਜੀ ਫੋਰਬਸ ਵੱਲੋਂ ਜਾਰੀ ਕੀਤੀ ਏਸ਼ੀਆ ਦੇ 30 ਸਭ ਤੋਂ ਵੱਡੇ ਦਾਨੀਆਂ ਦੀ ਸੂਚੀ 'ਚ ਸਭ ਤੋਂ ਉਤੇ ਹਨ।



ਇਸ ਸੂਚੀ ਵਿੱਚ ਏਸ਼ੀਆ ਦੇ ਅਰਬਪਤੀਆਂ, ਉਦਮੀਆਂ ਤੇ ਪ੍ਰਸਿੱਧ ਹਸਤੀਆਂ ਨੂੰ ਸ਼ਾਮਲ ਕੀਤਾ ਗਿਆ ਹੈ। ਪੰਜ ਦਹਾਕੇ ਲੰਬੇ ਕੈਰੀਅਰ ਤੋਂ ਬਾਅਦ ਵਿਪਰੋ ਦੇ ਕਾਰਜਕਾਰੀ ਚੇਅਰਮੈਨ ਦੇ ਅਹੁਦੇ ਤੋਂ ਜੁਲਾਈ ਵਿੱਚ ਸੇਵਾ ਮੁਕਤ ਹੋਏ ਪ੍ਰੇਮਜੀ ਨੇ ਕਿਹਾ ਕਿ ਉਹ ਲੋਕ ਭਲਾਈ ਉੱਤੇ ਧਿਆਨ ਕੇਂਦਰਿਤ ਕਰਨਗੇ। ਫੋਰਬਜ਼ ਇੰਡੀਆ ਦੀ ਅਮੀਰ ਲੋਕਾਂ ਦੀ ਸੂਚੀ 2019 ਦੇ ਮੁਤਾਬਕ ਦਾਨ ਦੇਣ ਕਾਰਨ ਪ੍ਰੇਮਜੀ ਦੇ ਕੋਲ ਇਸ ਵਕਤ 7.2 ਅਰਬ ਡਾਲਰ ਸੰਪਤੀ ਰਹਿ ਗਈ ਹੈ, ਜਦੋਂ ਕਿ 2018 ਵਿੱਚ ਉਨ੍ਹਾਂ ਦੇ ਕੋਲ 21 ਅਰਬ ਡਾਲਰ ਸੰਪਤੀ ਸੀ। ਪ੍ਰੇਮਜੀ ਅਮੀਰਾਂ ਦੀ ਸੂਚੀ ਵਿੱਚ ਦੂਜੇ ਨੰਬਰ ਤੋਂ ਤਿਲਕ ਕੇ 17ਵੇਂ ਨੰਬਰ 'ਤੇ ਪਹੁੰਚ ਗਏ ਹਨ। ਪ੍ਰੇਮਜੀ ਆਪਣੇ ਜੀਵਨ 'ਚ ਕੁੱਲ 21 ਅਰਬ ਡਾਲਰ ਦਾਨ ਕਰਨਗੇ।

ਦੂਜੇ ਨੰਬਰ 'ਤੇ ਇੰਡੋਨੇਸ਼ੀਆ ਦੇ 76 ਸਾਲਾ ਕਾਰੋਬਾਰੀ ਥੀਓਡੋਰ ਰਾਚਮੈਟ ਹਨ। ਉਨ੍ਹਾਂ 2018 ਤੱਕ ਕਰੀਬ ਪੰਜ ਮਿਲੀਅਨ ਡਾਲਰ ਦਾਨ ਕੀਤੇ ਹਨ। ਉਨ੍ਹਾਂ ਦੀ ਫਾਊਂਡੇਸ਼ਨ ਸਿੱਖਿਆ, ਸਿਹਤ ਤੇ ਅਨਾਥਾਂ ਲਈ ਕੰਮ ਕਰਦੀ ਹੈ। ਸੂਚੀ 'ਚ ਤੀਜੇ ਨੰਬਰ 'ਤੇ ਮਲੇਸ਼ੀਆ ਦੇ ਜੇਫਰੀ ਚੀਆ ਹਨ। ਉਹ ਆਪਣੀ ਸੰਪਤੀ ਦਾਨ ਕਰ ਕੇ ਬੇਸਹਾਰਾ ਬੱਚਿਆਂ ਨੂੰ ਸਿੱਖਿਆ ਮੁਹੱਇਆ ਕਰਵਾਉਣ 'ਚ ਜੁੱਟੇ ਹਨ।

# ਕੰਧਾਲਾ ਗੁਰੂ ਦੇ ਕੋਆਪਰੇਟਿਵ ਬੈਂਕ ਤੋਂ 12.25 ਲੱਖ ਚੋਰੀ ਕੀਤੇ

ਭੋਗਪੁਰ, 5 ਦਸੰਬਰ (ਪੋਸਟ ਬਿਊਰੋ)- ਨੇੜਲੇ ਪਿੰਡ ਕੰਧਾਲਾ ਗੁਰੂ ਦੀ ਜਲੰਧਰ ਸੈਂਟਰਲ ਕੋਆਪਰੇਟਿਵ ਬੈਂਕ ਤੋਂ ਕੱਲ੍ਹ ਰਾਤ 4 ਚੋਰ 12.25 ਲੱਖ ਰੁਪਏ ਦੀ ਨਕਦੀ ਚੋਰੀ ਕਰ ਕੇ ਲੈ ਗਏ।

ਇਸ ਬਾਰੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਬੈਂਕ ਮੈਨੇਜਰ ਸੁਖਦੇਵ ਰਾਜ ਨੇ ਦੱਸਿਆ ਕਿ ਤਿੰਨ ਦਸੰਬਰ ਦੀ ਸ਼ਾਮ ਪੰਜ ਵਜੇ ਉਹ ਬਾਕੀ ਪੰਜ ਮੁਲਾਜ਼ਮਾਂ ਦੇ ਨਾਲ 12.25 ਲੱਖ ਦੀ ਨਕਦੀ ਸੇਫ ਵਿੱਚ ਰੱਖ ਕੇ ਬੈਂਕ ਬੰਦ ਕਰ ਕੇ ਘਰ ਚਲੇ ਗਏ ਅਤੇ ਚਾਰ ਦਸੰਬਰ ਸਵੇਰੇ 9.30 ਵਜੇ ਬੈਂਕ ਦੇ ਗਾਰਡ ਸੁਖਬੀਰ ਨੇ ਫੋਨ ਉੱਤੇ ਦੱਸਿਆ ਕਿ ਬੈਂਕ ਦੇ ਬਾਹਰ ਮੇਨ ਗੇਟ ਦੇ ਨਾਲ ਅਲਮਾਰੀ ਦੀਆਂ ਗਰਿੱਲਾਂ ਟੁੱਟੀਆਂ ਹੋਈਆਂ ਹਨ। ਉਹ ਬੈਂਕ ਗਏ ਤੇ ਮੁੱਖ ਦਰਵਾਜ਼ਾ ਖੋਲ੍ਹ ਕੇ ਦੇਖਿਆ ਕਿ ਸਟਰਾਂਗ ਰੂਮ ਦੇ ਕਮਰੇ ਦੀ ਦੀਵਾਰ ਵਿੱਚ ਸੰਨ੍ਹ ਲਾ ਕੇ ਚੋਰ ਸੇਫ ਹਾਊਸ ਵਿੱਚ ਪਈ 12.25 ਲੱਖ ਦੀ ਨਕਦੀ ਚੋਰੀ ਕਰ ਕੇ ਲੈ ਗਏ ਸਨ। ਬੈਂਕ ਵਿੱਚ ਲੱਗੇ ਸੀ ਸੀ ਟੀ ਵੀ ਫੁਟੇਜ ਵਿੱਚ ਚਾਰ ਚੋਰ ਨਜ਼ਰ ਆਏ ਹਨ। ਬੈਂਕ ਮੁਲਾਜ਼ਮਾਂ ਨੂੰ ਸੇਫ ਹਾਊਸ ਦੇ ਕੋਲ ਇੱਕ ਮੋਟੀ ਗਰਮ ਚਾਦਰ ਅਤੇ ਕਟਰ ਦਾ ਬਲੇਡ ਪਿਆ ਮਿਲਿਆ। ਥਾਣਾ ਭੋਗਪੁਰ ਦੇ ਇੰਚਾਰਜ ਨਰੇਸ਼ ਜੋਸ਼ੀ ਨੇ ਦੱਸਿਆ ਕਿ ਦੋਸ਼ੀਆਂ ਨੂੰ ਫੜਨ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

# ਜਨਮ ਤੋਂ ਪਹਿਲਾਂ ਮਾਂ ਨੂੰ ਹੋਇਆ ਜ਼ੁਕਾਮ ਬੱਚੇ ਨੂੰ ਅਸਥਮਾ ਦਾ ਰੋਗੀ ਬਣਾ ਸਕਦੈ

ਨਵੀਂ ਦਿੱਲੀ, 5 ਦਸੰਬਰ (ਪੋਸਟ ਬਿਊਰੋ)- ਸਰਦੀ-ਜ਼ੁਕਾਮ ਨੂੰ ਅਸੀਂ ਬੜੇ ਹਲਕੇ 'ਚ ਲੈਂਦੇ ਹਾਂ। ਇਸ ਸਮੱਸਿਆ ਦੇ ਬਾਰੇ ਸਾਡਾ ਰਵੱਈਆ ਅਜਿਹਾ ਹੈ ਕਿ ਸਾਡੇ ਵਿੱਚੋਂ ਜ਼ਿਆਦਾਤਰ ਲੋਕ ਇਸ ਨੂੰ ਬਿਮਾਰੀ ਹੀ ਨਹੀਂ ਮੰਨਦੇ। ਇਸ ਦੌਰਾਨ ਸਾਹ ਤੇ ਨੀਂਦ ਸੰਬੰਧੀ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਇੱਕ ਨਾਰਮਲ ਵਿਅਕਤੀ ਨੂੰ ਜ਼ੁਕਾਮ ਜਿੰਨਾ ਪ੍ਰੇਸ਼ਾਨ ਕਰਦਾ ਹੈ, ਇੱਕ ਗਰਭਵਤੀ ਔਰਤ ਨੂੰ ਉਸ ਤੋਂ ਕਿਤੇ ਵੱਧ ਪ੍ਰੇਸ਼ਾਨ ਕਰਨ ਵਾਲਾ ਸਾਬਤ ਹੋ ਸਕਦਾ ਹੈ। ਇਹੀ ਨਹੀਂ ਗਰਭਵਤੀ ਲੇਡੀ ਦੇ ਗਰਭ 'ਚ ਪਲ ਰਹੇ ਬੱਚੇ 'ਤੇ ਵੀ ਬੁਰਾ ਅਸਰ ਪਾ ਸਕਦਾ ਹੈ। ਪਿੱਛੇ ਜਿਹੇ ਹੋਈ ਖੋਜ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਜ਼ੁਕਾਮ ਗਰਭਵਤੀ ਔਰਤਾਂ 'ਚ ਪਲੇਸੈਂਟਾ ਨੂੰ ਇਨਫੈਕਟਿਡ ਕਰ ਸਕਦਾ ਹੈ। ਪਲੇਸੈਂਟਾ ਅਜਿਹਾ ਬਾਡੀ ਆਰਗਨ ਹੈ, ਜੋ ਔਰਤਾਂ 'ਚ ਗਰਭ ਅਵਸਥਾ



ਦੌਰਾਨ ਯੂਟਰਸ 'ਚ ਡਿਵੈਲਪ ਹੁੰਦਾ ਹੈ। ਇਹ ਹੀ ਗਰਭ 'ਚ ਪਲਦੇ ਬੱਚੇ ਤੱਕ ਆਕਸੀਜਨ ਤੇ ਹੋਰ ਜ਼ਰੂਰੀ ਨਿਊਟ੍ਰੀਸ਼ਨ ਪਹੁੰਚਾਉਂਦਾ, ਬੱਚੇ ਦੇ ਖ਼ੂਨ ਨੂੰ ਸਾਫ ਕਰਦਾ ਅਤੇ ਵੇਸਟ ਮਟੀਰੀਅਲ ਬੱਚੇ ਤੱਕ ਪਹੁੰਚਣ ਨਹੀਂ ਦਿੰਦਾ। ਨਾਲ ਹੀ ਬੱਚਾ ਗਰਭ ਨਾਲ ਨਾਲ ਜੁੜਿਆ ਹੁੰਦਾ ਹੈ, ਉਹ ਪਲੇਸੈਂਟਾਂ ਨਾਲ ਹੀ ਡਿਵੈਲਪ ਹੁੰਦੀ ਹੈ।

ਇਹ ਖੋਜ ਹਾਲ ਹੀ ਵਿੱਚ ਜਾਰੀ ਹੋਈ ਹੈ। ਇਸ ਦੀ ਅਗਵਾਈ ਜਿਓਵਾਨੀ ਪਿਡੀਮੋਂਟੇ ਨੇ ਕੀਤੀ। ਉਹ ਬਾਲ ਰੋਗਾਂ ਦੇ ਮਾਹਰ ਅਤੇ ਤੁਲਾਨੇ ਯੂਨੀਵਰਸਿਟੀ 'ਚ ਪ੍ਰੋਫੈਸਰ ਆਫ ਪੀਡੀਐਟ੍ਰਿਕਸ ਹਨ। ਇਨ੍ਹਾਂ ਦਾ ਕਹਿਣਾ ਹੈ ਕਿ ਖੋਜ ਵਿੱਚ ਇਹ ਗੱਲ ਸਾਬਿਤ ਹੋਈ ਹੈ ਕਿ ਗਰਭ ਅਵਸਥਾ ਦੌਰਾਨ ਜੇ ਕੋਈ ਔਰਤ ਜ਼ੁਕਾਮ ਦਾ ਸ਼ਿਕਾਰ ਹੋ ਜਾਂਦੀ ਹੈ ਤਾਂ ਇਹ ਠੰਢ ਅਤੇ ਸਰੀਰ 'ਚ ਪੈਦਾ ਹੋਇਆ ਵਾਇਰਸ ਬੱਚੇ ਤੱਕ ਫੈਲ ਸਕਦਾ ਹੈ। ਕੋਲਡ ਵਾਇਰਸ ਬੱਚੇ ਦੀ ਸਾਹ ਨਲੀ ਵਿੱਚ ਮੁਸ਼ਕਲ ਪੈਦਾ ਕਰ ਸਕਦਾ ਹੈ। ਇਹੀ ਨਹੀਂ ਕਈ ਸਥਿਤੀਆਂ ਵਿੱਚ ਕੋਲਡ ਵਾਇਰਸ ਗਰਭ 'ਚ ਪਲਦੇ ਭਰੂਣ ਨੂੰ ਇੰਨਾ ਨੁਕਸਾਨ ਪੁਚਾ ਸਕਦਾ ਹੈ ਕਿ ਜਨਮ ਪਿੱਛੋਂ ਬੱਚੇ ਨੂੰ ਅਸਥਮਾ ਦੀ ਬਿਮਾਰੀ ਘੇਰ ਸਕਦੀ ਹੈ। ਖੋਜੀਆਂ ਦਾ ਕਹਿਣਾ ਹੈ ਕਿ ਔਰਤ ਦੇ ਗਰਭ ਵਿੱਚ ਪਲੇਸੈਂਟਾ ਭਰੂਣ ਦੀ ਦੇਖਭਾਲ ਦੌਰਾਨ ਇੱਕ ਗੇਟਕੀਪਰ ਯਾਨੀ ਚੌਕੀਦਾਰ ਵਾਂਗ ਕੰਮ ਕਰਦਾ ਹੈ, ਪਰ ਕਈ ਵਾਇਰਸ ਜਿਵੇਂ ਜ਼ੀਕਾ ਜਾਂ ਕੁਝ ਸਥਿਤੀਆਂ 'ਚ ਕੋਲਡ ਵਾਇਰਸ ਭਰੂਣ ਤੱਕ ਚਲੇ ਜਾਂਦੇ ਹਨ, ਜੋ ਉਸ ਦੀ ਸਿਹਤ ਨੂੰ ਨੁਕਸਾਨ ਪਹੁੰਚਾਉਂਦੇ ਹਨ।

# ਦਾਦਰੀ ਦੇ ਦੋ ਭਰਾਵਾਂ ਨੇ ਸਿੰਗਾਪੁਰ ਵਿੱਚ ਨੌਕਰੀ ਦਾ ਝਾਂਸਾ ਦੇ ਕੇ ਪੰਜ ਲੱਖ ਠੱਗੇ

ਰੋਹਤਕ, 5 ਦਸੰਬਰ (ਪੋਸਟ ਬਿਊਰੋ)- ਚਰਖੀ ਦਾਦਰੀ ਦੇ ਦੋ ਸਕੇ ਭਰਾਵਾਂ ਸਤੀਸ਼ ਅਤੇ ਪ੍ਰਦੀਪ 'ਤੇ ਰੋਹਤਕ ਵਿੱਚ ਪੰਜ ਲੱਖ ਰੁਪਏ ਦੀ ਠੱਗੀ ਦਾ ਕੇਸ ਦਰਜ ਹੋਇਆ ਹੈ। ਦੋਵਾਂ ਉਤੇ ਰੋਹਤਕ ਦੀ ਫਤਿਹਪੁਰ ਕਲੋਨੀ ਦੇ ਅੰਕਿਤ ਨੂੰ ਸਿੰਗਾਪੁਰ ਵਿੱਚ ਨੌਕਰੀ ਦਾ ਝਾਂਸਾ ਦੇ ਕੇ ਠੱਗੀ ਕਰਨ ਦਾ ਦੋਸ਼ ਲੱਗਾ ਹੈ।

ਰੋਹਤਕ ਸਿਟੀ ਥਾਣਾ ਪੁਲਸ ਨੇ ਅੰਕਿਤ ਦੀ ਸ਼ਿਕਾਇਤ ਉਤੇ ਕੇਸ ਦਰਜ ਕੀਤਾ ਹੈ। ਜਾਂਚ ਵਿੱਚ ਪਤਾ ਲੱਗਾ ਹੈ ਕਿ ਇੱਕ ਦੋਸ਼ੀ ਪ੍ਰਦੀਪ ਇਨ੍ਹੀਂ ਦਿਨੀਂ ਮਲੇਸ਼ੀਆ ਵਿੱਚ ਰਹਿ ਰਿਹਾ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਅੰਕਿਤ ਨੇ ਦੱਸਿਆ ਕਿ ਕੁਝ ਸਮਾਂ ਪਹਿਲਾਂ ਉਸ ਦੀ ਰਿਸ਼ਤੇਦਾਰੀ ਦੇ ਜ਼ਰੀਏ ਚਰਖੀ ਦਾਦਰੀ ਦੇ ਸਤੀਸ਼ ਨਾਲ ਜਾਣ ਪਛਾਣ ਹੋਈ ਸੀ। ਪੀੜਤ ਦਾ ਕਹਿਣਾ ਹੈ ਕਿ ਕੁਝ ਸਮੇਂ ਪਿੱਛੋਂ ਸਤੀਸ਼ ਨੇ ਦੱਸਿਆ ਕਿ ਉਸ ਦਾ ਭਰਾ ਪ੍ਰਦੀਪ ਮਲੇਸ਼ੀਆ ਵਿੱਚ ਨੌਕਰੀ ਕਰਦਾ ਹੈ, ਉਹ ਤੁਹਾਡੀ ਵਿਦੇਸ਼ ਵਿੱਚ



ਨੌਕਰੀ ਲਗਵਾ ਸਕਦਾ ਹੈ। ਇਸ ਦੇ ਬਾਅਦ ਉਹ ਸਤੀਸ਼ ਰਾਹੀਂ ਪ੍ਰਦੀਪ ਨੂੰ ਮਿਲਿਆ। ਪ੍ਰਦੀਪ ਨੇ ਪੰਜ ਲੱਖ ਰੁਪਏ ਵਿੱਚ ਸਿੰਗਾਪੁਰ ਵਿੱਚ ਨੌਕਰੀ ਲਗਵਾਉਣ ਦੀ ਗੱਲ ਕਹੀ। ਦੋਸ਼ ਹੈ ਕਿ ਪ੍ਰਦੀਪ ਨੇ ਅੰਕਿਤ ਨੂੰ ਇੱਕ ਆਫਰ ਲੈਟਰ ਦਿੱਤਾ। ਕੁਝ ਸਮੇਂ ਪਿੱਛੋਂ ਅੰਕਿਤ ਦਾ ਟੈਲੀਫੋਨ ਉੱਤੇ ਹੀ ਇੰਟਰਵਿਊ ਕਰਾਇਆ ਗਿਆ। ਅੰਕਿਤ ਨੇ ਦੋਸ਼ ਲਾਇਆ ਹੈ ਕਿ ਪੰਜ ਲੱਖ ਰੁਪਏ ਦੇਣ ਦੇ ਬਾਅਦ ਪ੍ਰਦੀਪ ਨੇ ਉਸ ਨੂੰ ਕੁਝ ਕਾਗਜ਼ਾਤ ਤੇ ਸਿੰਗਾਪੁਰ ਦੀ ਏਅਰ ਟਿਕਟ ਦੇ ਕੇ ਕਿਹਾ ਸੀ ਕਿ ਤੁਹਾਡਾ ਕੰਮ ਬਣ ਗਿਆ ਹੈ। 20 ਜੂਨ ਦੀ ਰਾਤ ਨੂੰ ਫਲਾਈਟ ਹੈ। ਏਅਰਪੋਰਟ 'ਤੇ ਹੀ ਪਾਸਪੋਰਟ ਮਿਲ ਜਾਏਗਾ। ਅੰਕਿਤ ਦਾ ਦੋਸ਼ ਹੈ ਕਿ ਅੱਜਕੱਲ੍ਹ ਦੋਵਾਂ ਭਰਾਵਾਂ ਦੇ ਫੋਨ ਬੰਦ ਆ ਰਹੇ ਹਨ।

A/Z CITY DRIVER WANTED
INNOVATION Transportation
- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour

- 7 Days Work
- All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Girl Needed for Sharing Room
25 ਸਾਲ ਤੋਂ 40 ਸਾਲਾਂ ਤੱਕ ਲੜਕੀ ਦੀ ਲੋੜ ਹੈ
1 ਬੈਡਰੂਮ ਬੇਸਮੈਂਟ, ਰੈਂਟ ਸ਼ੇਅਰ ਕੀਤਾ ਜਾਵੇਗਾ, ਸਾਰੀਆਂ ਸਹੂਲਤਾਂ ਦੇ ਨੇੜੇ ਜਿਵੇਂ ਬੱਸ ਸਟੈਂਡ, ਗਰੋਸਰੀ ਸਟੋਰ, ਆਦਿ। ਕਾਰ ਪਾਰਕਿੰਗ ਵੀ ਉਪਲੱਬਧ ਹੈ।
Brampton (Airport & Bovaird)
437-236-8153

Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBA ਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੁਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

ਜੱਟ ਸਿੱਖ ਲੜਕਾ, ਉਮਰ 31 ਸਾਲ, ਕੱਦ 5'-11'', ਨਸ਼ਾ ਰਹਿਤ, ਪੰਜਾਬ ਵਿੱਚ 15 ਕਿਲ੍ਹੇ ਜ਼ਮੀਨ ਦਾ ਮਾਲਕ, ਚੰਗੀ ਜੋਬ, ਲੜਕੇ ਦਾ ਭਰਾ ਕੈਨੇਡਾ ਵਿੱਚ Settled ਹੈ। ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ, Divorcee ਵਾਸਤੇ ਤਲਾਕਸ਼ੁਦਾ ਲੜਕੀ ਦੀ ਲੋੜ ਹੈ। ਬੱਚੇ ਵਾਲੇ ਵੀ ਸੰਪਰਕ ਕਰ ਸਕਦੇ ਹਨ, Student ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਕਾਲ ਕਰੋ: 416-937-1934

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

Match for Handsome, Teetotaller, Punjabi Hindu Khatri/Sood boy 44/5'11''(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089

Check our Free E-paper
at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4'', ਵਿਜ਼ਟਰ ਵੀਜੇ ਤੇ ਆਈ, B.A & Cosmetics Diploma ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਵਿਆਹ ਵਧੀਆ। ਸੰਪਰਕ ਕਰੋ : 647-267-0656 । 416-509-7252 । +91 92741-00004

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3'', ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਨਾਈ ਸਿੱਖ ਲੜਕੀਆਂ ਉਮਰ 27 ਸਾਲ, 5'-7'', ਸੁੰਦਰ ਪਰਿਵਾਰਕ, ਕੈਨੇਡਾ ਵਰਕ ਪਰਮਿਟ ਅਤੇ ਦੂਜੀ ਲੜਕੀ ਉਮਰ 29 ਸਾਲ,5'-2.5'', ਕੈਨੇਡਾ ਲਈ ਕੈਨੇਡੀਅਨ, ਖਾਨਦਾਨੀ ਪਰਿਵਾਰਾਂ ਲਈ ਸੁੱਧ ਵੈਸ਼ਨੂੰ ਲੜਕਿਆਂ ਦੀ ਲੋੜ ਹੈ। ਭਰਾ ਵਿਆਹਿਆ ਕੈਨੇਡੀਅਨ +1-204-914-8700 ਜਾਂ +91-94176-78050 ਜਾਂ sukhdevmc@gmail.com

## ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ. ਅਤੇ ਇੱਥੇ ਆਈ.ਟੀ. ਖ਼ੇਤਰ ਵਿਚ ਨੌਕਰੀ ਕਰ ਰਹੀ 28 ਸਾਲਾ 5 ਫੁੱਟ 3 ਇੰਚ ਸਿੱਖ ਰਾਮਦਾਸੀਏ ਜੁਲਾਹੇ ਪਰਿਵਾਰ ਨਾਲ ਸਬੰਧਿਤ ਲੜਕੀ ਲਈ ਪੀ.ਆਰ./ਸਿਟੀਜ਼ਨ ਦਸਤਾਰਧਾਰੀ ਗੁਰਸਿੱਖ ਲੜਕੇ ਦੀ ਜ਼ਰੂਰਤ ਹੈ। ਲੜਕੀ ਦੇ ਮਾਤਾ-ਪਿਤਾ ਦੋਵੇਂ ਹੀ ਗਜ਼ਟਿਡ ਅਫ਼ਸਰ ਹਨ ਅਤੇ ਉਹ ਪੰਜਾਬ ਵਿਚ ਨੌਕਰੀ ਕਰਦੇ ਹਨ। ਟੋਰਾਂਟੋ ਏਰੀਏ ਵਿਚ ਵੱਸਦੇ ਆਈ.ਟੀ. ਖ਼ੇਤਰ ਨਾਲ ਸਬੰਧਿਤ/ਵਕੀਲ/ਸੀ.ਏ./ਬੈਂਕ ਅਫ਼ਸਰ ਨੂੰ ਪਹਿਲ ਦਿੱਤੀ ਜਾਏਗੀ।
ਇਸ ਸਬੰਧੀ 91-95010-29128 ਜਾਂ
91-95010-29129 Whatsapp ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321 ।

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੰਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

UPPAL LAW
AVTAR UPPAL Manager
IMMIGRATION SERVICES
- Visitor Visa
- Super Visa
- Study,Work,Visitor Extension Visa
- Spousal Applications
- Family Sponsorship
- Permanent Residence Card Renewal
- Citizenship Application
- All Invitation Letters

OTHER PRACTICES
- Criminal Law
- Family Law
- Power of Attorney
- Change of Name
- Notarization
- Travel Consent
- Affidavit
- Landlord and Tenant Matters

AMAN UPPAL Barrister,Solicitor
FREE Consultation
Tel: 905-500-1507
351 Parkhurst Square, # 16,
Brampton,ON L6T 0C2, Fax: 905-672-7848
* PRIOR APPOINTMENT NECESSARY

ਫੌਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

## ਜਥੇਦਾਰ ਗੌਹਰ ਵੱਲੋਂ ਕੀਤੀ ਬੇਹੁਰਮਤੀ ਦੀ ਵੀਡੀਓ ਵਾਇਰਲ

ਪਟਨਾ, 5 ਦਸੰਬਰ (ਪੋਸਟ ਬਿਊਰੋ)- ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਨਵੇਂ ਨਿਯੁਕਤ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ-ਏ-ਮਸਕੀਨ ਨੇ ਤਖਤ ਸਾਹਿਬ ਦੀ ਮਰਿਆਦਾ ਤੋੜੀ ਦੱਸੀ ਜਾਂਦੀ ਹੈ, ਜਿਸ ਬਾਰੇ ਸੋਸ਼ਲ ਮੀਡੀਆ 'ਤੇ ਵੀਡੀਓ ਵਾਇਰਲ ਹੋ ਰਹੀ ਹੈ ਅਤੇ ਸੰਗਤਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਬੀਤੀ 9 ਸਤੰਬਰ ਨੂੰ ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਨਵ ਨਿਯੁਕਤ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ ਨੇ ਤਖਤ ਸਾਹਿਬ ਦੀ ਮਰਿਆਦਾ ਭੰਗ ਕੀਤੀ ਦੱਸੀ ਜਾਂਦੀ ਹੈ। ਜਥੇਦਾਰ ਰਣਜੀਤ ਸਿੰਘ ਗੌਹਰ ਨੇ ਤਖਤ ਸ੍ਰੀ ਪਟਨਾ ਸਾਹਿਬ ਵਿਖੇ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਪਹਿਲਾਂ ਪਜਾਮਾ ਪਾ ਕੇ ਆਉਣ ਅਤੇ ਫਿਰ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਸੰਗਤ ਦੀ ਮੌਜੂਦਗੀ ਵਿੱਚ ਪਜਾਮਾ ਉਤਾਰਨ ਦੀ ਵੀਡੀਓ ਵਾਇਰਲ ਹੋਣ ਨਾਲ ਜਿੱਥੇ ਸਿੱਖ ਸੰਗਤਾਂ ਨੂੰ ਭਾਰੀ ਰੋਸ ਪਾਇਆ ਜਾ ਰਿਹਾ ਹੈ, ਉਥੇ ਤਖਤ ਸਾਹਿਬ ਦੀ ਮਰਿਆਦਾ ਨੂੰ ਜਥੇਦਾਰ ਵੱਲੋਂ ਨਾ ਨਿਭਾਉਣ ਤੋਂ ਸਵਾਲੀਆ ਚਿੰਨ੍ਹ ਲੱਗ ਰਿਹਾ ਹੈ। ਵੀਡੀਓ ਵਿੱਚ ਸਾਫ ਦਿੱਸਦਾ ਹੈ ਕਿ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ ਤਖਤ ਪਟਨਾ ਸਾਹਿਬ ਵਿਖੇ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਸੰਗਤ ਨੂੰ ਸ਼ਸਤਰਾਂ ਦੇ ਦਰਸ਼ਨ ਕਰਾਉਣ ਲਈ ਜਦੋਂ ਆਏ ਤਾਂ ਉਨ੍ਹਾਂ ਪਜਾਮਾ ਪਹਿਨਿਆ ਹੋਇਆ ਸੀ ਤੇ ਉਥੇ ਮੌਜੂਦ ਸੇਵਾਦਾਰਾਂ ਨੇ ਜਦ ਉਨ੍ਹਾਂ ਨੂੰ ਪਜਾਮਾ ਪਹਿਨਣ ਬਾਰੇ ਕਿਹਾ ਤਾਂ ਉਨ੍ਹਾਂ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਹੀ ਪਜਾਮਾ ਉਤਾਰ ਦਿੱਤਾ ਸੀ।

## ਜੇਲ੍ਹ ਤੋਂ ਨਿਕਲਦੇ ਸਾਰ ਚਿਦੰਬਰਮ ਦਾ ਮੋਦੀ ਸਰਕਾਰ ਉੱਤੇ ਵੱਡਾ ਸਿਆਸੀ ਹਮਲਾ



ਨਵੀਂ ਦਿੱਲੀ, 5 ਦਸੰਬਰ (ਪੋਸਟ ਬਿਊਰੋ)- ਆਈ ਐੱਨ ਐਕਸ ਮੀਡੀਆ ਕੇਸ ਵਿਚ ਸੁਪਰੀਮ ਕੋਰਟ ਤੋਂ ਜ਼ਮਾਨਤ ਮਿਲ ਜਾਣ ਪਿੱਛੋਂ ਵੀਰਵਾਰ ਨੂੰ ਸਾਬਕਾ ਵਿੱਤ ਮੰਤਰੀ ਪੀ ਚਿਦੰਬਰਮ ਨੇ ਪ੍ਰੈੱਸ ਕਾਨਫਰੰਸ ਕਰ ਕੇ ਕਈ ਮੁੱਦਿਆਂ ਉੱਤੇ ਕੇਂਦਰ ਦੀ ਸਰਕਾਰ ਨੂੰ ਘੇਰਿਆ ਅਤੇ ਜ਼ੋਰਦਾਰ ਸਿਆਸੀ ਹਮਲਾ ਬੋਲ ਕੇ ਸਭ ਨੂੰ ਹੈਰਾਨ ਕਰ ਦਿੱਤਾ।

ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ ਕਾਂਗਰਸ ਦੇ ਦਫ਼ਤਰ ਵਿਚ ਚਿਦੰਬਰਮ ਨੇ ਪ੍ਰੈੱਸ ਕਾਨਫ਼ਰੰਸ ਵਿੱਚ ਪਿਆਜ਼ ਮੁੱਦੇ ਉੱਤੇ ਸਰਕਾਰ ਉੱਤੇ ਹਮਲਾ ਕੀਤਾ ਤੇ ਕਿਹਾ ਕਿ ਜੇ ਇਸ ਸਾਲ ਦੇ ਅਖੀਰ ਤੱਕ ਵਿਕਾਸ ਦਰ 5 ਫੀਸਦੀ ਟੱਚ ਕਰਦੀ ਹੈ ਤਾਂ ਅਸੀਂ ਖੁਸ਼-ਕਿਸਮਤ ਹੋਵਾਂਗੇ। ਉਨ੍ਹਾਂ ਕਿਹਾ ਕਿ ਅਰਵਿੰਦਰ ਸੁਰਬਰਾਮਨੀਅਮ ਨੇ ਕਿਹਾ ਹੈ ਕਿ ਸ਼ੱਕੀ ਕਾਰਜ ਪ੍ਰਣਾਲੀ ਕਾਰਨ ਇਸ ਸਰਕਾਰ ਦੇ ਰਾਜ ਵਿੱਚ 5 ਫੀਸਦੀ ਵਿਕਾਸ ਦੀ ਦਰ ਅਸਲ ਵਿਚ 5 ਫੀਸਦੀ ਨਹੀਂ, ਲਗਭਗ 1.5 ਫੀਸਦੀ ਤੋਂ ਵੀ ਘੱਟ ਹੈ। ਉਨ੍ਹਾਂ ਕਿਹਾ, 'ਪ੍ਰਧਾਨ ਮੰਤਰੀ ਅਰਥ ਵਿਵਸਥਾ ਉੱਤੇ ਚੁੱਪ ਹਨ। ਉਨ੍ਹਾਂ ਇਸ ਨੂੰ ਆਪਣੇ ਮੰਤਰੀਆਂ ਲਈ ਛੱਡ ਦਿੱਤਾ ਹੈ ਕਿ ਉਹ ਜਨਤਾ ਨੂੰ ਝਾਂਸਾ ਦੇਣ। ਜਿਵੇਂ ਅਰਥ ਸ਼ਾਸਤਰੀ ਨੇ ਕਿਹਾ ਹੈ ਕਿ ਇਸ ਦਾ ਅਸਲ ਨਤੀਜਾ ਇਹ ਹੈ ਕਿ ਸਰਕਾਰ ਅਰਥ ਵਿਵਸਥਾ ਦੀ ਅਯੋਗ ਪ੍ਰਬੰਧਕ ਬਣ ਗਈ ਹੈ। ਇਸ ਵੇਲੇ ਆਰਥਕ ਸੁਸਤੀ ਦੇ ਬਾਰੇ ਚਿਦੰਬਰਮ ਨੇ ਕਿਹਾ ਕਿ ਇਹ ਮਨੁੱਖ ਵੱਲੋਂ ਬਣਾਈ ਤ੍ਰਾਸਦੀ ਹੈ। ਇਹ ਪੁੱਛੇ ਜਾਣ ਉੱਤੇ ਕੀ ਚਿਦੰਬਰਮ ਸਰਕਾਰ ਨੂੰ ਅਰਥ ਵਿਵਸਥਾ ਦੇ ਮੁੱਦੇ ਉੱਤੇ ਸਲਾਹ ਦੇਣਗੇ, ਚਿਦੰਬਰਮ ਨੇ ਕਿਹਾ, 'ਪਹਿਲਾਂ ਇਸ ਦੀ ਗਰੰਟੀ ਦਿਓ ਕਿ ਸਰਕਾਰ ਸਾਡੀ ਗੱਲ ਸੁਣੇਗੀ, ਜੇ ਉਹ ਏਦਾਂ ਕਰਦੇ ਹਨ ਤਾਂ ਅਸੀਂ ਤਿਆਰ ਹਾਂ'। ਉਨ੍ਹਾ ਕਿਹਾ ਕਿ 8-9 ਮਹੀਨਿਆਂ ਅੰਦਰ ਰਿਜ਼ਰਵ ਬੈਂਕ ਨੇ ਵਿਕਾਸ ਦਰ ਨੂੰ 7.4 ਤੋਂ ਘਟਾ ਕੇ 5 ਫੀਸਦੀ ਕਰ ਦਿੱਤਾ ਹੈ।

ਚਿਦੰਬਰਮ ਨੇ ਕਸ਼ਮੀਰ ਮੁੱਦੇ ਉੱਤੇ ਕਿਹਾ ਕਿ ਜਿਵੇਂ ਮੈਂ ਕੱਲ੍ਹ ਰਾਤ 8 ਵਜੇ ਅਜ਼ਾਦੀ ਦੀ ਹਵਾ ਵਿਚ ਸਾਹ ਲਿਆ ਹੈ, ਮੇਰਾ ਪਹਿਲਾ ਵਿਚਾਰ ਅਤੇ ਪ੍ਰਾਰਥਨਾ ਕਸ਼ਮੀਰ ਘਾਟੀ ਦੇ 75 ਲੱਖ ਲੋਕਾਂ ਲਈ ਸੀ, ਜਿਨ੍ਹਾਂ ਨੂੰ 4 ਅਗਸਤ 2019 ਤੋਂ ਅਪਣੀ ਬੁਨਿਆਦੀ ਆਜ਼ਾਦੀ ਤੋਂ ਵਾਂਝੇ ਕਰ ਦਿੱਤਾ ਗਿਆ ਹੈ।

## ਚੋਣ ਬਾਂਡ ਯੋਜਨਾ ਉੱਤੇ ਪਾਬੰਦੀ ਸਬੰਧੀ ਪਟੀਸ਼ਨ ਉੱਤੇ ਸੁਣਵਾਈ ਜਨਵਰੀ ਵਿੱਚ

ਨਵੀਂ ਦਿੱਲੀ, 5 ਦਸੰਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕਿਹਾ ਹੈ ਕਿ ਉਹ ਚੋਣ ਬਾਂਡ ਯੋਜਨਾ ਉਤੇ ਇੱਕ ਐਨ ਜੀ ਓ (ਗੈਰ ਸਰਕਾਰੀ ਸੰਸਥਾ) ਵੱਲੋਂ ਰੋਕ ਲਾਉਣ ਦੀ ਪਟੀਸ਼ਨ ਉਤੇ ਜਨਵਰੀ ਮਹੀਨੇ ਸੁਣਵਾਈ ਕਰਨ ਬਾਰੇ ਵਿਚਾਰ ਕਰੇਗੀ। ਇਸ ਯੋਜਨਾ ਹੇਠ ਰਾਜਸੀ ਪਾਰਟੀਆਂ ਚੋਣਾਂ ਲੜਨ ਲਈ ਫੰਡ ਇਕੱਠਾ ਕਰ ਸਕਦੀਆਂ ਹਨ।

ਚੀਫ ਜਸਟਿਸ ਐਸ ਏ ਬੋਬੜੇ, ਜਸਟਿਸ ਬੀ ਆਰ ਗਵੱਈ ਅਤੇ ਜਸਟਿਸ ਸੂਰਿਆ ਕਾਂਤ ਦੇ ਬੈਂਚ ਨੂੰ ਸੀਨੀਅਰ ਐਡਵੋਕੇਟ ਪ੍ਰਸ਼ਾਂਤ ਭੂਸ਼ਨ ਨੇ ਦੱਸਿਆ ਕਿ ਇਸ ਯੋਜਨਾ ਹੇਠ 6000 ਕਰੋੜ ਰੁਪਏ ਇਕੱਠੇ ਹੋਏ ਹਨ ਅਤੇ ਇਸ ਯੋਜਨਾ ਬਾਰੇ ਰਿਜ਼ਰਵ ਬੈਂਕ ਅਤੇ ਚੋਣ ਕਮਿਸ਼ਨ ਆਦਿ ਸੰਸਥਾਵਾਂ ਨੇ ਫਿਕਰ ਜਿਤਾਇਆ ਹੈ। 'ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰਿਫਾਰਮਜ਼' ਵੱਲੋਂ ਪੇਸ਼ ਹੋਏ ਪ੍ਰਸ਼ਾਂਤ ਭੂਸ਼ਨ ਨੇ ਕਿਹਾ ਕਿ ਇਸ ਸਕੀਮ ਉਤੇ ਰੋਕ ਜ਼ਰੂਰੀ ਹੈ, ਕਿਉਂਕਿ ਇਹ ਰਿਸ਼ਵਤ ਲੈਣ, ਕਾਲੇ ਧਨ ਨੂੰ ਖਪਾਉਣ ਦਾ ਇੱਕ ਜ਼ਰੀਆ ਬਣ ਗਈ ਹੈ। ਉਨ੍ਹਾਂ ਕਿਹਾ ਕਿ ਸੱਤਾਧਾਰੀ ਪਾਰਟੀ ਵੱਲੋਂ ਇਸ ਯੋਜਨਾ ਦੀ ਦੁਰਵਰਤੋਂ ਦੇ ਖਿਲਾਫ ਉਨ੍ਹਾਂ ਨੇ ਸੁਪਰੀਮ ਕੋਰਟ ਵਿੱਚ ਅਰਜੀ ਦਿੱਤੀ ਹੈ।


JOBS! JOBS! JOBS! JOBS! JOBS!
General Labour/ Unloader/ Window Assemblers & Machine Operators/Drivers (AZ/DZ/G)/ Forklift , Office Jobs, Electrician, Mechanic
◦Full time/Part time workers Needed
◦ਵਿੰਡੋ, ਮੈਟਲ, ਬੇਕਰੀ ਕੰਪਨੀਆਂ ◦ਸਿਨ ਨੰਬਰ ਹੋਣਾ ਜ਼ਰੂਰੀ
◦ਦਿਨ, ਦੁਪਿਹਰ ਤੇ ਰਾਤ ਦਾ ਕੰਮ Available
2355 Derry Rd E, Unit#20, 2nd Floor, Mississauga
Torbram/Derry intersection Manjit: 416.477.3344

ੴ ☬ ੴ

ਗੁਰਦੁਆਰਾ ਜੋਤਿ ਪ੍ਰਕਾਸ਼ ਸਾਹਿਬ

ਆਪ ਸਮੂਹ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਦਮਦਮੀ ਟਕਸਾਲ ਦੇ 14ਵੇਂ ਮੁਖੀ ਸ੍ਰੀ ਮਾਨ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਤਿਨਾ ਦੇ ਵੱਡੇ ਭਰਾਤਾ ਭਾਈ ਵੀਰ ਸਿੰਘ ਜੋ ਕਿ ਪਿਛਲੇ ਦਿਨੀ ਅਕਾਲ ਚਲਾਣਾ ਕਰ ਗਏ ਹਨ ਓਹਨਾ ਦੇ ਨਮਿਤ ਅਰੰਭ ਕੀਤੇ ਗਏ ਸ੍ਰੀ ਸਹਿਜ ਪਾਠ ਦੇ ਭੋਗ ਦਿਨ ਐਂਤਵਾਰ, 8 ਦਸੰਬਰ ਦੁਪਿਹਰ 1:30 ਵਜੇ ਤੋਂ 3:30 ਵਜੇ ਦਰਮਿਆਨ ਪੈਣਗੇ ਜਿਸ ਵਿਚ ਰਾਗੀ ਢਾਡੀ ਅਤੇ ਕਥਾਵਾਚਕ ਕੀਰਤਨ ਅਤੇ ਗੁਰਮਤ ਵਿਚਾਰਾ ਦੁਆਰਾ ਨਿਹਾਲ ਕਰਨਗੇ।

ਵਲੋਂ ਗੁਰਦੁਆਰਾ ਜੋਤ ਪ੍ਰਕਾਸ ਸਾਹਿਬ ਅਤੇ ਭਾਈ ਇੰਦਰਜੀਤ ਸਿੰਘ , ਭਾਈ ਈਸਰ ਸਿੰਘ ਜੀ ਅਤੇ ਸਮੂਹ ਪ੍ਰੀਵਾਰ

135 SUN PAC BLVD.
BRAMPTON, ON L6S 5Z6
ਗੁਰੂਘਰ : 905-790-1415

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202

Honesty, Reliability, Commitment
SELL FOR MORE BUY FOR LESS
▪ 1 yr Home Warranty ▪ We Help to get mortgage
Free valuation & Lowest Commission ▪ Special for First Time Home Buyer
OPEN HOUSE UNTIL SOLD
HIGHER STANDARDS FIVE STAR CERTIFIED TEAM
Silvercity
B. 905.913.8500
HIRA RANDHWA Broker 416.319.0551
BHUPENDRA DHILLON Sales Representative 647-896-1877
Hirarandhawa@yahoo.ca HiraRandhawa.com Dhillonbhupendra@hotmail.com

For SUPER-VISA INSURANCE, TRAVEL INSURANCE RESP
Call: 416-319-0551

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

amar INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
New Basement $1,000
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
Services: • Complete Basement • Tiles • Bathrooms • Plumbing • Laminate • Hardwood Floor • Painting
A-1 RENOVATION GTA INC.
22 Listcreek Road, Brampton L6p 2n6

GF1 Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5 (Near Dixie Gurdwara)
647-710-7760
Email: info@gf1security.com
1085 Bellamy Rd (N) Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
◆ Free Evaluation of your Property
◆ Special Packages for First Time Buyer
◆ Arrangement of Low Mortgage rate Lawyer
◆ Arrangement of Home Inspection
ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777
31 Melanie Dr. Unit #4 Brampton, ON L6T 5H8
Avtar Singh Tiwana Sales Rep.

FOR SALE
$1,279,900
Mcvean / Castlemore
3550 ਸੁਕੇਅਰ ਫੁੱਟ ਵਿੱਚ ਬਣਿਆ ਬਹੁਤ ਹੀ ਸੋਹਣਾ 4+1 ਬੈਡਰੂਮ + 5 ਵਾਸ਼ਰੂਮ ਦਾ ਡੀਟੈਚਡ, ਡਬਲ ਸਟੋਰੀ ਘਰ,9 ਫੁਟ ਸਿਲਿੰਗ,ਕਸਟਮ ਕਿਚਨ ਕੁਆਰਟਜ਼ ਕਾਉਨਟਰ ਟਾਪ ਗੈਸ ਸਟੋਵ ਅਤੇ ਬਿਲਟ ਇਨ ਓਵਨ, ਸਾਰੇ ਘਰ ਵਿੱਚ ਹਾਰਡਵੁਡ ਫਲੋਰ, ਤਾਜ਼ਾ ਅਤੇ ਪ੍ਰੋਫੈਸ਼ਨਲਜ਼ ਵਲੋਂ ਪੈਂਟ ਕੀਤਾ ਹੈ। ਮੈਨ ਫਲੋਰ ਲਾਂਡਰੀ, ਫਰੰਟ ਲਾਨ ਤੇ' ਨਵਾਂ ਘਾਹ । ਫੁੱਲੀ ਫਿਨੀਸ਼ਡ ਬੇਸਮੈਂਟ ਹੈ।

FOR SALE
Tri-City
$129,900
Darcel/Brandon Gate
ਬਹੁਤ ਹੀ ਵਧੀਆ ਲੋਕੇਸ਼ਨ ਤੇ, ਵੈਸਟ ਵੁਡ ਮਾਲ ਵਿੱਚ ਕਾਂਡੋ ਯੂਨਿਟ ਸੇਲ ਲਈ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ਤੇ ਰੈਂਟ ਬਚਾਓ।

FOR SALE
$3,249,000
Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!
Looking for Experienced:
◦ Machine Operators ◦ AZ-DZ Drivers
◦ Forklift Driver ◦ Machine Mechanic
◦ Millwright's
(905) 564-2322 | (416) 700 0011 Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

ਵਿਅੰਗ

# ਸਵਰਗਮਈ ਭਾਰਤ ਦੇ ਸਵਰਗਵਾਸੀ ਲੋਕ

ਪਰਮਜੀਤ ਸਿੰਘ ਨਿੱਕੇ ਘੁੰਮਣ

ਭਾਰਤ ਸੱਚਮੁੱਚ ਵਿਕੋਲਿਤਰੇ ਲੋਕਾਂ ਦੇ ਪ੍ਰੰਪਰਾਵਾਂ ਵਾਲਾ ਦੇਸ਼ ਹੈ। ਇਥੇ ਰਹਿਣ ਵਾਲਾ ਹਰ ਬਾਸ਼ਿੰਦਾ ਮਰਨ ਪਿੱਛੋਂ ਸਵਰਗ ਪ੍ਰਾਪਤ ਕਰਨ ਦਾ ਸੁਫਨਾ ਦੇਖਦਾ ਹੈ ਅਤੇ ਆਪਣੇ ਪੂਰੇ ਦੁਨਿਆਵੀ ਜੀਵਨ ਦੌਰਾਨ ਕੀਤੇ ਪਾਪਾਂ ਜਾਂ ਕੁਕਰਮਾਂ ਕਰ ਕੇ ਮਰਨ ਪਿੱਛੋਂ ਭਾਵੇਂ ਉਸ ਨੂੰ ਨਰਕਾਂ ਵਿੱਚ ਵੀ ਢੋਈ ਨਾ ਮਿਲਦੀ ਹੋਵੇ, ਉਸ ਦੇ ਸਕੇ-ਸੰਬੰਧੀ ਤੇ ਦੋਸਤ-ਮਿੱਤਰ ਉਸ ਨੂੰ ਸਵਰਗਵਾਸੀ ਆਖੇ ਬਗੈਰ ਰੋਟੀ ਦੀ ਬੁਰਕੀ ਸੰਘੋਂ ਹੇਠਾਂ ਨਹੀਂ ਕਰਦੇ। ਮਰਨ ਵਾਲਾ ਸ਼ਖਸ ਭਾਵੇਂ ਅੱਤ ਦਰਜੇ ਦਾ ਸ਼ਰਾਬੀ, ਜੁਆਰੀ ਜਾਂ ਆਪਣੀ ਜਨਾਨੀ ਨੂੰ ਨਿੱਤ ਤੌਣੀ ਲਾਉਣ ਵਾਲਾ ਹੋਵੇ ਜਾਂ ਉਚ ਕੋਟੀ ਦਾ ਭ੍ਰਿਸ਼ਟ ਅਫਸਰ ਬੇਈਮਾਨ ਸਿਆਸੀ ਆਗੂ ਜਾਂ ਸਿਰੇ ਦਾ ਬਲੈਕੀਆ ਹੋਵੇ, ਲੋਕ ਉਸ ਦੀ ਮੌਤ 'ਤੇ ਕਸੀਦੇ ਪੜ੍ਹਨੋਂ ਬਾਜ਼ ਨਹੀਂ ਆਉਂਦੇ ਤੇ ਸ਼ਰਧਾਂਜਲੀ ਸਮਾਗਮ ਸਮੇਂ ਉਸ ਨੂੰ 'ਸਵਰਗਵਾਸੀ' ਐਲਾਨ ਕੇ ਹੀ ਦਮ ਲੈਂਦੇ ਹਨ।

ਸਵਰਗ ਦੀ ਕਲਪਨਾ ਸਾਡੇ ਤੋਂ ਕਈ ਯੁੱਗ ਪਹਿਲਾਂ ਹੋ ਚੁੱਕੇ ਵਿਦਵਾਨਾਂ ਨੇ ਕੁਝ ਇਸ ਤਰ੍ਹਾਂ ਕੀਤੀ ਹੈ ਕਿ ਕਿਸੇ ਭਲੇਮਾਣਸ ਦਾ ਉਥੇ ਜਾਣਾ ਸੰਭਵ ਹੀ ਨਹੀਂ ਜਾਪਦਾ। ਸਾਡੇ ਸਵਰਗਵਾਸੀ ਵਿਦਵਾਨਾਂ ਅਨੁਸਾਰ ਸਵਰਗ ਵਿੱਚ ਸੋਮਰਸ ਦੇ ਪਿਆਲੇ ਤੇ ਹੂਰ-ਪਰੀਆਂ ਦਾ ਨਾਚ ਵੇਖਣ ਨੂੰ ਅਤੇ ਸੰਗ ਮਾਨਣ ਨੂੰ ਮਿਲਦਾ ਹੈ। ਉਥੇ ਹਰ ਕਿਸਮ ਦੀ ਐਸ਼ੋ-ਇਸ਼ਰਤ ਦਾ ਸਾਮਾਨ ਮੌਜੂਦ ਹੋਣ ਦੀ ਸ਼ਾਹਦੀ ਭਰੀ ਜਾਂਦੀ ਹੈ। ਜਿਸ ਸ਼ਖਸ ਨੇ ਸਾਰੀ ਉਮਰ ਸੋਮਰਸ ਨੂੰ ਛੂਹਿਆ ਵੀ ਨਾ ਹੋਵੇ, ਪਰਾਈ ਔਰਤ ਵੱਲ ਅੱਖ ਚੁੱਕ ਕੇ ਨਾ ਵੇਖਿਆ ਹੋਵੇ, ਪਰਾਇਆ ਧਨ ਕਦੇ ਖੋਹਿਆ ਨਾ ਹੋਵੇ, ਉਹ ਸਵਰਗ ਜਾ ਕੇ ਕੀ ਕਰੇਗਾ? ਸੋਮਰਸ ਅਤੇ ਹੂਰਾਂ ਦਾ ਉਸ ਨੂੰ ਕੀ ਭਾਅ? ਮੇਰਾ ਖਿਆਲ ਹੈ ਕਿ ਸਵਰਗ ਵਿਖੇ ਉਪਲਬਧ ਸੁੱਖ-ਸਹੂਲਤਾਂ ਕਾਰਨ ਕਿਸੇ ਵੀ ਭਲੇਮਾਣਸ ਇਨਸਾਨ ਨੂੰ ਸਵਰਗ ਜਾਣ ਦਾ ਕੋਈ ਹੱਕ ਨਹੀਂ ਤੇ ਉਸ ਦਾ ਉਥੇ ਜਾ ਕੇ ਜੀਅ ਨਹੀਂ ਲੱਗੇਗਾ।

ਆਪਣੇ ਦੇਸ਼ ਦੇ ਸਿਆਸੀ ਆਗੂਆਂ ਤੇ ਵੱਡੇ ਉਦਯੋਗਪਤੀਆਂ ਦੇ ਘਰੀਂ ਐਸ਼ੋ-ਇਸ਼ਰਤ ਦੇ ਸਾਧਨਾਂ ਵੱਲ ਝਾਤੀ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਉਹ ਤਾਂ ਜਿਉਂਦੇ-ਜੀਅ ਸਵਰਗ ਹੰਢਾ ਰਹੇ ਹਨ ਤੇ ਉਨ੍ਹਾਂ ਨੂੰ ਮਰ ਕੇ ਸਵਰਗ ਜਾਣ ਦੀ ਲੋੜ ਹੀ ਨਹੀਂ। ਭਾਰਤ ਦੇ ਸ਼ਾਹ, ਮੋਦੀ, ਮਾਲਿਆ, ਅਦਾਨੀ, ਅੰਬਾਨੀ ਤੇ ਟਾਟਾ-ਬਾਟਾ ਆਦਿ ਲੋਕ ਸਣੇ ਦੇਹ ਸਵਰਗਵਾਸ ਹੰਢਾ ਰਹੇ ਹਨ ਤੇ ਨਰਕ ਦਾ ਖਾਤਾ ਉਨ੍ਹਾਂ ਲੋਕਾਂ ਦਾ ਖੁੱਲ੍ਹਾ ਹੈ, ਜੋ ਇਨ੍ਹਾਂ ਦੀਆਂ ਲੂੰਬੜਚਾਲਾਂ 'ਚ ਆ ਕੇ ਇਨ੍ਹਾਂ ਤੋਂ ਵਾਰ-ਵਾਰ ਆਪਣੀ ਉਨ ਲੁਹਾਉਂਦੇ ਹਨ। ਲੋਕਾਂ ਨੂੰ ਸਿਆਸੀ ਆਗੂਆਂ ਵੱਲੋਂ ਵੋਟਾਂ ਦੇ ਸਮੇਂ ਉਨ੍ਹਾਂ ਦੇ ਪਿੰਡ ਜਾਂ ਸ਼ਹਿਰ ਨੂੰ ਸਵਰਗ ਦਾ ਨਮੂਨਾ ਬਣਾ ਦੇਣ ਦਾ ਵਾਅਦਾ ਬੜਾ ਹੁੱਬ ਕੇ ਕੀਤਾ ਜਾਂਦਾ ਹੈ, ਪਰ ਸੰਬੰਧਤ ਨੇਤਾ ਦੇ ਪੰਜ ਸਾਲ ਦੇ ਕਾਰਜਕਾਲ ਵਿੱਚ ਸਵਰਗ ਛੱਡੋ, ਸਾਧਾਰਨ ਮਾਤ-ਲੋਕ ਵਰਗੀਆਂ ਸਹੂਲਤਾਂ ਵੀ ਨਸੀਬ ਨਹੀਂ ਹੁੰਦੀਆਂ। ਲੋਕ ਸੜਕਾਂ 'ਚ ਪਏ ਟੋਇਆਂ ਤੇ ਉਨ੍ਹਾਂ ਵਿੱਚ ਬਿਰਾਜਮਾਨ ਚਿੱਕੜ ਸਾਹਿਬ ਨਾਲ ਹੀ ਗੂੜ੍ਹੀ ਸਾਂਝ ਪਾ ਲੈਂਦੇ ਹਨ ਤੇ ਸਾਲ-ਦਰ-ਸਾਲ ਉਨ੍ਹਾਂ ਟੋਇਆਂ 'ਚੋਂ ਲੰਘਦਿਆਂ ਉਹ ਆਪਣਾ ਮਨ ਤਾਂ ਪੱਕਾ ਕਰ ਲੈਂਦੇ ਹਨ, ਪਰ ਪੱਕੀ ਸੜਕ ਉਨ੍ਹਾਂ ਦੇ ਨਸੀਬਾਂ ਵਿੱਚ ਨਹੀਂ ਹੁੰਦੀ।

ਉਂਝ ਅਸਲ ਵਿੱਚ ਸਵਰਗ ਜਾਂ ਪੁੱਜੇ ਕਿਸੇ ਸ਼ਖਸ ਜਾਂ ਵਲੀ-ਅਵਤਾਰ ਨੇ ਸਵਰਗ ਦੀ ਸਾਖਿਆਤ ਤਸਵੀਰ ਪੇਸ਼ ਨਹੀਂ ਕੀਤੀ, ਪਰ ਕਿਹਾ ਜਾਂਦਾ ਹੈ ਕਿ ਜੇ ਦੁਨੀਆ ਵਿੱਚ ਕਿਧਰੇ ਸਵਰਗ ਹੈ ਤਾਂ ਕਸ਼ਮੀਰ ਵਿੱਚ ਹੈ। ਸਾਨੂੰ ਭਾਰਤ ਵਾਸੀਆਂ ਨੂੰ ਕਿਉਂਕਿ ਸਵਰਗ ਦੀਆਂ ਸਪੈਸੀਫਿਕੇਸ਼ਨਾਂ ਸਹੀ ਰੂਪ ਵਿੱਚ ਪਤਾ ਨਹੀਂ, ਇਸ ਲਈ ਅਸੀਂ ਜੰਨਤ ਆਖੇ ਜਾਂਦੇ ਕਸ਼ਮੀਰ ਨੂੰ ਆਪਣੇ ਕਰ-ਕਮਲਾਂ ਸਦਕਾ ਨਰਕ ਬਣਾ ਕੇ ਦਮ ਲਿਆ ਹੈ। ਅੱਜ ਕਸ਼ਮੀਰ ਅੱਤਵਾਦ, ਵੱਖਵਾਦ ਤੇ ਹੋਰਨਾਂ ਸਿਆਸੀ ਤਿਕੜਮਬਾਜ਼ੀਆਂ ਕਾਰਨ ਪਛਾਣ 'ਚ ਹੀ ਨਹੀਂ ਆਉਂਦਾ। ਜਿਸ ਕਸ਼ਮੀਰ ਵਿੱਚ ਬਹਾਰ ਦੇ ਮੌਸਮ ਵਿੱਚ ਫੁੱਲ ਵਰ੍ਹਦੇ ਸਨ, ਉਥੇ ਹੁਣ ਘਾਗ ਸਿਆਸੀ ਆਗੂਆਂ ਦੀਆਂ ਲੂੰਬੜ ਚਾਲਾਂ ਦੇ ਝੰਬੇ ਹੋਏ ਨੌਜਵਾਨਾਂ ਤੇ ਸਰਹੱਦ ਪਾਰ ਤੋਂ ਆਏ ਅੱਤਵਾਦੀਆਂ ਵੱਲੋਂ ਪੱਥਰ ਤੇ ਗੋਲੇ ਵਰ੍ਹਾਏ ਜਾਂਦੇ ਹਨ। ਜੇਹਾਦ ਦੇ ਨਾਂਅ 'ਤੇ ਨਫਰਤ ਦਾ ਜ਼ਹਿਰ ਫੈਲਾਇਆ ਜਾਂਦਾ ਤੇ ਲੋਕਾਂ ਦੇ ਖੂਨ ਦੀ ਹੋਲੀ ਖੇਡ ਕੇ ਰੋਜ਼ ਕਈ ਬੇਗੁਨਾਹਾਂ ਦੇ ਜਨਾਜ਼ੇ ਉਠਾ ਦਿੱਤੇ ਜਾਂਦੇ ਹਨ ਤੇ ਉਨ੍ਹਾਂ ਨੂੰ 'ਜੰਨਤ' ਅਤਾ ਕਰ ਦਿੱਤਾ ਜਾਂਦਾ ਹੈ।

ਅਸੀਂ ਤਾਂ ਜੀ ਬੱਸ ਸਵਰਗ ਦੇ ਚਾਹਵਾਨ ਹਾਂ। ਪ੍ਰਭੂ ਨਾਮ ਸਿਮਰਨ ਤੇ ਸੱਚੇ-ਸੁੱਚੇ ਜੀਵਨ ਸਦਕਾ ਜੀਵਨ ਪ੍ਰਾਪਤ ਕਰਨਾ ਸਾਨੂੰ ਟੇਢੀ ਖੀਰ ਜਾਪਦਾ ਹੈ। ਇਸ ਲਈ ਆਪਣੇ ਝੂਠ, ਬੇਈਮਾਨੀ, ਦਗਾਬਾਜ਼ੀ, ਵਿਭਚਾਰ ਤੇ ਕੁਕਰਮ ਲੁਕਾਉਣ ਲਈ ਪੂਜਾ-ਪਾਠ, ਯੱਗ-ਹਵਨ, ਦਾਨ-ਪੁੰਨ ਜਾਂ ਤੀਰਥ ਇਸ਼ਨਾਨ ਆਦਿ ਕਰ ਕੇ ਸਵਰਗ ਹਾਸਲ ਕਰਨ ਲਈ ਤੱਤਪਰ ਰਹਿੰਦੇ ਹਾਂ ਤੇ ਅਜਿਹੇ ਬਾਬਿਆਂ ਜਾਂ ਅਖੌਤੀ ਸੰਤਾ-ਮਹਾਪੁਰਸ਼ਾਂ ਦੇ ਚਰਨਾਂ ਵਿੱਚ ਜਾ ਢਹਿੰਦੇ ਹਾਂ, ਜੋ ਸਾਨੂੰ ਜਿਊਂਦੇ-ਜੀਅ ਸਵਰਗ ਦੇ ਨਜ਼ਾਰੇ ਵਿਖਾਉਣ ਦਾ ਝਾਂਸਾ ਦੇ ਕੇ ਸਾਡਾ ਰੁਪਿਆ ਪੈਸਾ, ਜ਼ਮੀਨ, ਜਾਇਦਾਦ ਅਤੇ ਏਥੋਂ ਤੱਕ ਕਿ ਸਾਡੀਆਂ ਕੁਆਰੀਆਂ ਧੀਆਂ-ਭੈਣਾਂ ਨੂੰ ਵੀ ਆਪਣੇ ਕਬਜ਼ੇ ਵਿੱਚ ਲੈ ਲੈਂਦੇ ਹਨ ਅਤੇ ਉਨ੍ਹਾਂ ਨਾਲ ਦੁਸ਼ਕਰਮ ਕਰ ਕੇ ਉਨ੍ਹਾਂ ਨੂੰ ਆਪਣੇ ਆਸ਼ਰਮਾਂ 'ਚ ਹੀ ਮਾਰ-ਮੁਕਾ ਕੇ ਮਿੱਟੀ ਹੇਠ ਦੱਬ ਦਿੰਦੇ ਹਨ।

ਸਾਨੂੰ ਬਚਪਨ ਤੋਂ ਸਿਖਾਇਆ ਤੇ ਪੜ੍ਹਾਇਆ ਜਾਂਦਾ ਹੈ ਕਿ ਸਵਰਗ ਦੀ ਪ੍ਰਾਪਤੀ ਹੀ ਜੀਵਨ ਦਾ ਮੂਲ ਮੰਤਵ ਹੈ ਤੇ ਸਾਰਾ ਜੀਵਨ ਜੋ ਮਰਜ਼ੀ ਕਰੀਏ, ਬੁਢਾਪੇ ਵਿੱਚ ਆ ਕੇ ਭਗਤੀ ਕਰਨੀ ਸਾਡੇ ਲਈ ਲਾਜ਼ਮੀ ਸਮਝੀ ਜਾਂਦੀ ਹੈ। ਹਰ ਧਰਮ, ਹਰ ਮਜ਼੍ਹਬ ਵਿੱਚ ਸਵਰਗ ਦੇ ਠੇਕੇਦਾਰ ਮੌਜੂਦ ਹਨ, ਜੋ ਆਪੋ-ਆਪਣੇ ਕਰਮ ਕਾਂਡਾਂ ਰਾਹੀਂ ਸਵਰਗ ਪ੍ਰਾਪਤੀ ਦੇ ਮਾਰਗ ਦੱਸਦੇ ਹਨ ਤੇ ਕਈ ਧਰਮ ਅਸਥਾਨ ਤਾਂ ਸਵਰਗ ਦੀ ਸੀਟ ਦੀ ਬੁਕਿੰਗ ਦਾ ਸਰਟੀਫਿਕੇਟ ਵੀ ਦੇ ਦੇਂਦੇ ਹਨ। ਮੁੱਕਦੀ ਗੱਲ ਕਿ ਸਾਰੇ ਭਾਰਤਵਾਸੀ ਇਹ ਮੰਨੀ ਬੈਠੇ ਹਨ ਕਿ ਸਵਰਗ ਉਨ੍ਹਾਂ ਦੀ ਜਾਗੀਰ ਹੈ ਤੇ ਉਨ੍ਹਾਂ ਦਾ ਸਵਰਗ 'ਤੇ ਪਹਿਲਾ ਹੱਕ ਹੈ।

ਇਸ ਲਈ ਹਰ ਭਾਰਤੀ ਬਾਸ਼ਿੰਦੇ ਦੀ ਮੌਤ ਤੋਂ ਬਾਅਦ ਉਸ ਦੇ ਸਕੇ-ਸੰਬੰਧੀ ਤੇ ਦੋਸਤ-ਮਿੱਤਰ ਉਸ ਨੂੰ ਸਵਰਗ ਦਾ ਵਾਸੀ ਹੋਣ ਦਾ ਸਰਟੀਫਿਕੇਟ ਜਾਰੀ ਕਰਨਾ ਨਹੀਂ ਭੁੱਲਦੇ ਤੇ ਕੋਈ ਅਤਿਕਥਨੀ ਨਹੀਂ ਕਿ ਸਵਰਗ ਦੀ ਆਬਾਦੀ ਵਿੱਚ ਭਰਾਤੀਆਂ ਦਾ ਸ਼ਤ-ਪ੍ਰਤੀਸ਼ਤ ਰਾਖਵਾਂਕਰਨ ਵੀ ਉਪਲਬਧ ਹੋਵੇਗਾ।

# ਲੋਕ ਗੀਤਾਂ ਦੇ ਅੰਦਰਲਾ ਸੱਚ

-ਧਿਆਨ ਸਿੰਘ ਸ਼ਾਹ ਸਿਕੰਦਰ

ਲੋਕ-ਗੀਤ ਦਿਲਾਂ ਦੀ ਧੜਕਣ ਹੁੰਦੇ ਹਨ। ਲੋਕ-ਗੀਤ ਮਨਾਂ ਦਾ ਪ੍ਰਗਟਾਵਾ ਹੁੰਦੇ ਹਨ। ਲੋਕ-ਗੀਤ ਢਿੱਡਾਂ ਵਿਚਲਾ ਸੱਚ ਹੁੰਦੇ ਹਨ। ਲੋਕ-ਗੀਤ ਸਮਿਆਂ ਦਾ ਦਰਪਣ ਹੁੰਦੇ ਹਨ। ਲੋਕ-ਗੀਤ ਸਾਂਝੀ ਲੋਕ-ਪੀੜਾ ਹੁੰਦੇ ਹਨ। ਲੋਕ-ਗੀਤ ਸੱਚਾ ਤੇ ਸੁੱਚਾ ਇਤਿਹਾਸ ਹੁੰਦੇ ਹਨ। ਲੋਕ-ਗੀਤ ਜੀਵੇ ਗਏ ਜੀਵਨ ਦਾ ਅਸਲ ਹੁੰਦੇ ਹਨ। ਲੋਕ-ਗੀਤ ਪਰਤ-ਦਰ-ਪਰਤ ਡੂੰਘੀਆ ਤਹਿਆਂ ਸਮੋਈ ਬੈਠੇ ਹੁੰਦੇ ਹਨ।

ਲੋਕ-ਗੀਤਾਂ ਨੂੰ ਅਸੀਂ ਗਾਉਂਦੇ ਹਾਂ, ਸੁਣਦੇ ਹਾਂ, ਸੁਣ ਕੇ ਝੂਮਦੇ ਹਾਂ, ਨੱਚਦੇ ਹਾਂ, ਗੁਣਗੁਣਾਉਂਦੇ ਹਾਂ, ਪਰ ਉਨ੍ਹਾਂ ਦੇ ਧੁਰ ਅੰਦਰ ਛੁਪੀ ਵੇਦਨਾ-ਸੰਵੇਦਨਾ ਤੱਕ ਘੱਟ-ਵੱਧ ਹੀ ਪੁੱਜਦੇ ਹਾਂ। ਲੋਕ-ਗੀਤਾਂ ਨੂੰ ਅਸੀਂ ਪਿਆਰਦੇ ਹਾਂ, ਪਰ ਉਨ੍ਹਾਂ ਹੇਠ ਛੁਪੇ ਸਮਿਆਂ ਦੇ ਸੱਚ ਨੂੰ ਕਦੇ ਨਹੀਂ ਵਿਚਾਰਦੇ। ਜੇ ਅਸੀਂ ਲੋਕ-ਗੀਤਾਂ ਦੀ ਗਹਿਰਾਈ ਤੱਕ ਪਹੁੰਚ ਸਕੀਏ ਤਾਂ ਉਹ ਸਾਡੇ ਲਈ ਅਨੋਖਾ ਆਨੰਦੀ ਹੁਲਾਰਾ ਬਣ ਜਾਂਦੇ ਹਨ। ਕੁਝ ਉਦਾਹਰਣਾਂ ਹਾਜ਼ਰ ਹਨ :

ਜੱਟੀ ਹੱਟ 'ਤੇ ਸ਼ਰਾਬਣ ਹੋਈ,
ਸੱਪ-ਰੰਗੀ ਛੀਂਟ ਵੇਖ ਕੇ।

ਇਹ ਲੋਕ-ਬੋਲੀ ਆਪਣੇ ਆਪ ਵਿੱਚ ਇੱਕ ਸੰਸਾਰ ਸਮੋਈ ਬੈਠੇ ਹੈ। ਜੱਟੀ, ਜੋ ਸਾਰਾ-ਸਾਰਾ ਵਰ੍ਹਾ ਕਰੜੀ ਘਾਲਣਾ ਕਰਦੀ ਹੈ, ਨਰਮਾ-ਕਪਾਹ ਚੁਗਦੀ, ਤੁੰਬਦੀ, ਛੰਡਦੀ, ਵੇਲਦੀ, ਕੱਤਦੀ, ਅਟੇਰਦੀ ਰਹੀ, ਉਹਦਾ ਪਹਿਨਣ-ਪੱਚਰਨ ਦਾ ਸ਼ੌਕ ਫਿਰ ਵੀ ਪੂਰਾ ਨਹੀਂ ਹੁੰਦਾ। ਸਾਡੀ ਅਰਥ ਵਿਵਸਥਾ ਹੀ ਅਜਿਹੀ ਹੈ। ਇਹ ਅਰਥ ਵਿਵਸਥਾ 'ਤੇ ਬੜਾ ਵੱਡਾ ਕਟਾਖਸ਼ ਹੈ। ਕੱਪੜੇ ਦੀ ਹੱਟੀ 'ਤੇ ਸੋਹਣੀ ਛੀਂਟ ਅਤੇ ਉਹ ਵੀ ਸੱਪ-ਰੰਗੀ! ਡੰਗ ਜਾਂਦੀ ਹੈ ਉਸ ਜੱਟੀ ਦੇ ਹਿਰਦੇ ਨੂੰ, ਉਸ ਦੀ ਪਹਿਨਣ ਰੀਝ ਨੂੰ ਅਤੇ ਉਹ ਮਦ-ਮਸਤ ਹੋ ਜਾਂਦੀ ਹੈ ਛੀਂਟ ਦੇ ਰੰਗਾਂ 'ਤੇ ਹੀ।



ਖਚਰਾ ਹਟਵਾਣੀਆਂ ਜੱਟੀ ਦੀ ਇਸ ਕਮਜ਼ੋਰੀ ਨੂੰ ਭਲੀ-ਭਾਂਤ ਜਾਣਦਾ ਹੈ। ਉਹ ਉਹਦੀ ਇਸ ਕਮਜ਼ੋਰੀ ਦਾ ਸੋਸ਼ਣ ਕਰਨਾ ਵੀ ਜਾਣਦਾ ਹੈ। ਉਹਦਾ ਇਹ ਵਪਾਰ ਹੈ। ਉਹਦੀ ਕਮਾਈ ਦਾ ਇਹ ਹੁਨਰ ਹੈ। ਹੁਨਰ ਕਮਾਲ ਦਾ ਹੈ। ਕਿਵੇਂ ਉਹਨੇ ਫਟਾਕਾ ਮਾਰ ਕੇ ਥਾਨ ਖਿਲਾਰਿਆ ਹੋਵੇਗਾ, ਭਖ ਪੈਂਦੀ ਜਵਾਨੀ ਸਾਹਮਣੇ। ਆਤਮ ਵਿਸ਼ਵਾਸ ਦੀ ਭਰੀ, ਗਰਬ ਦੀ ਭਰੀ, ਜਬ੍ਹੇ ਦੀ ਭਰੀ ਜੱਟੀ ਕਿਵੇਂ ਹਾਰ ਗਈ ਹੋਵੇਗੀ ਆਪਣੇ ਸ਼ੌਕ ਦੇ ਸਾਹਵੇਂ। ਮਨਮੋਹਕ ਰੰਗਾਂ ਦੀ ਛੀਂਟ ਸਾਹਵੇਂ। ਪਲੋ-ਪਲੀ ਖਰੀਦਾਰ ਬਣ ਗਈ ਹੋਵੇਗੀ, ਭਾਵੇਂ ਕਰਜ਼ਾਈ ਹੋ ਕੇ ਹੀ ਸਹੀ।

ਕਿੱਡਾ ਵੱਡਾ ਮਨੋ-ਵਿਗਿਆਨਕ ਪਹਿਲੂ ਛੋਹ ਗਈ ਹੈ ਇਹ ਇੱਕੋ ਸਤਰ! ਜੱਟੀ ਦਾ ਮਨੋਵਿਗਿਆਨ, ਹਟਵਾਣੀਏ ਦਾ ਮਨੋਵਿਗਿਆਨ, ਸਾਰੀ ਸਮਾਜਕ ਵਿਵਸਥਾ ਦਾ ਮਨੋਵਿਗਿਆਨ। ਤੇ ਫਿਰ ਸਮਿਆਂ ਦਾ ਸੱਚ, ਇੱਕ ਸੱਚਾ ਇਤਿਹਾਸ- ਘਰਾਂ, ਸਮਾਜਾਂ, ਰਾਜਾਂ, ਆਰਥਿਕ ਸਥਿਤੀਆਂ, ਕੱਪੜੇ ਦੀ ਕਿੱਲਤ ਦੇ ਵਕਤਾਂ ਦਾ। ...ਤੇ ਬੜਾ ਕੁਝ ਹੋਰ। ਜਿੰਨਾ ਵਿਚਾਰੋ, ਓਨਾ ਹੀ ਹੋਰ ਡੂੰਘੇਰਾ, ਓਨਾ ਹੀ ਹੋਰ ਮਿੱਠਾ, ਓਨਾ ਹੀ ਹੋਰ ਵਧੇਰੇ ਮਾਨਣਯੋਗ।

***

ਮਿੱਟੀ ਦਾ ਬਾਵਾ ਬਣਾਉਨੀ ਆਂ,
ਝੱਗਾ ਪਾਉਂਨੀ ਆਂ,
ਉਤੇ ਦੇਨੀ ਆਂ ਖੇਸੀ
ਨਾ ਰੋ ਮਿੱਟੀ ਦਿਆ ਬਾਵਿਆ,
ਵੇ ਤੇਰਾ ਪਿਓ ਪਰਦੇਸੀ।

ਇਥੇ ਵੀ ਗੱਲ ਧੁਰ ਕਲੇਜੇ ਵੱਜਦੀ ਹੈ। ਦਰਦ ਨਵ ਵਿਆਹੀ ਮੁਟਿਆਰ ਦਾ, ਜੀਹਦਾ ਗੱਭਰੂ (ਪਤੀ) ਲਾਮ ਉਤੇ ਚਲਾ ਗਿਆ ਜਾਂ ਪਰਦੇਸ ਚਲਾ ਗਿਆ ਕਮਾਈ ਕਰਨ। ਚਲਾ ਗਿਆ ਇਕੱਲੀ ਨੂੰ ਛੱਡ ਕੇ। ਉਹਦੀਆਂ ਰੀਝਾਂ, ਮੁਹੱਬਤਾਂ ਸਭ ਅਧ-ਵਾਟੇ ਰਹਿ ਗਈਆਂ, ਅਧੂਰੀਆਂ। ਔਰਤ ਜ਼ਾਤ ਮਮਤਾ ਦੀ ਮੂਰਤ ਹੁੰਦੀ ਹੈ। ਇੱਕ ਨਿੱਕੀ ਜਿਹੀ ਬੱਚੀ ਦੇ ਹਿਰਦੇ ਵਿੱਚ ਵੀ ਮਾਂ ਬੈਠੀ ਹੁੰਦੀ ਹੈ। ਹਰ ਮੁਟਿਆਰ ਮਾਂ ਬਣਨਾ ਲੋਚਦੀ ਹੈ। ਇਸ ਲੋਚਾ, ਇਸ ਮਾਂ-ਪੁਣੇ ਦੀ ਮੂਲ ਪ੍ਰਵਿਰਤੀ ਦੇ ਕਾਰਨ ਹੀ ਇਸ਼ਕ ਮੁਹੱਬਤ ਜਾਗਦੀ ਹੈ, ਕਾਮ ਇੱਛਾ ਜਾਗਦੀ ਹੈ, ਮਮਤਾ ਜਾਗਦੀ ਹੈ ਤੇ ਹਰ ਵਿਆਹੀ ਵਰ੍ਹੀ ਮੁਟਿਆਰ ਲਈ ਇਹ ਸਾਰੀਆਂ ਭਾਵਨਾਵਾਂ ਹੱਕ-ਬਜਾਨਬ ਹਨ।

ਇਨ੍ਹਾਂ ਸਤਰਾਂ ਵਿੱਚ ਨਵ-ਵਿਆਹੀ ਮੁਟਿਆਰ ਦੇ ਬਿਰਹੇ ਦੀ ਡੂੰਘੀ ਚੀਸ ਹੈ, ਮਿਲਾਪ ਦੀ ਤਾਂਘ ਲਈ ਅੰਬਰ ਚੀਰਵੀਂ ਹੂਕ ਹੈ, ਪਰ ਓਧਰ ਇੱਕ ਪਰਵਾਰਕ ਮਜਬੂਰੀ ਹੈ, ਅਰਥ ਵਿਵਸਥਾ ਦੀ ਤਸਵੀਰ ਹੈ, ਸਮਿਆਂ ਦਾ ਇਤਿਹਾਸ ਹੈ। ਗੀਤ ਦੀ ਅਦਾਇਗੀ ਵਿੱਚ ਅਭਿਨੈ ਹੈ, ਕਾਵਿਕ ਨਾਟਕੀਅਤਾ ਤੇ ਮਨ ਦੀ ਤਸੱਲੀ ਵੀ ਹੈ।

ਮਿੱਟੀ ਦਾ ਬਾਵਾ ਨਾ ਬੋਲਦਾ, ਨਾ ਚਾਲਦਾ, ਨਾ ਹੁੰਗਾਰਾ ਦਿੰਦਾ ਹੈ, ਪਰ ਰੋਂਦਾ ਜ਼ਰੂਰੀ ਹੈ। ਕਿੰਨਾ ਗਹਿਰਾ ਰੁਦਨ ਹੈ। ਕਿੰਨੀ ਡੂੰਘੀ ਪੀੜ ਹੈ, ਕਲੇਜਾ ਚੀਰਵੀਂ ਪੀੜ। ਹਿਰਦੇ ਵਿੱਚ ਬੈਠੀ ਮਮਤਾ ਨੂੰ ਜਿਊਂਦਾ ਜਾਗਦਾ ਬਾਵਾ ਲੋੜੀਂਦਾ ਹੈ, ਜੋ ਬੋਲਦਾ ਚਾਲਦਾ, ਬੁੱਲ੍ਹੀਆਂ ਟੇਰਦਾ, ਲੱਤਾਂ-ਬਾਹਾਂ ਮਾਰਦਾ, ਹੁੰਗਾਰੇ ਭਰਦਾ, ਉਛਲ ਉਛਲ ਪੈਂਦਾ, ਗਲ ਨੂੰ ਚੰਬੜਦਾ, ਸੌ ਸੌ ਖੇਖਣ ਕਰਦਾ, ਸੀਨੇ ਠੰਢ ਪਾਉਂਦਾ, ਮਾਂ ਦੀ ਮਮਤਾ ਨੂੰ ਤ੍ਰਿਪਤ ਕਰਦਾ ਹੋਵੇ।

ਮਿੱਟੀ ਦਾ ਬਾਵਾ ਤਾਂ ਬੱਸ ਝੂਠਾ ਜਿਹਾ ਮਨ ਦਾ ਠੁੰਮਣਾ ਹੀ ਬਣ ਕੇ ਰਹਿ ਜਾਂਦਾ ਹੈ, ਅਸਲ ਦੀ ਨਕਲ। ਤੇ ਗੀਤ ਇੱਕ ਵਿਛੋੜੇ ਦਾ ਦਰਦ, ਬਿਰਹੇ ਦੀ ਚੀਸ, ਦੱਬਿਆ ਘੁੱਟਿਆ ਰੁਦਨ ਤੇ ਇੱਕ ਸੁੱਚੀ ਚਾਹਤ ਦੇ ਜਾਂਦਾ ਹੈ।

***

ਖੂਹੇ 'ਤੇ ਪਾਣੀ ਭਰੇਂਦੀਏ ਮੁਟਿਆਰੇ ਨੀ।
ਘੁੱਟ ਕੁ ਪਾਣੀ ਪਿਲਾ ਬਾਂਕੀਏ ਨਾਰੇ ਨੀ।

ਘੁੱਟ ਕੁ ਪਾਣੀ ਨੂੰ ਤਰਸਦੀ, ਲਾਮ ਤੋਂ ਮੁੜੇ, ਥੱਕੇ ਟੁੱਟੇ ਫੌਜੀ ਦੀ ਰੂਹ-ਲੰਮੇ ਵਿਯੋਗ ਪਿੱਛੋਂ ਮਿਲਣ-ਸਿੱਕ ਦਾ ਇੱਕ ਤਰਲਾ, ਆਪਣਿਆਂ ਨੂੰ ਗਲੇ ਮਿਲਣ ਦੀ ਚਾਹਤ। ਮੁਟਿਆਰ, ਬਾਂਕੀ ਨਾਰ ਦਾ ਸਦਾਚਾਰ ਕਿਸੇ ਓਪਰੇ ਮਰਦ ਸਿਰ ਅਹਿਸਾਨ ਕਰ ਕੇ ਕੋਈ ਨਵਾਂ ਪੁਆੜਾ ਨਹੀਂ ਸਹੇੜਨਾ ਚਾਹੁੰਦਾ। ਸਮਾਜਕ ਬੰਦਸ਼ਾਂ, ਰਹੁ ਰੀਤਾਂ ਦੀ ਪਵਿੱਤਰ ਦੀਵਾਰ ਬੜੀ ਉੱਚੀ ਹੈ।

ਆਪਣਾ ਭਰਿਆ ਨਾ ਦਿਆਂ ਸਿਪਾਹੀਆ ਵੇ
ਲੱਜ ਪਈ ਭਰ ਪੀ, ਕਿ ਮੈਂ ਤੇਰੀ ਮਹਿਰਮਾ ਨਾ।

ਝੇੜੇ ਝਗੜਦਿਆਂ, ਰੇੜਕੇ ਰਿੜਕਦਿਆਂ ਆਖਰਕਾਰ ਪਛਾਣ ਹੋ ਹੀ ਜਾਂਦੀ ਹੈ। ਵੇਦਨਾ ਕਿੰਨੀ ਗਹਿਰੀ ਹੈ-

ਨਿੱਕੀ ਹੁੰਦੀ ਨੂੰ ਛੱਡ ਗਇਓਂ ਸਿਪਾਹੀਆ ਵੇ
ਹੁਣ ਹੋਈ ਮੁਟਿਆਰ ਤੇ ਮੈਂ ਤੇਰੀ ਮਹਿਰਮ ਹੋਈ।

ਪੁਰਾਣੇ ਵੇਲਿਆਂ ਦੀ ਬਾਤ ਹੈ, ਪੁਰਾਣਾ ਇਤਿਹਾਸ ਹੈ, ਪੁਰਾਣੇ ਸਮਾਜਕ ਰਿਵਾਜ, ਨਿੱਕੀਆਂ ਨਿੱਕੀਆਂ ਮਾਸੂਮ ਬਾਲੜੀਆਂ ਦੇ ਵਿਆਹ, ਸਹੁਰੇ ਘਰ ਦਾ ਗੋਲਪੁਣਾ ਕਰਦੀ ਬਾਲ-ਵਧੂ ਦਾ ਸੰਤਾਪ, ਪਤੀ ਦਾ ਲਾਮ ਉਤੇ ਚਲੇ ਜਾਣ ਦੀ ਮਜਬੂਰੀ, ਵਹੁਟੀ ਨੂੰ ਆਪਣੇ ਲਾੜੇ ਦੀ ਪਛਾਣ ਤੱਕ ਨਾ ਰਹਿਣੀ, ਤੇ ਫਿਰ ਭਰ ਜਵਾਨ ਮੁਟਿਆਰ ਦਾ ਆਪਣੇ ਪਤੀ ਨਾਲ ਅਚਨਚੇਤੀ ਮਿਲਾਪ। ਉਹ ਵੀ ਖੂਹ ਉਤੇ, ਇੱਕ ਮੌਕਾ ਮੇਲ। ਭਰ ਜਵਾਨ ਮੁਟਿਆਰ ਦਾ ਸਹਿਕਦਾ ਸਬਰ ਸੰਤੋਖ ਤੇ ਸਬਰ ਸੰਤੋਖ ਦੀ ਤਹਿ 'ਤੇ ਵਿਛੋੜੇ ਦਾ ਹੇਰਵਾ। ਮਹਿਰਮਾ ਨਾ ਹੋਣ ਤੋਂ ਮਹਿਰਮ ਹੋਣ ਦਾ ਸਫਰ-ਕਿੰਨਾ ਹੀ ਕੁਝ ਸਾਂਭੀ ਬੈਠਾ ਹੈ ਇਹ ਗੀਤ। ਉਹ ਇਤਿਹਾਸ, ਜੋ ਇਤਿਹਾਸਕਾਰਾਂ ਨੇ ਨਾ ਕਦੇ ਲਿਖਿਆ, ਨਾ ਕਦੇ ਲਿਖ ਸਕਣਾ ਹੈ। ਇਤਿਹਾਸ ਰਾਜਿਆਂ ਰਜਵਾੜਿਆਂ ਦਾ ਲਿਖਿਆ ਜਾਂਦਾ ਹੈ, ਜੰਗਾਂ-ਯੁੱਧਾਂ ਦਾ, ਜਿੱਤਾਂ ਹਾਰਾਂ ਦਾ। ਇਤਿਹਾਸ ਤਾਂ ਵੱਡੇ ਲੋਕਾਂ ਦਾ ਲਿਖਿਆ ਜਾਂਦਾ ਹੈ- ਨਿਮਾਣੀਆਂ ਰੂਹਾਂ ਵਿੱਚ ਕਲਵਲ ਹੁੰਦੇ ਜਜ਼ਬਿਆਂ ਦਾ ਇਤਿਹਾਸ ਕਿਹੜਾ ਇਤਿਹਾਸਕਾਰ ਲਿਖੇਗਾ।

***

ਫੁਲੜੀਏ ਧਰੇਕੇ, ਇੱਕ ਫੁੱਲ ਮੈਨੂੰ ਦੇ
ਮੈਂ ਵੀ ਜਾਣਾ ਪੇਕੇ, ਇੱਕ ਫੁੱਲ ਮੈਨੂੰ ਦੇ।

ਰੱਬ, ਗੁਰ ਪੀਰ, ਦੇਵੀ ਦੇਵਤਿਆਂ ਤੋਂ ਸਭ ਲੋਕ ਮੰਗਾਂ ਮਗਦੇ ਤੇ ਮੰਨਤਾਂ ਮੰਨਦੇ ਹਨ, ਪਰ ਰੁੱਖਾਂ ਬੂਟਿਆਂ, ਕਾਵਾਂ-ਕਬੂਤਰਾਂ, ਚਿੜੀਆਂ ਤੇ ਘੁੱਗੀਆਂ ਤੋਂ ਲੋਕ ਗੀਤ ਮੰਨਤਾਂ ਮੰਗਦੇ ਹਨ। ਇਥੇ ਫੁੱਲਾਂ ਲੱਦੀ ਧਰੇਕ ਅੱਗੇ ਅਰਜੋਈ ਹੈ। ਖਿੜੀ ਪੁੜੀ ਧਰੇਕ ਵੀ ਪੇਕੇ ਪੁੱਜੀ ਵਿਆਹੁਤਾ ਦਾ ਚਿੰਨ੍ਹ ਬਣ ਜਾਂਦੀ ਹੈ। ਫੁੱਲਾਂ ਨਾਲ ਲੱਦੀ ਧਰੇਕ ਪ੍ਰਸੰਨਤਾ ਦੀ ਸਿਖਰ ਹੈ, ਪ੍ਰਾਪਤੀ ਦਾ ਰੂਪ ਹੈ। ਸਹੁਰੇ ਵੱਸਦੀ ਮੁਟਿਆਰ ਨੇ ਪੇਕੇ ਘਰ ਜਾਣਾ ਹੈ। ਗੋਦ ਵਿੱਚ ਖਿੜ ਖਿੜ ਕਰਦਾ ਇੱਕ ਫੁੱਲ ਹੋਵੇ, ਪੇਕੇ ਘਰ ਘਰਦਿਆਂ, ਸਖੀਆਂ ਸਹੇਲੀਆਂ ਨੂੰ ਆਪਣੀ ਪ੍ਰਾਪਤੀ ਦੀ ਖੁਸ਼ੀ ਵਿੱਚ ਭਾਈਵਾਲ ਬਣਾਉਣ ਲਈ, ਆਪਣੇ ਮੁਕੰਮਲ ਹੋ ਜਾਣ ਦੇ ਸਬੂਤ ਲਈ। ਔਰਤ ਜਾਨ 'ਤੇ ਖੇਡ ਕੇ ਮਾਂ ਬਣਦੀ ਹੈ, ਪਰ ਉਹ ਮਾਂ ਬਣ ਕੇ ਮੁਕੰਮਲ ਹੋਈ ਅਨੁਭਵ ਕਰਦੀ ਹੈ। 'ਫੁੱਲੜੀ' ਮੁਕੰਮਲ ਹੋਣ ਦੀ ਲੋੜ, ਮਮਤਾ ਦੀ ਤ੍ਰਿਪਤੀ ਦੀ ਇੱਛਾ, ਧਰੇਕ ਵਾਂਗ ਹੀ ਸੁਗੰਧੀਆਂ ਤੇ ਖੇੜਿਆਂ ਭਰਿਆ ਆਪਾ ਲੈ ਕੇ ਪੇਕੇ ਘਰ ਪਰਤਣਾ, ਰੱਬ ਬਣ ਜਾਣ ਵਰਗਾ ਕਰਤਾਰੀ ਸਵੈ-ਮਾਣ ਨਿੱਕੇ ਜਿਹੇ ਗੀਤ ਵਿੱਚ ਕਿੱਡੀ ਵੱਡੀ ਗੱਲ ਹੈ।

ਇਨ੍ਹਾਂ ਗੱਲਾਂ ਦਾ ਕੋਈ ਅੰਤ ਨਹੀਂ। ਖਜ਼ਾਨਾ ਹਨ ਸਾਡੇ ਲੋਕ-ਗੀਤ।

# 'ਮਾਂ ਦਾ ਲਾਡਲਾ' ਵਾਲੀ ਮਾਨਸਿਕਤਾ ਤੋਂ ਸਮਾਜ ਹੁਣ ਉਪਰ ਉਠੇ

-ਦੇਵੀ ਚੇਰੀਅਨ-

ਇੱਕ ਵਾਰ ਫਿਰ ਪੂਰਾ ਦੇਸ਼ ਹਰਿਆਣਾ ਵਿੱਚ ਹੋ ਰਹੇ ਕਤਲਾਂ ਅਤੇ ਬਲਾਤਕਾਰ ਦੀਆਂ ਘਟਨਾਵਾਂ ਕਾਰਨ ਸਦਮੇ ਵਿੱਚ ਹੈ। ਇੱਕ ਮਹੀਨੇ ਵਿੱਚ ਹੀ ਸੂਬੇ 'ਚ ਅਜਿਹੇ ਕੇਸਾ ਵਿੱਚ ਇੰਨਾ ਜ਼ਿਆਦਾ ਵਾਧਾ ਹੋਇਆ ਹੈ ਕਿ ਪੂਰੇ ਦੇਸ਼ ਨੂੰ ਇਸ ਨਾਲ ਝਟਕਾ ਲੱਗਾ ਹੈ। ਹੋ ਸਕਦਾ ਹੈ ਇਹ ਅਜਿਹੇ ਮਾਮਲੇ ਹੋਣ, ਜਿਨ੍ਹਾਂ ਦੀਆਂ ਖਬਰਾਂ ਮੀਡੀਆ ਵਿੱਚ ਆ ਗਈਆਂ, ਪਰ ਮੈਂ ਯਕੀਨ ਨਾਲ ਕਹਿ ਸਕਦੀ ਹਾਂ ਕਿ ਪੂਰੇ ਦੇਸ਼ ਵਿੱਚ ਬਲਾਤਕਾਰ ਦੀਆਂ ਘਟਨਾਵਾਂ ਹੋ ਰਹੀਆਂ ਹਨ।

ਛੋਟੀਆਂ-ਛੋਟੀਆਂ ਨਾਲ ਸਮੂਹਿਕ ਬਲਾਤਕਾਰ ਕਰਨ ਵਾਲੇ ਇਨ੍ਹਾਂ ਅਪਰਾਧੀਆਂ ਦੀਆਂ ਕਹਾਣੀਆਂ ਭਿਆਨਕ ਤਾਂ ਹਨ, ਪਰ ਇਹ ਸਿਰਫ ਕਾਮ ਵਾਸਨਾ ਦੀ ਸੰਤੁਸ਼ਟੀ ਦਾ ਪ੍ਰਤੀਕ ਨਹੀਂ, ਸਗੋਂ ਵਿਗੜੀ ਯੌਨ ਮਾਨਸਿਕਤਾ ਵੱਲ ਵੀ ਇਸ਼ਾਰਾ ਕਰਦੀਆਂ ਹਨ। ਇਹ ਤਾਂ ਸਪੱਸ਼ਟ ਹੈ ਕਿ ਜਿਸ ਸੂਬੇ ਵਿੱਚ ਅਜਿਹੀਆਂ ਘਟਨਾਵਾਂ ਹੁੰਦੀਆਂ ਹਨ, ਉਸ ਦੇ ਮੁਖੀ ਨੂੰ ਕਈ ਸਵਾਲਾਂ ਦੇ ਜਵਾਬ ਦੇਣੇ ਪੈਂਦੇ ਹਨ, ਪਰ ਜਿਸ ਸਮਾਜ ਵਿੱਚ ਅਸੀਂ ਰਹਿੰਦੇ ਹਾਂ, ਉਸ ਨੂੰ ਵੀ ਨੀਂਦ ਤੋਂ ਜਾਗਣ ਦੀ ਲੋੜ ਹੈ।

ਮੈਨੂੰ ਸਮਝ ਨਹੀਂ ਆ ਰਹੀ ਕਿ ਜਦੋਂ ਪਿੰਡਾਂ, ਕਸਬਿਆਂ ਤੇ ਸ਼ਹਿਰਾਂ ਵਿੱਚ ਹਰ ਜਗ੍ਹਾ ਅਜਿਹੀਆਂ ਘਟਨਾਵਾਂ ਵੱਡੀ ਗਿਣਤੀ ਵਿੱਚ ਵਾਪਰ ਰਹੀਆਂ ਹਨ, ਉਦੋਂ ਵੀ ਪੁਲਸ ਦੀ ਨਜ਼ਰ ਇਸ ਪਾਸੇ ਕਿਉਂ ਨਹੀਂ ਜਾਂਦੀ? ਪੁਲਸ ਵੱਲੋਂ ਵੀ ਲੋਕਾਂ ਨੂੰ ਹੰਗਾਮੀ ਸਥਿਤੀਆਂ ਵਿੱਚ ਫੋਨ ਕਾਲਜ਼ ਕਰ ਕੇ ਇਹ ਦੱਸਿਆ ਜਾਣਾ ਜ਼ਰੂਰੀ ਹੈ ਕਿ ਉਹ ਆਂਢ-ਗੁਆਂਢ ਵਿੱਚ ਇੱਕ ਦੂਜੇ ਦੇ ਬੱਚਿਆਂ ਪ੍ਰਤੀ ਜ਼ਿੰਮੇਵਾਰੀ ਦੀ ਭਾਵਨਾ ਦਿਖਾਉਣ। ਇਸ ਕੰਮ ਲਈ ਸਮਾਜ ਨੂੰ ਉਠਣਾ ਪਵੇਗਾ ਅਤੇ ਜਿੱਥੇ ਵੀ ਲੋਕਾਂ ਨੂੰ ਕਿਸੇ ਅਜਿਹੇ ਭਿਆਨਕ ਅਪਰਾਧ ਦੀ ਸੰਭਾਵਨਾ ਨਜ਼ਰ ਆਵੇ, ਉਥੇ ਉਨ੍ਹਾਂ ਨੂੰ ਆਪਣੀਆਂ ਅੱਖਾਂ ਖੁੱਲ੍ਹੀਆਂ ਰੱਖਦਿਆਂ ਬੜੀ ਸਾਵਧਾਨੀ ਨਾਲ ਨਿਗਰਾਨੀ ਕਰਨੀ ਪਵੇਗੀ।

ਕੋਈ ਘਿਨਾਉਣੇ ਅਪਰਾਧ ਕਰਨ ਵਾਲਾ ਕੋਈ ਵੀ ਹੋ ਸਕਦਾ ਹੈ, ਇਸ ਲਈ ਸਾਨੂੰ ਜਾਗਰੂਕ ਨਾਗਰਿਕ ਬਣਦਿਆਂ ਇਨ੍ਹਾਂ ਘਿਨਾਉਣੇ ਅਪਰਾਧਾਂ ਵਿਰੁੱਧ ਇਕਜੁੱਟ ਹੋ ਕੇ ਬੋਲਣਾ ਪਵੇਗਾ। ਮੈਂ ਕਦੇ ਸੁਫਨੇ ਵਿੱਚ ਵੀ ਨਹੀਂ ਸੋਚਿਆ ਸੀ ਕਿ ਪੰਜ ਮੁੰਡੇ ਮਿਲ ਕੇ ਇੱਕ ਨਾਬਾਲਗ ਕੁੜੀ ਨਾਲ ਬਲਾਤਕਾਰ ਕਰਨਗੇ ਤੇ ਫਿਰ ਉਸ ਨਾਲ ਦਰਿੰਦਗੀ ਭਰੀਆਂ ਹਰਕਤਾਂ ਕਰ ਕੇ ਉਸ ਨੂੰ ਮਰਨ ਲਈ ਛੱਡ ਕੇ ਭੱਜ ਜਾਣਗੇ। ਇੱਕ ਖਬਰ ਅਜਿਹੀ ਵੀ ਆਈ, ਜਦੋਂ ਲਾਸ਼ ਨਾਲ ਬਲਾਤਕਾਰ ਕੀਤਾ ਗਿਆ। ਅਜਿਹੇ ਸਮਾਜ ਦਾ ਅੰਗ ਹੋਣ 'ਤੇ ਮੈਨੂੰ ਆਪਣੇ ਆਪ 'ਤੇ ਬਹੁਤ ਅਫਸੋਸ ਹੁੰਦਾ ਹੈ। ਜੇ ਸਮਾਜ ਵਿੱਚ ਅਜਿਹੇ ਲੋਕ ਵਿਚਰ ਰਹੇ ਹਨ ਤੇ ਉਹ ਜੇਲ੍ਹ ਦੀਆਂ ਸੀਖਾਂ ਪਿੱਛੇ ਬੰਦ ਨਹੀਂ ਤਾਂ ਉਨ੍ਹਾਂ ਦੇ ਰਿਸ਼ਤੇਦਾਰਾਂ ਤੇ ਪਰਵਾਰਾਂ ਨੂੰ ਅੱਗੇ ਆ ਕੇ ਉਨ੍ਹਾਂ ਨੂੰ ਪੁਲਸ ਦੇ ਹਵਾਲੇ ਕਰਨਾ ਚਾਹੀਦਾ ਹੈ। ਫਿਰ ਪੁਲਸ ਨੂੰ ਅਜਿਹੇ ਲੋਕਾਂ ਨੂੰ ਮੌਤ ਦੀ ਸਜ਼ਾ ਦਿਵਾਉਣ ਦੇ ਯਤਨ ਕਰਨੇ ਚਾਹੀਦੇ ਹਨ, ਅਜਿਹੇ ਲੋਕਾਂ ਨੂੰ ਜਨਤਕ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ ਤੇ ਉਨ੍ਹਾਂ ਦੀ ਨਲਬੰਦੀ ਕੀਤੀ ਜਾਣੀ ਚਾਹੀਦੀ ਹੈ।

ਆਖਿਰ ਅਸੀਂ ਕਿੰਨੀਆਂ ਔਰਤਾਂ, ਕਿੰਨੇ ਬੱਚਿਆਂ ਤੇ ਕਿੰਨੇ ਨਾਬਾਲਗਾਂ ਦੀਆਂ ਜ਼ਿੰਦਗੀਆਂ ਅਜਿਹੇ ਅਪਰਾਧਾਂ ਦੀ ਭੇਟ ਚੜ੍ਹਾਉਂਦੇ ਰਹਾਂਗੇ? ਆਖਿਰ ਇਨ੍ਹਾਂ ਪੀੜਤਾਂ ਦਾ ਕਸੂਰ ਕੀ ਹੈ? ਕੁੜੀਆਂ ਹੀ ਨਹੀਂ, ਸਗੋਂ ਮੁੰਡਿਆਂ ਨੂੰ ਵੀ ਯੌਨ ਸ਼ੋਸ਼ਣ ਦੇ ਸ਼ਿਕਾਰ ਬਣਾਇਆ ਜਾਂਦਾ ਹੈ। ਸਕੂਲਾਂ, ਦਫਤਰਾਂ ਵਿੱਚ ਅਸੀਂ ਕਿੰਨੇ ਨਾਬਾਲਗ ਲੜਕਿਆਂ ਦੀਆਂ ਅਜਿਹੀਆਂ ਕਹਾਣੀਆਂ ਸੁਣਦੇ ਹਾਂ। ਇਹ ਲੜਕੇ ਖਾਸ ਤੌਰ 'ਤੇ ਗਰੀਬ ਵਰਗ ਨਾਲ ਸੰਬੰਧਤ ਹੁੰਦੇ ਹਨ ਤੇ ਆਪਣੀਆਂ ਲੋੜਾਂ ਕਾਰਨ ਯੌਨ ਸ਼ੋਸ਼ਣ ਕਰਨ ਵਾਲਿਆਂ ਦੇ ਚੁੰਗਲ ਵਿੱਚ ਫਸ ਜਾਂਦੇ ਹਨ। ਛੋਟੇ-ਛੋਟੇ ਅਹਿਸਾਨਾਂ ਦਾ ਵਾਅਦਾ ਕਰ ਕੇ ਉਨ੍ਹਾਂ ਦੀ 'ਇੱਜ਼ਤ' ਨਾਲ ਖਿਲਵਾੜ ਕੀਤਾ ਜਾਂਦਾ ਹੈ। ਘਰੇਲੂ ਨੌਕਰਾਂ ਵਜੋਂ ਤਾਂ ਮੁੰਡਿਆਂ ਤੇ ਕੁੜੀਆਂ ਦੋਵਾਂ ਨੂੰ ਹੀ ਸ਼ੋਸ਼ਣ ਦਾ ਸ਼ਿਕਾਰ ਹੋਣਾ ਪੈਂਦਾ ਹੈ। ਅਜਿਹੀਆਂ ਪਸ਼ੂਆਂ ਵਰਗੀਆਂ ਹਰਕਤਾਂ ਕਰਨ ਵਾਲੇ ਲੋਕਾਂ ਨੂੰ ਸਖਤ ਤੋਂ ਸਖਤ ਸਜ਼ਾ ਮਿਲਣੀ ਚਾਹੀਦੀ ਹੈ।

ਬ੍ਰਿਟੇਨ ਦੀ ਪ੍ਰਧਾਨ ਮੰਤਰੀ ਨੇ ਇਕਲਾਪੇ ਦੇ ਸ਼ਿਕਾਰ ਲੋਕਾਂ ਦੀ ਦੇਖਭਾਲ ਲਈ ਇੱਕ ਵਿਸ਼ੇਸ਼ ਮੰਤਰੀ ਨਿਯੁਕਤ ਕੀਤਾ ਹੋਇਆ ਹੈ। ਉਹ ਅਜਿਹੇ ਲੋਕਾਂ ਦਾ ਪੂਰਾ ਰਿਕਾਰਡ ਲੱਭਦੇ ਹਨ ਤੇ ਜੋ ਵਿਅਕਤੀ ਇਕੱਲਾ ਰਹਿ ਰਿਹਾ ਹੋਵੇ, ਚਾਹੇ ਉਹ ਜਵਾਨ ਹੋਵੇ ਜਾਂ ਬੁੱਢਾ, ਉਸ ਨੂੰ ਡਾਕਟਰੀ ਮਦਦ ਪੁਚਾਈ ਜਾਂਦੀ ਹੈ, ਉਸ ਨੂੰ ਦੇਖਭਾਲ ਲਈ ਵਿਸ਼ੇਸ਼ ਨਿਗਰਾਨੀ ਹੇਠ ਰੱਖਿਆ ਜਾਂਦਾ ਹੈ ਤੇ ਅਜਿਹੀਆਂ ਕਲਾਸਾਂ ਵਿੱਚ ਭੇਜਿਆ ਜਾਂਦਾ ਹੈ, ਜਿੱਥੇ ਉਹ ਨਵੇਂ ਦੋਸਤ ਬਣਾ ਸਕੇ। ਕੋਈ ਨਹੀਂ ਕਹਿ ਸਕਦਾ ਕਿ ਇਕਲਾਪਾ ਕਦੋਂ, ਕਿਸ ਵਿਅਕਤੀ ਨੂੰ ਅਪਰਾਧ ਕਰਨ ਲਈ ਪ੍ਰੇਰਿਤ ਕਰ ਦੇਵੇ, ਫਿਰ ਵੀ ਬ੍ਰਿਟੇਨ ਨੇ ਇੱਕ ਵਧੀਆ ਸ਼ੁਰੂਆਤ ਕਰ ਕੇ ਦਿਖਾ ਦਿੱਤਾ ਹੈ ਕਿ ਉਹ ਅਜਿਹਾ ਦੇਸ਼ ਹੈ, ਜਿਹੜਾ ਆਪਣੇ ਨਾਗਰਿਕਾਂ ਦੀ ਚਿੰਤਾ ਕਰਦਾ ਹੈ।

ਮੈਂ ਇਹ ਨਹੀਂ ਕਹਿ ਸਕਦੀ ਕਿ ਦੇਹ ਵਪਾਰ ਨੂੰ ਜਾਇਜ਼ ਕਰਾਰ ਦਿੱਤੇ ਜਾਣ ਨਾਲ ਕੋਈ ਹੱਲ ਨਿਕਲੇਗਾ ਜਾਂ ਨਹੀਂ, ਫਿਰ ਵੀ ਮੈਂ ਸੁਣਦੀ ਹਾਂ ਕਿ ਕਈ ਸੂਬੇ ਇਸ 'ਤੇ ਵਿਚਾਰ ਕਰ ਰਹੇ ਹਨ। ਬਲਾਤਕਾਰੀ ਚਾਹੇ ਬਾਲਗ ਹੋਵੇ ਜਾਂ ਨਾਬਾਲਗ, ਉਸ ਦੇ ਲਈ ਮੌਤ ਦੀ ਸਜ਼ਾ ਅੱਜ ਇੱਕ ਜ਼ਰੂਰਤ ਬਣ ਚੁੱਕੀ ਹੈ।

ਨਾਬਾਲਗ ਬੱਚੀਆਂ ਨੂੰ ਬਚਾਉਣ ਲਈ 'ਮਾਂ ਦਾ ਲਾਡਲਾ' ਵਾਲੀ ਮਾਨਸਿਕਤਾ ਤੋਂ ਉਪਰ ਉਠਣਾ ਪਵੇਗਾ। ਮੁੰਡਿਆਂ ਦੇ ਮਨ ਵਿੱਚ ਨੈਤਿਕਤਾ ਦੇ ਨਾਲ ਦੂਜਿਆਂ ਦਾ ਸਨਮਾਨ ਕਰਨ ਦੀ ਭਾਵਨਾ ਜਗਾਉਣੀ ਪਵੇਗੀ ਅਤੇ ਉਨ੍ਹਾਂ ਦੇ ਮਨ ਵਿੱਚ ਇਹ ਡਰ ਵੀ ਪੈਦਾ ਕਰਨਾ ਪਵੇਗਾ ਕਿ ਕਿਸੇ ਕੁੜੀ ਨਾਲ ਬੁਰਾ ਸਲੂਕ ਕਰਨ ਦੇ ਨਤੀਜੇ ਬਹੁਤ ਖਤਰਨਾਕ ਹੋ ਸਕਦੇ ਹਨ।

ਘਰ ਵਿੱਚ ਬੱਚਾ ਜਿਹੋ ਜਿਹੀ ਸਿਖਿਆ ਤੇ ਸੰਸਕਾਰ ਲੈਂਦਾ ਹੈ, ਉਸੇ ਨਾਲ ਉਸ ਦੀ ਜ਼ਿੰਦਗੀ ਦੀ ਦਿਸ਼ਾ ਤੈਅ ਹੁੰਦੀ ਹੈ। ਹਰ ਮਾਂ-ਪਿਓ ਨੂੰ ਆਪਣੇ ਬੇਟਿਆਂ ਨੂੰ ਇਹ ਸਿਖਿਆ ਦੇਣੀ ਪਵੇਗੀ ਕਿ ਔਰਤਾਂ ਤੇ ਕੁੜੀਆਂ ਤੋਂ ਬਿਨਾਂ ਦੁਨੀਆ ਕਿੰਨੀ ਸੁੰਨੀ ਹੋ ਜਾਵੇਗੀ। ਅੱਜ ਕੱਲ੍ਹ ਦੁਨੀਆ ਅੰਦਰ ਮੁੰਡਿਆਂ ਨਾਲੋਂ ਕੁੜੀਆਂ ਵੱਧ ਸਮਝਦਾਰ ਤੇ ਕੈਰੀਅਰ ਪ੍ਰਤੀ ਸਮਰਪਿਤ ਹਨ। ਆਪਣੇ ਬਜ਼ੁਰਗ ਮਾਂ-ਪਿਓ ਦੀ ਦੇਖਭਾਲ ਦੇ ਮਾਮਲੇ ਵਿੱਚ ਵੀ ਉਹ ਜ਼ਿਆਦਾ ਜ਼ਿੰਮੇਵਾਰੀ ਦਿਖਾਉਂਦੀਆਂ ਹਨ।

ਅੱਜ ਵੀ ਅਸੀਂ ਔਰਤਾਂ ਨੂੰ ਤਸੀਹੇ ਝੱਲਦੀਆਂ ਦੇਖਦੇ ਹਾਂ। ਸਮਾਜ ਇੱਕ ਬੱਚੀ ਨਾਲ ਮਨੁੱਖੀ ਵਰਤਾਓ ਕਿਉਂ ਨਹੀਂ ਕਰਦਾ? ਅੱਜ ਦੇ ਮਰਦ ਪ੍ਰਧਾਨ ਸਮਾਜ ਵਿੱਚ ਵਧਣ-ਫੁੱਲਣ ਦੀ ਕੋਸ਼ਿਸ਼ ਕਰ ਰਹੀ ਬੱਚੀ ਨੂੰ ਇੰਨੇ ਸਰੀਰਕ ਤੇ ਮਾਨਸਿਕ ਤਸੀਹੇ ਝੱਲਣੇ ਪੈਂਦੇ ਹਨ ਕਿ ਉਹ ਅਕਸਰ ਟੁੱਟ ਜਾਂਦੀ ਹੈ। ਸਤੀ ਪ੍ਰਥਾ ਤੋਂ ਲੈ ਕੇ ਦਾਜ ਲਈ ਮੌਤ ਤੇ ਕੰਨਿਆ ਭਰੂਣ ਹੱਤਿਆ ਤੱਕ ਔਰਤਾਂ ਨੂੰ ਉਹ ਸਭ ਕੁਝ ਅੱਜ ਵੀ ਝੱਲਣਾ ਪੈਂਦਾ ਹੈ, ਜੋ ਉਹ ਸਦੀਆਂ ਤੋਂ ਝੱਲਦੀਆਂ ਆਈਆਂ ਹਨ।

ਐਨ ਆਰ ਆਈ ਮੁੰਡੇ ਇਥੋਂ ਦੀਆਂ ਕੁੜੀਆਂ ਨਾਲ ਵਿਆਹ ਕਰਵਾ ਕੇ ਪਤਾ ਨਹੀਂ ਕਿੱਥੇ ਗਾਇਬ ਹੋ ਜਾਂਦੇ ਹਨ। ਅਜਿਹੇ ਵਿਆਹਾਂ ਨੇ ਪਤਾ ਨਹੀਂ ਕਿੰਨੀਆਂ ਮੁਟਿਆਰਾਂ ਦੇ ਸੁਫਨੇ ਚਕਨਾਚੂਰ ਕੀਤੇ ਅਤੇ ਉਨ੍ਹਾਂ ਦੀ ਜ਼ਿੰਦਗੀ ਹਮੇਸ਼ਾ ਲਈ ਬਰਬਾਦ ਕਰ ਦਿੱਤੀ ਹੈ। ਫਿਰ ਵੀ ਕੁੜੀਆਂ ਦੀ ਹਿੰਮਤ ਦੀ ਦਾਦ ਦੇਣ ਨੂੰ ਦਿਲ ਕਰਦਾ ਹੈ ਕਿ ਪ੍ਰੇਸ਼ਾਨੀ ਦੇ ਬਾਵਜੂਦ ਉਹ ਬਹੁਤ ਸਬਰ ਨਾਲ ਸਿਰ ਝੁਕਾਈ ਕੰਮ ਕਰਦੀਆਂ ਰਹਿੰਦੀਆਂ ਹਨ ਤੇ ਆਪਣੇ ਪਰਵਾਰਾਂ ਲਈ ਸਹਾਰਾ ਬਣੀਆਂ ਹੋਈਆਂ ਹਨ। ਉਨ੍ਹਾਂ ਦੇ ਦਿਮਾਗ ਵਿੱਚ ਸਿਰਫ ਇੱਕ ਗੱਲ ਹੁੰਦੀ ਹੈ ਕਿ ਉਨ੍ਹਾਂ ਦੇ ਪਰਵਾਰ ਦੇ ਮਰਦਾਂ ਨੂੰ ਸਮਾਜ ਵਿੱਚ ਉਨ੍ਹਾਂ ਕਾਰਨ ਅਪਮਾਨ ਦਾ ਸਾਹਮਣਾ ਕਰਨਾ ਪਵੇ। ਇਸ ਤਰ੍ਹਾਂ ਸਾਡੀਆਂ ਕੁੜੀਆਂ ਸਮਾਜ ਲਈ ਵੱਡੀ ਕੁਰਬਾਨੀ ਦੇ ਰਹੀਆਂ ਹਨ।

ਸਾਡੇ ਕਾਨੂੰਨਦਾਨਾਂ ਨੂੰ ਹਿੰਮਤ ਦਿਖਾਉਣ ਤੇ ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਕਾਨੂੰਨ ਦੀਆਂ ਕਮਜ਼ੋਰੀਆਂ ਤੇ ਚੋਰ ਰਾਹਾਂ ਦਾ ਲਾਭ ਉਠਾ ਕੇ ਬਲਾਤਕਾਰੀ ਤੇ ਜ਼ਾਲਮ ਬਚ ਕੇ ਨਾ ਨਿਕਲ ਸਕਣ। ਜਦੋਂ ਵੀ ਮੈਂ ਦੇਸ਼ ਦੀਆਂ ਅਖਬਾਰਾਂ ਵਿੱਚ ਬੱਚੀਆਂ ਬਾਰੇ ਇਹ ਪੜ੍ਹਦੀ ਹਾਂ ਕਿ ਉਹ 'ਦੇਵੀਆਂ' ਹਨ, ਕੰਜਕਾਂ ਹਨ, ਜੋ ਸਾਡੀ ਸੁੱਖ-ਸ਼ਾਂਤੀ ਤੇ ਖੁਸ਼ਹਾਲੀ ਲਈ ਹਮੇਸ਼ਾ ਕਾਮਨਾ ਕਰਦੀਆਂ ਹਨ, ਪਰ ਉਨ੍ਹਾਂ ਨਾਲ ਜਦੋਂ ਬੁਰਾ ਸਲੂਕ ਹੁੰਦਾ ਹੈ ਤਾਂ ਪੁਲਸ ਦੇ ਨਾਲ ਸਿਆਸਤਦਾਨਾਂ, ਕਾਨੂੰਨਦਾਨਾਂ ਤੇ ਜਾਂਚ ਏਜੰਸੀਆਂ ਨੂੰ ਵੀ ਮੁਸਤੈਦ ਹੋਣਾ ਚਾਹੀਦਾ ਹੈ ਕਿ ਅਪਰਾਧੀਆਂ ਨੂੰ ਕਿਸੇ ਵੀ ਕੀਮਤ 'ਤੇ ਦਬੋਚਣਾ

## ਹਲਕਾ ਫੁਲਕਾ

ਇੱਕ ਅੰਗਰੇਜ਼ੀ ਕਲਾਸ ਦਾ ਇਸ਼ਤਿਹਾਰ : 'ਇੱਕ ਮਹੀਨੇ ਵਿੱਚ ਫਟਾਫਟ ਅੰਗਰੇਜ਼ੀ ਬੋਲਣੀ ਸਿੱਖੋ। ਔਰਤਾਂ ਲਈ 50 ਫੀਸਦੀ ਦੀ ਛੋਟ।'
ਕਿਸੇ ਨੇ ਪੁੱਛਿਆ, ''ਆਦਮੀਆਂ ਤੇ ਔਰਤਾਂ ਦੇ ਸਮਾਨਤਾ ਵਾਲੇ ਇਸ ਜ਼ਮਾਨੇ ਵਿੱਚ ਔਰਤਾਂ ਨੂੰ ਛੋਟ ਕਿਉਂ?''
ਕਲਾਸ ਵਾਲੇ, ''...ਕਿਉਂਕਿ ਔਰਤਾਂ ਨੂੰ ਫਟਾਫਟ ਬੋਲਣਾ ਪਹਿਲਾਂ ਹੀ ਆਉਂਦਾ ਹੈ, ਅੰਗਰੇਜ਼ੀ ਹੀ ਸਿਖਾਉਣੀ ਹੈ।''

********

ਪਤੀ, ''ਜਦੋਂ ਮੈਂ ਇੰਨਾ ਹੀ ਖਰਾਬ ਹਾਂ ਤਾਂ ਅਗਲੇ ਜਨਮ ਲਈ ਕਿਉਂ ਮੰਗ ਰਹੀ ਏਂ?''
ਪਤਨੀ, ''ਇੰਨਾ ਸੁਧਾਰਨ ਤੋਂ ਬਾਅਦ ਕਿਸੇ ਹੋਰ ਨੂੰ ਕਿਉਂ ਦੇਵਾਂ?''

********

ਪਤੀ-ਪਤਨੀ ਦਾ ਝਗੜਾ ਹੋ ਰਿਹਾ ਸੀ। ਪਤਨੀ ਗੁੱਸੇ ਵਿੱਚ ਬੋਲੀ, ''ਦੇਖ ਲੈਣਾ, ਤੁਹਾਨੂੰ ਤਾਂ ਨਰਕ ਵਿੱਚ ਵੀ ਜਗ੍ਹਾ ਨਹੀਂ ਮਿਲੇਗੀ।''
ਪਤੀ, ''ਠੀਕ ਹੈ, ਉਂਝ ਵੀ ਮੈਂ ਹਰ ਜਗ੍ਹਾ ਤੇਰੇ ਨਾਲ ਹੀ ਨਹੀਂ ਜਾਣਾ ਚਾਹੁੰਦਾ।''

********

ਰਾਜੇਸ਼ (ਵਿਕੂਲ ਨੂੰ), ''ਦੇਖਿਆ, ਮੈਂ ਤੈਨੂੰ ਇਸ ਹਨੇਰੇ ਵਿੱਚ ਵੀ ਪਛਾਣ ਲਿਆ ਹੈ।''
ਵਿਕੂਲ, ''ਓਏ, ਤਦੇ ਹੀ ਤਾਂ ਮਾਸਟਰ ਜੀ ਤੈਨੂੰ ਉਲੂ ਕਹਿੰਦੇ ਹਨ।''

********

ਟੀਚਰ (ਮਿੰਨੀ ਨੂੰ), ''ਅੱਜ ਸਕੂਲ ਦੇਰ ਨਾਲ ਆਉਣ ਦਾ ਤੂੰ ਕੀ ਬਹਾਨਾ ਘੜਿਆ ਹੈ?''
ਮਿੰਨੀ, ''ਸਰ, ਅੱਜ ਮੈਂ ਇੰਨੀ ਤੇਜ਼ ਦੌੜ ਕੇ ਸਕੂਲ ਆਈ ਕਿ ਮੈਨੂੰ ਬਹਾਨਾ ਸੋਚਣ ਦਾ ਮੌਕਾ ਹੀ ਨਹੀਂ ਮਿਲਿਆ।''

********

ਪਤਨੀ ਨੇ ਸਵੇਰੇ ਸਵੇਰੇ ਕਿਹਾ, ''ਅੱਧਾ ਸਿਰ ਦਰਦ ਹੋ ਰਿਹਾ ਹੈ।''
ਪਤੀ ਨੇ ਗਲਤੀ ਨਾਲ ਕਹਿ ਦਿੱਤਾ, ''ਜਿੰਨਾ ਹੈ, ਓਨਾ ਹੀ ਤਾਂ ਦੁਖੇਗਾ।''
ਏਨੀ ਗੱਲ ਕਹਿਣ ਵੇਲੇ ਤੋਂ ਪਤੀ ਦਾ ਪੂਰਾ ਸਰੀਰ ਦੁੱਖ ਰਿਹਾ ਹੈ।

********

# ਅੱਜ ਕੱਲ੍ਹ ਤਾਂ ਛੱਜ ਵੀ ਨਹੀਂ ਬੋਲਦਾ...

-ਹਰਪ੍ਰੀਤ ਸਿੰਘ ਸਵੈਚ

ਪੰਜਾਬੀ ਦੀ ਇਕ ਪ੍ਰਸਿੱਧ ਕਹਾਵਤ ਹੈ 'ਛੱਜ ਤਾਂ ਬੋਲੇ, ਛਾਨਣੀ ਕਿਉਂ ਬੋਲੇ, ਜਿਸ ਵਿਚ ਨੌਂ ਸੌ ਛੇਕ', ਪਰ ਅਜੋਕੇ ਸਮੇਂ ਦੇ ਹਾਲਾਤ ਨੂੰ ਦੇਖਦੇ ਹੋਏ ਇਹ ਕਹਾਵਤ ਇਸ ਤਰ੍ਹਾਂ ਕਹਿਣ ਨੂੰ ਦਿਲ ਕਰਦਾ ਹੈ, 'ਛਾਨਣੀ ਨੂੰ ਛੱਡੋ, ਅੱਜਕੱਲ੍ਹ ਤਾਂ ਛੱਜ ਵੀ ਨਹੀਂ ਬੋਲਦਾ।' ਵਿਗਿਆਨਕ ਤਰੱਕੀ ਦੀ ਦੌੜ ਨੇ ਵਿਚਾਰੇ ਛੱਜ ਨੂੰ ਬੋਲਣ ਜੋਗਾ ਛੱਡਿਆ ਹੀ ਨਹੀਂ।

ਆਧੁਨਿਕ ਮਸ਼ੀਨੀ ਯੁੱਗ ਤੇ ਹਫੜਾ-ਦਫੜੀ ਵਾਲੀ ਜ਼ਿੰਦਗੀ ਵਿਚ ਜਿੱਥੇ ਪੰਜਾਬੀ ਸੱਭਿਆਚਾਰ ਖੁਰਦਾ ਨਜ਼ਰ ਪੈਂਦਾ ਹੈ ਤੇ ਪੰਜਾਬੀ ਜਨ-ਜੀਵਨ ਦਾ ਅਟੁੱਟ ਹਿੱਸਾ ਰਹੀਆਂ ਵਸਤਾਂ ਵੀ ਆਪਣਾ ਆਧਾਰ ਗੁਆ ਰਹੀਆਂ ਲੱਗਦੀਆਂ ਹਨ। ਕਿਸੇ ਵੇਲੇ ਸਾਡੇ ਘਰਾਂ ਦਾ ਸ਼ਿੰਗਾਰ ਰਿਹਾ ਛੱਜ ਅੱਜ ਸਿਰਫ਼ ਅਜਾਇਬ ਘਰਾਂ ਦਾ ਸ਼ਿੰਗਾਰ ਬਣ ਕੇ ਰਹਿ ਗਿਆ ਹੈ।

ਪੁਰਾਤਨ ਸਮਿਆਂ ਵਿਚ ਛੱਜ ਬਣਾਉਣਾ ਵੀ ਪੰਜਾਬੀ ਲੋਕਾਂ ਦਾ ਪ੍ਰਸਿੱਧ ਕਿੱਤਾ ਰਿਹਾ ਹੈ। ਕਾਨਿਆਂ ਅਤੇ ਬਾਂਸ ਨੂੰ ਚਮੜੇ ਨਾਲ ਗੰਢ ਕੇ ਛੱਜ ਬਣਾਉਣ ਵਾਲਿਆਂ ਨੂੰ ਛੱਜ ਘਾੜੇ ਕਿਹਾ ਜਾਂਦਾ ਸੀ। ਛੱਜ ਘਾੜਿਆਂ ਦਾ ਪੂਰਾ ਪਰਿਵਾਰ ਮਿਲ ਕੇ ਛੱਜ ਬਣਾਉਂਦਾ ਹੁੰਦਾ ਸੀ। ਰਿਵਾਇਤੀ ਖੇਤੀ ਵਿਚ ਦਾਣਿਆਂ ਨੂੰ ਛੰਡਣ ਲਈ ਛੱਜ ਦਾ ਅਹਿਮ ਸਥਾਨ ਹੁੰਦਾ ਹੈ। ਛੱਜ ਨਾਲ ਦਾਣੇ ਛੰਡ ਕੇ ਸਾਫ਼ ਕੀਤੇ ਜਾਂਦੇ ਸੀ। ਕਣਕ, ਛੋਲੇ, ਦਾਲਾਂ ਆਦਿ ਛੱਜ ਨਾਲ ਹੀ ਛੰਡੀਆਂ ਜਾਂਦੀਆਂ ਸਨ। ਅੱਜ ਪਿੰਡਾਂ ਵਿਚ ਸ਼ਾਇਦ ਹੀ ਕਿਸੇ ਘਰ ਵਿਚ ਸੁਆਣੀਆਂ ਦਾਣੇ ਛੰਡਣ ਲਈ ਛੱਜ ਨੂੰ ਵਰਤਦੀਆਂ ਹੋਣਗੀਆਂ। ਅਜੋਕੇ ਯੁੱਗ ਵਿਚ ਛੱਜ ਦੇ ਨਾਲ-ਨਾਲ ਇਹ ਲੋਕ-ਕਿੱਤਾ ਵੀ ਲਗਪਗ ਲੋਪ ਹੋ ਗਿਆ ਹੈ।

ਘਰੇਲੂ ਕੰਮਾਂ-ਕਾਰਾਂ ਵਿਚ ਵਰਤੇ ਜਾਣ ਤੋਂ ਇਲਾਵਾ ਛੱਜ ਦਾ ਸੱਭਿਆਚਾਰਕ ਮਹੱਤਵ ਵੀ ਬਹੁਤ ਜ਼ਿਆਦਾ ਹੈ। ਪੰਜਾਬੀ ਲੋਕਧਾਰਾ ਦੀਆਂ ਬੋਲੀਆਂ, ਕਹਾਵਤਾਂ, ਮੁਹਾਵਰਿਆਂ, ਕਵਿਤਾਵਾਂ ਤੇ ਗੀਤਾਂ ਆਦਿ ਵਿਚ ਵੀ ਛੱਜ ਦਾ ਜ਼ਿਕਰ ਆਮ ਮਿਲਦਾ ਹੈ। ਨਾਨਕਾ ਮੇਲ ਮੌਕੇ ਦਿੱਤੀ ਜਾਣ ਵਾਲੀ ਸਿੱਠਣੀ 'ਛੱਜ ਓਹਲੇ ਛਾਨਣੀ, ਪਰਾਤ ਓਹਲੇ ਤਵਾ, ਨਾਨਕੀਆਂ ਦਾ ਮੇਲ ਆਇਆ ਜਿਉਂ ਬਾਜ਼ੀਗਰਾਂ ਦਾ ਰਵਾ' ਬੜਾ ਪ੍ਰਸਿੱਧ ਹੈ। ਅੱਜ ਵੀ ਜਦੋਂ ਕਿਸੇ ਪ੍ਰੋਗਰਾਮ ਵਿੱਚ ਪੰਜਾਬੀ ਸੱਭਿਆਚਾਰ ਦੀ ਤਸਵੀਰ ਪੇਸ਼ ਕਰਨੀ ਹੁੰਦੀ ਹੈ ਤਾਂ ਛੱਜ ਨਾਲ ਦਾਣੇ ਛੱਟਦੀਆਂ ਮੁਟਿਆਰਾਂ ਨੂੰ ਸਭ ਤੋਂ ਪਹਿਲਾਂ ਪੇਸ਼ ਕੀਤਾ ਜਾਂਦਾ ਹੈ।

ਸਾਡੇ ਰੀਤੀ ਰਿਵਾਜਾਂ ਵਿਚ ਵੀ ਛੱਜ ਦਾ ਅਹਿਮ ਸਥਾਨ ਹੈ। ਵਿਆਹ ਤੇ ਨਾਨਕਾ ਮੇਲ ਵਿਚ ਛੱਜ ਦੀ ਭੂਮਿਕਾ ਕਿਸੇ ਤੋਂ ਲੁਕੀ ਨਹੀਂ। ਪੁਰਾਤਨ ਸਮਿਆਂ ਵਿਚ ਨਾਨਕਿਆਂ ਵੱਲੋਂ ਨਾਨਕ ਛੱਕ ਵਜੋਂ ਦਿੱਤੇ ਸਾਮਾਨ ਜਾਂ ਟੂਮਾਂ ਨੂੰ ਛੱਜ ਵਿਚ ਪਾ ਕੇ ਹੀ ਸਕੇ ਸਬੰਧੀਆਂ ਨੂੰ ਦਿਖਾਇਆ ਜਾਂਦਾ ਸੀ। ਘਰ ਵਾਲੇ ਛੱਜ ਵਿਚ ਪਏ ਸਾਮਾਨ ਨੂੰ ਸਾਂਭ ਲੈਂਦੇ ਤੇ ਖਾਲੀ ਛੱਜ ਨਾਨਕਿਆਂ ਦੇ ਹਵਾਲੇ ਕਰ ਦਿੰਦੇ ਹਨ। ਛੱਜ ਦੀ ਸ਼ਾਮਤਰਾਤ ਨੂੰ ਜਾਗੋ ਕੱਢਣ ਵੇਲੇ ਆਉਂਦੀ ਹੈ। ਕਿਤੇ ਕਿਤੇ ਛੱਜ ਨੂੰ ਭਿਉਂ ਕੇ ਰੱਖਣ ਦਾ ਰਿਵਾਜ ਵੀ ਸੀ ਤਾਂ ਜੋ ਨਾਨਕੀਆਂ ਇਸ ਨੂੰ ਤੋੜ ਨਾ ਸਕਣ। ਰਾਤ ਨੂੰ ਜਾਗੋ ਕੱਢਦੇ ਸਮੇਂ ਮੁਟਿਆਰਾਂ ਇਕ ਹੱਥ ਵਿਚ ਛੱਜ ਫੜ ਕੇ ਦੂਜੇ ਹੱਥ ਦੇ ਡੰਡੇ ਨਾਲ ਛੱਜ ਨੂੰ ਕੁੱਟ-ਕੁੱਟ ਇਸ ਦਾ ਤੀਲਾ ਤੀਲਾ ਕਰ ਦਿੰਦੀਆਂ ਸਨ। ਫਿਰ ਕੋਈ ਸੁਆਣੀ ਕਹਿੰਦੀ ਕਿ ਬੱਸ ਕਰੋ, ਛੱਜ ਪੂਰਿਆ ਗਿਆ। ਅੱਜਕੱਲ੍ਹ ਜਾਗੋ ਵਿਚ ਸਿਰਫ਼ ਦਿਖਾਵੇ ਮਾਤਰ ਹੀ ਛੱਜ ਤੋੜਿਆ ਜਾਂਦਾ ਹੈ।

ਇਸ ਨਾਲ ਕੁਝ ਲੋਕ ਵਿਸ਼ਵਾਸ ਵੀ ਜੁੜੇ ਹੋਏ ਸਨ। ਪੁਰਾਤਨ ਸਮਿਆਂ ਵਿਚ ਬਹੁਤੀ ਜਾਗਰੂਕਤਾ ਨਾ ਹੋਣ ਕਾਰਨ ਇਹ ਮੰਨਿਆ ਜਾਂਦਾ ਸੀ ਕਿ ਤਿੰਨ ਕੁੜੀਆਂ ਤੋਂ ਬਾਅਦ ਹੋਇਆ ਮੁੰਡਾ ਜਾਂ ਤਿੰਨ ਮੁੰਡਿਆਂ ਪਿੱਛੋਂ ਜੰਮੀ ਧੀ ਮਾਂ-ਪਿਓ ਲਈ ਅਸ਼ੁੱਭ ਹੁੰਦੀ ਹੈ। ਅਜਿਹੇ ਬੱਚੇ ਦੀ ਅਸ਼ੁੱਭਤਾ ਦੂਰ ਕਰਨ ਲਈ ਉਸ ਨੂੰ ਛੱਜ ਪਾੜ ਕੇ ਉਸ ਵਿਚੋਂ ਲੰਘਾਇਆ ਜਾਂਦਾ ਸੀ। ਇਸੇ ਤਰ੍ਹਾਂ ਜੇ ਪਿੰਡ ਵਿਚ ਦੋ ਧਿਰਾਂ ਦੀ ਲੜਾਈ ਹੋ ਜਾਵੇ ਤੇ ਦੋਵੇਂ ਹੀ ਬਰਾਬਰ ਦੇ ਕਸੂਰਵਾਰ ਹੋਣ ਤਾਂ ਦੋਹਾਂ ਧਿਰਾਂ ਨੂੰ ਲਾਅਨਤਾਂ ਪਾਉਣ ਲਈ ਗਲੀ ਮੁਹੱਲੇ ਵਾਲੇ ਦੋਹਾਂ ਘਰਾਂ ਅੱਗੇ ਦੋਹਾਂ ਦਾ ਛੱਜ ਭਰ ਕੇ ਸੁੱਟ ਦਿੰਦੇ ਤੇ ਨਾਲੇ ਟੱਪਾ ਗਾਉਂਦੇ ਸਨ 'ਛੱਜ ਭਰਿਆ ਤੋਹਾਂ ਦਾ, ਫਿੱਟੇ ਮੂੰਹ ਦੋਹਾਂ ਦਾ।'

ਪਿੰਡਾਂ ਦੇ ਹਰ ਘਰ ਵਿਚ ਆਮ ਮਿਲਣ ਵਾਲਾ ਛੱਜ ਅੱਜ ਦੁਕਾਨਾਂ ਵਿਚ ਸ਼ੋਅ ਪੀਸ ਵਾਂਗ ਪਿਆ ਆਪਣੇ ਸੁਨਹਿਰੀ ਸਮੇਂ ਨੂੰ ਯਾਦ ਕਰਦਾ ਦਿਖਾਈ ਦਿੰਦਾ ਹੈ। ਬੇਸ਼ੱਕ ਅਜਿਹੀਆਂ ਪੁਰਾਤਨ ਵਸਤਾਂ ਦੀ ਅੱਜ ਦੇ ਵਿਗਿਆਨਕ ਯੁੱਗ ਵਿਚ ਕੋਈ ਬਹੁਤੀ ਵਰਤੋਂ ਨਹੀਂ ਰਹੀ, ਫਿਰ ਵੀ ਆਪਣੇ ਵਿਰਸੇ ਨਾਲ ਜੋੜਨ ਲਈ ਸਾਨੂੰ ਆਪਣੇ ਬੱਚਿਆਂ ਨੂੰ ਇਨ੍ਹਾਂ ਪੁਰਾਤਨ ਚੀਜ਼ਾਂ ਬਾਰੇ ਜਾਣਕਾਰੀ ਜ਼ਰੂਰ ਦੇਣੀ ਚਾਹੀਦੀ ਹੈ।

OPEN UNTIL DEC. 22nd

# Samko & Miko Toy AND Book Warehouse Sale

1000's OF TOYS

# SPECTACULAR BLOW OUT CHRISTMAS TOY SALE!!!




# 50-80% OFF REGULAR RETAIL PRICES!!!

**OPEN EVERY DAY**
until
December 22nd
2019

**HOURS**

| | |
|---|---|
| Mon | 10am - 4pm |
| Tues | 10am - 4pm |
| Wed | 10am - 4pm |
| Thurs | 10am - 8pm |
| Fri | 10am - 8pm |
| Sat | 10am - 5pm |
| Sun | 11am - 5pm |

**2 LOCATIONS**

**ETOBICOKE**
77 Fima Crescent
(416) 532-1114

**RICHMOND HILL**
60 East Beaver Creek Rd
(905) 771-8714

CASH • VISA • MASTERCARD
INTERAC • NO CHEQUES
ALL SALES FINAL
---
NO REFUNDS OR EXCHANGES
If any toy does not work we will gladly replace it

Flyer specials available in store and while quantities last. Most toys available online at www.samkotoys.ca


www.BramptonTopRelator.com
JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage
Off: 905-456-3232
Other Realtors only Promise
But JAG AUJLA SOLD YOUR HOME WITH
GUARANTEED
OR HE'LL BUY IT!*
*Some Conditions Apply
Call For a Quick & Free Home Evaluation
www.BramptonQuickHomeEvaluation.com
Urgently Need New Listing in Brampton/ GTA Call Jag Today To Sell Your Property For Top $$$ & Accurate Price
SOLD
BRAMPTON $679,905
ਚਿੰਗਕੁਜ਼ੀ/ਵੀਲੀਅਮ ਪਾਕ੍ਰਵੇ
SOLD $20,000 OVER ASKING PRICE
BRAMPTON $644,905
ਬਰੈਮਲੀ ਰੋਡ/ ਸੈਂਡਲਵੁਡ
ਬਹੁਤ ਸੋਹਣਾ 3+3 ਬੈਡਰੂਮ ਐਡ 5 ਵਾਸ਼ਰੂਮ ਦੇ ਡਿਟੈਚਡ ਡਬਲ ਸਟੋਰੀ ਘਰ ਨੂੰ ਫਿਨਿਸ਼ਡ ਬੈਸਮੈਂਟ, 4 ਕਾਰਾਂ ਦੀ ਪਾਕ੍ਰਿੰਗ ਆਲਾ ਗਰਾਜ ਤੇ ਬਹੁਤ ਸਾਰੀਆਂ ਅਪਗ੍ਰੇਡਸ, ਵੂਡ ਫਲੋਰ, ਨਵੇਂ ਰੂਫ ਸ਼ਿੰਗਲ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬੱਸ ਸਟਾਪ, ਆਦਿ ਸਹੂਲਤਾਂ ਦੇ ਨੇੜੇ।
BRAMPTON $849,905
ਵੈਨਲੈਸ/ਵੈਨ ਕ੍ਰਕ
ਸਾਫ-ਸੁਥਰਾ 4 ਬੈਡਰੂਮ ਤੇ 4 ਵਾਸ਼ਰੂਮਾਂ ਦਾ ਡਿਟੈਚ ਘਰ, ਹਾਰਡਵੁਡ ਫਲੋਰ, ਡਬਲ ਡੋਰ ਇੰਨਟਰੈਂਸ, ਸਟੇਨਲੈਸ ਸਟੀਲ ਅਪਲਾਇੰਸਿਸ, ਮੇਨ ਫਲੋਰ ਨੂੰ 9 ਫੁੱਟ ਸਿਲਿੰਗ, ਸੋਹਣੀ ਇਟ ਇੰਨ ਕਿੱਚਨ, ਸਕੂਲ, ਪਾਰਕ, ਪਲਾਜ਼ਾ ਆਦਿ ਸਹੂਲਤਾਂ ਦੇ ਨੇੜੇ।
3 Car Garage
BRAMPTON
ਗੋਰਵੇ/ਕੰਟਰੀਸਾਇਡ
ਸੋਹਣਾ ਤੇ ਸਾਫ ਸੁਥਰਾ 4 ਬੈਡਰੂਮ (approx.4100 sqft), 5 ਵਾਸ਼ਰੂਮ ਵਾਸ਼ਰੂਮ ਦਾ ਡਿਟੈਚਡ ਘਰ, ਬੈਸਮੈਂਟ ਨੂੰ ਸੇਪਰੇਟ ਇੰਟਰੈਂਸ, ਬਹੁਤ ਸਾਰੀਆਂ ਅਪਗਰੇਡਜ਼ , 3 ਕਾਰ ਗਰਾਜ, ਸਟੇਨਲੈਸ ਸਟੀਲ ਅਪਲਾਇੰਸਿਸ, ਸਕੂਲ, ਪਾਰਕ, ਪਲਾਜ਼ਾ ਆਦਿ ਸਹੂਲਤਾਂ ਦੇ ਨੇੜੇ।
3 Car Garage
BRAMPTON $1,679,905
ਕਵੀਨ/ਮਿਸੀਸਾਗਾ ਰੋਡ
ਬਹੁਤ ਹੀ ਵਧੀਆ 5+1 ਬੈਡਰੂਮ (approx.5000 sqft) , 5 ਵਾਸ਼ਰੂਮ ਦਾ ਘਰ ਜਿਸ ਨੂੰ ਕਿ +3 ਕਾਰ ਗਰਾਜ, +7 ਕਾਰਾਂ ਦੀ ਬਾਹਰ ਪਾਰਕਿੰਗ, ,10 ਫੁੱਟ ਸੀਲਿੰਗ, ਦੂਸਰਾ ਫਲੋਰ ਤੇ ਬੇਸਮੈਂਟ 9 ਫੁੱਟ ਸੀਲਿੰਗ, ਲੋਡਡ ਵਿਦ ਟਨਸ ਆਫ ਅਪਗ੍ਰੇਡਜ਼, 90 ਪੋਟ ਲਾਈਟਸ,ਹਾਰਡਵੁਡ ਫਲੋਰ, ਆਦਿ ਸਹੂਲਤਾਂ ਦੇ ਨੇੜੇ।
GUELPH $529,905
ਗਲਫ, ਓਨਟਾਰੀਓ
ਗੁਰੂ ਘਰ ਦੇ ਨੇੜੇ, 6 ਸਾਲ ਪੁਰਾਣਾ ਤੇ ਸਾਫ-ਸੁਥਰਾ 3 ਬੈਡਰੂਮ , 4 ਵਾਸ਼ਰੂਮ ਦਾ ਸੈਮੀ ਡਿਟੈਚ, ਡਬਲ ਸਟੋਰੀ ਕਾਂਡੋ ਟਾਊਨ-ਹਾਊਸ। ਫੀਨਿਸ਼ਡ ਬੈਸਮੈਂਟ ਵਿੱਚ rec room, ਲੈਮੀਨੇਟਡ ਫਲੋਰ, ਮਾਸਟਰ ਬੈਡਰੂਮ ਨੂੰ 4 ਪੀਸ ਇਨ ਸੂਟ ਤੇ ਵਾਕ ਇਨ ਕਲੋਜ਼ਟ, ਸਕੂਲ, ਪਲਾਜ਼ਾ, ਆਦਿ ਦੇ ਨੇੜੇ।


Grand Upholstery Ltd
Sofa Company Originality in Every Piece
Special on Sale
ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜ਼ਾਇਨ ਅਤੇ ਰੰਗ ਚੁਣ ਸਕਦੇ ਹੋ।
ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 Williams Pkwy, Unit -45, Brampton | Email: grandupholstery@gmail.com


NU WAY TOUR & TRAVELS INC.
ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ
AIR TICKETS
CRUISES
VACATIONS
TRAVEL INSURANCE
International & Domestic Air Tickets
• Cheapest Air Fares
• Price Match Guaranteed
• 24/7 Emergency Services
• Reliable & Excellent Customer Service
• 100% Customer Satisfaction
Travel Worry Free With Insurance
• Super Visa Insurance
• Visitor to Canada
• Trip Cancellation
• Trip Interruption
Manulife
Call Us For Guaranteed Lowest Airfare
ANY Airline Time Destination
Around the World
7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com
E-mail- info@nuwaytravels.com


Auto | Home | Commercial & Business Insurance
10 ਸਾਲਾਂ ਤੋਂ ਵੱਧ ਦਾ ਤਜ਼ਰਬਾ
Arvinder Aujla
Account executive
416-566-4232
Competitive & Best Rates
Deals with more than 15 Insurance Companies
aujla@connexinsurance.com
Get Combo Package for Auto & Home Plus get a 15%-20% discount
7050 Bramalea Rd, Unit 12, Mississauga, ON L5S 1T1
CONNEX


New City Pizza & Kamal Sandhu Real Estate Present
BHANGRA ਭੰਗੜਾ FITNESS
ENJOY DANCING, STAY FIT
647.685.1685
www.BhangraFitness.ca | bhangrafitness1@gmail.com
Offering Bhangra Classes For All Ages
Now Open 6 Days a Week
50 Lacoste Blvd, Unit-112 Brampton, ON L6P 3Z8


REXDALE BODY SHOP
USED CAR SALE
Specialization In:
All Kinds of Body Work
Auto Glass Windshield
Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Call Rick or Manminder Cheema: 416.749.9596 / 416.951.6431
Towing Service Car Paint Starts $799* upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com


IFS
INTERSTATE FREIGHT SYSTEMS INC.
A/Z ਡਰਾਈਵਰਾਂ ਦੀ ਲੋੜ
USA, Montreal, Montreal Local Within Ontario
ਤੇ Local GTA ਤੇ Cambridge ਵਾਸਤੇ AZ ਡਰਾਇਵਰਾਂ ਦੀ ਲੋੜ ਹੈ
Also Hiring Owner Operators for local work & US
2 ਸਾਲ ਦਾ Experience, USA ਵਾਸਤੇ Fast Card ਜ਼ਰੂਰੀ ਹੈ
ਡਰਾਇਵਰਾਂ ਦਾ CVOR Abstract ਚਾਹੀਦਾ ਹੈ
Please send resume at:
safety@interstatefreightsystems.com
Call: 416-452-0677